ਕੈਨੇਡਾ ਦਰਪਣ

ਜਨਵਰੀ 27, 1984

January 27, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

East Indian Community Newspaper

Second Class Mail - Reg. No. 5991

ਹਫ਼ਤੇਵਾਰ

ਕੀਮਤ 30¢

Out of Greater Vancouver
Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

VOL. 3 No. 4 Weekending Jan. 27, 1984
Editor's Res. PHONE. (604)321-6360

The Canada Darpan
Punjabi Weekly Newspaper

ਕਾਂਗਰਸ ਹਾਈ ਕਮਾਂਡ ਦਾ ਫੈਸਲਾ

ਪੰਜਾਬ ਵਿਚ ਕਾਂਗਰਸ ਵਜ਼ਾਰਤ ਨਹੀਂ ਬਣੇਗੀ

ਨਵੀਂ ਦਿੱਲੀ—ਪੰਜਾਬ ਵਿਚ ਮੁੜ ਕਾਂਗਰਸੀ ਵਜ਼ਾਰਤ ਬਣਨ ਦੀਆਂ ਅਫਵਾਹਾਂ ਨਿਰਮੂਲ ਸਾਬਤ ਹੋਈਆਂ ਹਨ। ਸਾਡੇ ਪੱਤਰ ਪ੍ਰੇਰਕ ਅਨੁਸਾਰ ਕਾਂਗਰਸ ਹਾਈ ਕਮਾਂਡ ਨੇ ਫੈਸਲਾ ਕਰ ਲਿਆ ਹੈ ਕਿ ਪੰਜਾਬ ਵਿਚ ਵਜ਼ਾਰਤ ਬਣਾਉਣਾ ਇਸ ਸਮੇਂ ਗੰਭੀਰ ਸਿੱਟੇ ਕੱਢ ਸਕਦਾ ਹੈ। ਇਸ ਲਈ ਪੰਜਾਬ ਵਿਚ ਜਲਦੀ ਕਾਂਗਰਸੀ ਵਜ਼ਾਰਤ ਬਣਨ ਦੀ ਬਿਲਕੁਲ ਸੰਭਾਵਨਾ ਨਹੀਂ।

ਅਕਤੂਬਰ ਵਿਚ ਪ੍ਰਧਾਨਗੀ ਰਾਜ ਲਾਗੂ ਕਰਨ ਤੋਂ ਪਿਛੋਂ ਪੁਲਸ ਦੀਆਂ ਕਾਰਵਾਈਆਂ ਵਿਚ ਅੱਗੇ ਨਾਲੋਂ ਤੇਜ਼ੀ ਆਈ ਹੈ। ਪੰਜਾਬ ਵਿਚ ਅਤਿਵਾਦੀਆਂ ਦੇ ਨਾਂ ਥੱਲੇ ਕੰਮ ਕਰ ਰਿਹਾ ਸਮਾਜ-ਵਿਰੋਧੀ ਅਨਸਰ ਕਾਫੀ ਹੱਦ ਤੱਕ ਫੜਿਆ ਜਾ ਚੁਕਾ ਹੈ ਤੇ ਜੋ ਬਾਕੀ ਹੈ ਉਹ ਆਪਣੀ ਜਾਨ ਬਚਾਉਣ ਲਈ ਦੂਜੇ ਸੂਬਿਆਂ ਵਿਚ ਜਾ ਖਿਡਿਆ ਹੈ।

ਦੂਜੇ ਕਾਂਗਰਸੀ ਲੀਡਰ ਇਹ ਸਮਝਦੇ ਹਨ ਕਿ ਪੰਜਾਬ ਵਿਚ ਮੁੜ ਕਾਂਗਰਸ ਦੀ ਵਜ਼ਾਰਤ ਬਣਨ ਨਾਲ ਕਾਂਗਰਸ ਵਿਚਲੇ ਧੜੇ ਮੁੜ ਸਰਗਰਮ ਹੋ ਜਾਣਗੇ ਅਤੇ ਇਸ ਤਰ੍ਹਾਂ ਆਉਣ ਵਾਲੀਆਂ ਚੋਣਾਂ ਤੱਕ ਕਾਂਗਰਸ ਦੇ ਮੁੜ ਚੁਣੇ ਜਾਣ ਉਤੇ ਗਹਿਰਾ ਅਸਰ ਪਵੇਗਾ। ਰਾਜਨੀਤਕ ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈ ਕਮਾਂਡ ਦੇ ਬਹੁਤੇ ਮੈਂਬਰ ਸਮਝਦੇ ਹਨ ਕਿ ਮੌਜੂਦਾ ਵਿਧਾਇਕਾਂ ਵਿਚ ਇਕ ਵੀ ਅਜਿਹਾ ਲੀਡਰ ਨਹੀਂ ਹੈ ਜੋ ਮਾਝਾ, ਮਾਲਵਾ ਤੇ ਦੁਆਬਾ ਦੇ ਆਧਾਰ ਤੇ ਪਹਿਲਾਂ ਹੀ ਵੰਡੇ ਗਏ ਵਿਧਾਇਕਾਂ ਨੂੰ ਇਕ ਥਾਂ ਇਕੱਠਾ ਕਰ ਸਕੇ। ਤੀਜਾ ਮੁਖ ਕਾਰਨ ਸ਼ਰੋਮਣੀ ਅਕਾਲੀ ਦਲ ਵਲੋਂ 27 ਜਨਵਰੀ ਤੋਂ ਤੇਜ਼ ਕੀਤੇ ਜਾਣ ਵਾਲਾ ਮੋਰਚਾ ਹੈ। ਕਾਂਗਰਸ ਹਾਈ ਕਮਾਂਡ ਇਸ ਗੱਲ ਤੇ ਸਹਿਮਤ ਹੈ ਕਿ ਗਵਰਨਰ ਇਸ ਹਾਲਾਤ ਨੂੰ ਨਜਿੱਠਣ ਵਿਚ ਕਾਂਗਰਸੀ ਮੁਖ ਮੰਤਰੀ ਨਾਲੋਂ ਵਧੇਰੇ ਅਸਰਦਾਇਕ ਸਿੱਧ ਹੋਵੇਗਾ। ਇਸ ਲਈ ਅਗਲੇ ਕੁਝ ਦਿਨਾਂ ਲਈ ਕਾਂਗਰਸੀ ਵਜ਼ਾਰਤ ਦਾ ਬਣਨਾ ਸੰਭਵ ਹੀ ਨਹੀਂ।

ਚੋਥਾ ਮੁਖ ਕਾਰਨ ਰਾਜਨੀਤਕ ਸੂਤਰਾਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਾ ਵਿਚਕਾਰ ਤਕਰਾਰ ਖੁਲ੍ਹ ਕੇ ਪਬਲਿਕ ਵਿਚ ਆ ਗਏ ਹਨ। ਖਾਸ ਕਰ ਸੰਤ ਭਿੰਡਰਾਂਵਾਲਾ ਦਰਬਾਰ ਸਾਹਿਬ ਅੰਦਰ ਖੁਲ੍ਹੇ ਆਮ ਸੰਤ ਲੌਂਗੋਵਾਲ ਅਤੇ ਅਕਾਲੀ ਪਾਲਸੀਆਂ ਦੀਆਂ ਧੱਜੀਆਂ ਉਡਾ ਰਿਹਾ ਹੈ। ਇਸ ਵਿਚ ਤਲਵੰਡੀ ਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੋਹੜਾ ਵੀ ਸੰਤ ਲੌਂਗੋਵਾਲ ਵਿਰੁਧ ਸੰਤ ਭਿੰਡਰਾਂਵਾਲਾ ਦੀ ਹਾਮੀ ਭਰਦੇ ਹਨ। ਇਸ ਲਈ ਦਿੱਲੀ ਦੇ ਰਾਜਨੀਤਕ ਸੂਤਰਾਂ ਦਾ ਵਿਚਾਰ ਹੈ ਕਿ ਦੋਵਾਂ ਸੰਤਾਂ ਵਿਚਕਾਰ ਖੁਲ੍ਹ-ਮ-ਖੁਲ੍ਹਾ ਇਕ ਦੂਜੇ ਦਾ ਵਿਰੋਧ ਮੋਰਚੇ ਨੂੰ ਕਮਜ਼ੋਰ ਕਰਨ ਵਿਚ ਸਹਾਈ ਹੋਵੇਗਾ।

ਇਸ ਉਪਰੋਕਤ ਹਾਲਾਤ ਦੀ ਰੋਸ਼ਨੀ ਵਿਚ ਪੰਜਾਬ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਦੀਆਂ ਕੇਂਦਰੀ ਮੰਤਰੀਆਂ ਨਾਲ ਮੁਲਾਕਾਤਾਂ ਅਤੇ ਇਕ ਘੰਟਾ ਗਿਆਨੀ ਜ਼ੈਲ ਸਿੰਘ ਨਾਲ ਮੁਲਾਕਾਤ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਕੇਂਦਰ ਅਜੇ ਅਜਿਹਾ ਕੋਈ ਕਦਮ ਨਹੀਂ ਚੁਕੇਗਾ ਜਿਸ ਨਾਲ ਕਾਂਗਰਸ ਨੂੰ ਘਾਟਾ ਜਾਂਦਾ ਹੋਵੇ। ਕਾਂਗਰਸੀਆਂ ਦੀ ਦਿਲਚਸਪੀ ਦਾ ਕੇਂਦਰ ਦਰਬਾਰ ਸਾਹਿਬ ਅੰਦਰ ਵਾਪਰ ਰਹੀਆਂ ਗਤੀ ਵਿਧੀਆਂ ਹਨ ਜਿੰਨਾਂ ਦੇ ਆਧਾਰ ਤੇ ਹੀ ਉਹ ਫੈਸਲਾ ਕਰੇਗਾ ਕਿ ਕਾਂਗਰਸ ਵਜ਼ਾਰਤ ਕਿਸ ਸਮੇਂ ਉਨ੍ਹਾਂ ਦੇ ਹੱਕ ਵਿਚ ਜਾਂਦੀ ਹੈ।

ਗੁਰੂ ਘਰ ਨਿਊ ਵੈਸਟ ਦੀਆਂ ਵੋਟਾਂ ਬਾਰੇ ਅਦਾਲਤੀ ਫੈਸਲਾ

ਨਿਊਵੈਸਟ—ਇਕ ਸੂਚਨਾ ਅਨੁਸਾਰ 29 ਜਨਵਰੀ ਨੂੰ ਉਨ੍ਹਾਂ ਝਗੜੇ ਵਾਲੀਆਂ ਵੋਟਾਂ ਦਾ ਨਿਰਣਾ ਹੋਵੇਗਾ ਜਦੋਂ ਉਹ ਵੋਟਰ ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਸਹੁੰ ਚੁਕਣਗੇ ਕਿ ਉਹ ਹੀ ਸਹੀ ਵੋਟਰ ਹਨ। ਪਹਿਲੀ ਗਿਣਤੀ ਅਨੁਸਾਰ ਸ: ਬਸੰਤ ਸਿੰਘ ਸੰਧੂ ਦੀ ਸਲੇਟ ਕੁਝ ਵੋਟਾਂ ਤੇ ਅੱਗੇ ਹੈ।


ਰੀਪਬਲਿਕ ਡੇ ਵਿਸ਼ੇਸ਼ ਅੰਕ



ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ

ਕੈਨੇਡਾ ਦਰਪਣ

ਫਾਰਮਵਰਕਰ ਯੂਨੀਅਨ ਦਾ ਲੀਡਰ ਸਰਵਣ ਬੋਲ ਬਰੀ



ਅੱਜ ਬੜੀ ਖੁਸ਼ੀ ਨਾਲ ਆਪਨੂੰ ਖਬਰ ਪਹੁੰਚਾ ਰਹੇ ਹਾਂ ਕਿ ਫਾਰਮਵਰਕਰ ਯੂਨੀਅਨ ਦਾ ਲੀਡਰ ਸਰਵਣ ਬੋਲ, ਮੁਕੰਮਲ ਬਰੀ ਹੋ ਚੁੱਕਾ ਹੈ। ਸਰਵਣ ਉਤੇ ਇਹ ਹੋਮ-ਮੇਡ ਚਾਰਜ ਪੀਪਲਜ਼ ਫਰੰਟ ਦੇ ਚਾਰਲੀ ਬੁਆਲਿਨ ਨੇ ਲਾਇਆ ਸੀ। ਇਸ ਮਨਮੁਖ ਲੀਡਰ ਦੀਆਂ ਜਥੇਬੰਦੀਆਂ ਦੇ ਕਈ ਨਾਂ ਹਨ, ਜਿਨਾਂ ਨੂੰ ਸੀ. ਪੀ. ਸੀ.(ਅੈ. . ਐਲ) ਤੇ ਡੀਫੈਂਸ ਕਮੇਟੀ ਇਤਿਆਦ ਨਾਵਾਂ ਤੋਂ ਭੀ ਜਾਣਿਆ ਜਾਂਦਾ ਹੈ। ਇਨ੍ਹਾਂ ਦਾ ਸਹੀ ਰੂਪ ਵਿਚ ਕੰਮ ਕਰਨ ਦਾ ਤਰੀਕਾ ਇਹ ਹੈ ਕਿ ਹਰਮਨ ਪਿਆਰੀਆਂ ਲੋਕ ਜਥੇਬੰਦੀਆਂ, ਬੀ. ਸੀ. ਆਫਰ. ਫਾਰਮ ਵਰਕਰ ਯੂਨੀਅਨ ਤੇ ਕਈ ਹੋਰ, ਤੇ ਹਮਲਾ ਕਰਕੇ ਮੀਟਿੰਗਾਂ ਭੰਗ ਕਰਨੀਆਂ ਤੇ ਖਰੂਦ ਪਾਉਣਾ ਹੈ। ਇਸੇ ਤਰ੍ਹਾਂ ਹੀ ਇਨ੍ਹਾਂ ਆਪਦੇ ਲੀਡਰ ਬੈਂਸ ਦੇ ਹੁਕਮ ਅਨੁਸਾਰ ਬੀ. ਸੀ. ਆਫਰ ਤੇ ਚਾਰ ਅਕਤੂਬਰ ਤੇ ਸਤਾਰਾਂ ਅਕਤੂਬਰ, 1981 ਨੂੰ ਟੂ ਬਾਈ ਟੂ ਨਾਲ ਹਮਲਾ ਕੀਤਾ। ਕਈ ਬੰਦਿਆਂ ਦੇ ਇਨ੍ਹਾਂ ਗੁੰਡਿਆਂ ਨੇ ਸੱਟਾਂ ਮਾਰੀਆਂ ਤੇ ਫਿਰ ਪਿਛੋਂ ਚੁਣ ਚੁਣ ਕੇ ਸੱਤ ਅਗਾਂਹ ਵਧੂ ਪੰਜਾਬੀ ਨੌਜੁਆਨਾਂ ਤੇ ਚਾਰਜ ਭੀ ਲੁਆਏ। ਇਨ੍ਹਾਂ ਦੀ ਆਦਤ ਅਨੁਕੂਲ ਪੀਪਲਜ਼ ਫਰੰਟ ਤੇ ਡੀਫੈਂਸ ਕਮੇਟੀ ਪੰਜਾਬੀ ਕਮਿਊਨਿਟੀ ਦੀ ਸੇਵਾ ਕਰ ਰਹੇ ਸਨ।

ਸਾਰੇ ਝੂਠੇ ਚਾਰਜ ਡਿਸਮਿਸ ਹੋ ਗਏ ਪਰ ਇਕ ਛੋਟੇ ਕੋਰਟ ਦੇ ਜੱਜ ਨੇ ਇਨ੍ਹਾਂ ਅਖਾਉਤੀ ਕਾਮਰੇਡਾਂ ਦੀ ਗਵਾਹੀ ਸੱਚ ਮੰਨਦੇ ਹੋਏ ਸਰਵਣ ਨੂੰ ਸਜ਼ਾ ਸੁਣਾ ਦਿੱਤੀ। ਜਿਹੜੇ ਕੋਰਟਾਂ ਨੂੰ ਇਹ ਅਖਾਉਤੀ ਕਾਮਰੇਡ ਕਾਂਗਰੂ ਕੋਰਟ ਸੱਦਦੇ ਹਨ ਇਨ੍ਹਾਂ ਨੇ ਉਨ੍ਹਾਂ ਕੋਰਟਾਂ ਦੀ ਸ਼ਰਨ ਲਈ ਤੇ ਇਨ੍ਹਾਂ ਦੇ ਫੈਸਲੇ ਨੂੰ ਆਪਦੇ ਪੇਪਰ ਵਿਚ ਬੜਾ ਵਧਾ ਚੜ੍ਹਾ ਕੇ ਲਿਖਿਆ ਤੇ ਕਿਹਾ ਕਿ ਜੱਜ ਨੇ ਬੜੇ ਇਨਸਾਫ ਦੀ ਗੱਲ ਕੀਤੀ ਹੈ। ਗੁੜ ਇਨ੍ਹਾ ਲਈ ਮਿੱਠਾ ਹੈ ਤੇ ਹੋਰ ਲੋਕਾਂ ਲਈ ਕੌੜਾ। ਇਸ ਘਿਨਾਉਣੇ ਫੈਸਲੇ ਦੀ ਅਪੀਲ ਕੀਤੀ ਗਈ। ਵੱਡੇ ਕੋਰਟ ਦੇ ਜੱਜ ਨੇ ਇਸ ਫੈਸਲੇ ਦਾ ਖੰਡਨ ਕਰਦਿਆਂ ਕਿਹਾ ਕਿ ਜੱਜ ਨੇ ਫੈਸਲਾ ਕਰਦਿਆਂ ਸਰਵਣ ਬੋਲ ਦੀ ਨੇਕੀ ਤੇ ਭਲਾਈ ਦੇ ਪਿਛੋਕੜ ਨੂੰ ਬਿਲਕੁਲ ਧਿਆਨ ਵਿਚ ਨਹੀਂ ਰਖਿਆ ਤੇ ਨਾ ਹੀ ਦੋਨਾਂ ਗਰੁਪਾਂ ਵਿਚ ਫਰਕ ਤੇ ਦੁਸ਼ਮਣੀ ਦੀ ਘੋਖਣਾ ਕਰਨ ਦੀ ਵਕੀਲ ਨੂੰ ਖੁਲ ਦਿਤੀ ਕਿਉਂਕਿ ਪੀਪਲਜ਼ ਫਰੰਟ ਦੇ ਲੋਕ ਬੀ. ਸੀ. ਆਫਰ ਤੇ ਫਾਰਮ ਵਰਕਰਾਂ ਨੂੰ ਕੈਦ ਕਰਾਉਣ ਲਈ ਝੂਠ ਵੀ ਬੋਲ ਸਕਦੇ ਹਨ। ਇਹਨਾਂ ਦੇ ਸਾਰੇ ਗਵਾਹ CPC-CM-LI ਦੇ ਮੈਂਬਰ ਸਨ। ਇਸ ਫੈਸਲੇ ਨੇ ਅਖਾਉਤੀ ਕਾਮਰੇਡਾਂ ਤੇ ਬੈਂਸ ਦੇ ਚੇਲਿਆਂ ਦੇ ਧੋਤੇ ਮੂੰਹ ਤੇ ਚਪੇੜ ਮਾਰਕੇ ਨਿਰਾਸ਼ਾਵਾਦ ਦਾ ਕਰੜਾ ਸੁਨੇਹਾ ਭੇਜਿਆ।

ਧਿਆਨ ਰਹੇ ਜੋ ਸਮਾਜ ਵੱਲ ਥੁੱਕਦਾ ਹੈ, ਥੁੱਕ ਉਸਦੇ ਮੂੰਹ ਉਪਰ ਹੀ ਪੈਂਦਾ ਹੈ। ਚਾਰਲੀ ਬੁਆਲਿਨ ਪੀਪਲਜ਼ ਫਰੰਟ ਦਾ ਲੀਡਰ, ਬਹੁਤ ਹੀ ਚਾਂਭਲ ਚੁੱਕਾ ਸੀ। ਉਹ ਭੀ ਦਹੀਂ ਭਲਾਵੇਂ ਫੂਟ ਖਾ ਬੈਠਾ। ਜੱਜ ਨੇ ਇਸ ਭਲੇਮਾਣਸ ਨੂੰ ਆਰਡਰ ਦਿਤਾ ਕਿ ਇਹ ਕੋਰਟ ਅੱਗੇ ਮੁਜ਼ਾਹਰਾ ਜਾਂ ਨਾਅਰੇ ਨਹੀਂ ਲਾ ਸਕਦਾ। ਇਸ ਬੰਦਸ਼ ਦੇ ਬਾਵਜੂਦ ਭੀ ਇਕ ਕੂਕਰਮੀ ਮੂੰਹ ਪਾੜਕੇ ਨਾਅਰੇ ਲਾਉਣ ਲੱਗ ਪਿਆ। ਜੇ ਕਮਲੀ ਸਿਵਿਆਂ ਦੇ ਰਾਹ ਪੈ ਜਾਵੇ ਤਾਂ ਓਥੋਂ ਕੀ ਭਾਲਦੀ ਹੈ— ਜੱਜ ਨੇ ਅਦਾਲਤ ਦੇ ਕਾਨੂੰਨ ਦੀ ਉਲੰਘਣਾ ਕਰਨ ਵਿਚ ਇਕ ਮਹੀਨੇ ਦੀ ਜੇਲ੍ਹ ਕਰ ਦਿੱਤੀ। ਅੱਜ ਇਸ ਭਲੇਮਾਣਸ ਨੂੰ ਸਹੀ ਕਾਂਗਰੂ ਕੋਰਟ ਦਾ ਪਤਾ ਚਲਿਆ ਹੈ। ਅੱਗੇ ਇਸਨੂੰ ਦੂਜਿਆਂ ਦੇ ਘਰ ਅੱਗ ਲੱਗੀ ਬਸੰਤਰ ਲਗਦੀ ਸੀ। ਬੋਲ ਨੂੰ ਜੇਲ੍ਹ ਕਰਾਉਂਦਾ ਕਰਾਉਂਦਾ ਆਪ ਹੀ ਅੰਦਰ ਠੁਕ ਗਿਆ।

ਬੀ. ਸੀ. ਆਫਰ ਤੇ ਫਾਰਮ ਵਰਕਰ ਯੂਨੀਅਨ ਕਮਿਊਨਿਟੀ ਦੀ ਭਲਾਈ ਲਈ ਦਰਿੜ੍ਹਤਾ ਤੇ ਨਿੱਡਰਤਾ ਨਾਲ ਕੰਮ ਕਰਨਗੀਆਂ। ਜੋ ਅੱਗੇ ਅੜੇ ਸੋਈ ਝੜੇ। ਸਚਾਈ ਵਿਚ ਬੜੀ ਤਾਕਤ ਹੈ। ਇਹ ਦੋਨੋਂ ਜਥੇਬੰਦੀਆਂ ਦਰਿਆ ਦੇ ਵਹਿਣ ਵਾਂਗ ਲਹਿਰਾਂ ਤੇ ਠਾਠਾਂ ਮਾਰਦੀਆਂ, ਹਾਥੀ ਵਾਂਗ ਮਸਤੀ ਨਾਲ ਝੂਮਦੀਆਂ, ਬਾਵਜੂਦ ਔਕੜਾਂ ਤੇ ਫੌਜੀ ਜਥੇਬੰਦੀਆਂ ਦੀ ਮੁਖਾਲਫਤ ਦੇ ਨਿਰਵਿਘਨ ਆਪਦੇ ਪੜ੍ਹਾ ਕਰਦੀਆਂ ਮੰਜ਼ਲ ਵੱਲ ਸੇਧ ਨਾਲ ਤੁਰੀਆਂ ਜਾਣਗੀਆਂ। ਕੋਈ ਤਾਕਤ ਇਸ ਵਹਿਣ ਨੂੰ ਰੋਕ ਨਹੀਂ ਸਕੇਗੀ।

ਚਰਨਪਾਲ ਗਿੱਲ
ਪ੍ਰਧਾਨ, ਬੀ. ਸੀ. ਆਫਰ

ਚੀਨ ਦੇ ਪ੍ਰਧਾਨ ਮੰਤਰੀ ਅਟਵਾ ਵਿਚ

ਅਟਵਾ—ਚੀਨ ਦੇ ਪ੍ਰਧਾਨ ਮੰਤਰੀ ਜਾਓ ਜਿਆਂਗ ਕੈਨੇਡਾ ਦੀ ਛੇ ਦਿਨ ਦੀ ਯਾਤਰਾ ਤੇ ਪਹੁੰਚ ਗਏ ਹਨ। ਸ੍ਰੀ ਜਾਓ ਨੇ ਕੈਨੇਡਾ ਦੀ ਪਾਰਲੀਮੈਂਟ ਦੇ ਦੋਨਾਂ ਸਦਨਾਂ ਨੂੰ ਭਾਸ਼ਨ ਦਿਤਾ। ਅਤੇ ਕਿਹਾ "ਅਸੀਂ ਪ੍ਰਧਾਨ ਮੰਤਰੀ ਟਰੂਡੋ ਦੀਆਂ ਸੰਸਾਰ ਅਮਨ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਦੀ ਪ੍ਰਸੰਸਾ ਕਰਦੇ ਹਾਂ ਜੋ ਅੰਤਰ ਰਾਸ਼ਟਰੀ ਤਨਾਅ ਨੂੰ ਖਤਮ ਕਰਨ ਵਿਚ ਸਹਾਈ ਹੋ ਸਕਦੀਆਂ ਹਨ ਅਤੇ ਪ੍ਰਮਾਣੂ ਜੰਗ ਤੋਂ ਸੰਸਾਰ ਨੂੰ ਬਚਾਅ ਸਕਦੀਆਂ ਹਨ। ਸ੍ਰੀ ਜਾਓ ਕਿਸੇ ਕਮਿਊਨਿਸਟ ਦੇਸ਼ ਦੇ ਪਹਿਲੇ ਨੇਤਾ ਹਨ ਜਿੰਨਾਂ ਨੇ ਕੈਨੇਡਾ ਵਿਚ ਪਾਰਲੀਮੈਂਟ ਨੂੰ ਭਾਸ਼ਨ ਦਿਤਾ। ਸ੍ਰੀ ਟਰੂਡੋ ਨੇ ਸ੍ਰੀ ਜਾਓ ਦੇ ਬਿਆਨ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਚੀਨ ਸੰਸਾਰ ਅਮਨ ਸਥਾਪਤ ਕਰਨ ਵਿਚ ਅਹਿਮ ਰੋਲ ਅਦਾ ਕਰ ਸਕਦਾ ਹੈ।


ਸ੍ਰੀ ਜਾਓ ਦੇ ਬੋਲਣ ਤੋਂ ਬਾਅਦ ਪਾਰਲੀਮੈਂਟ ਦੇ ਬਾਹਰ 20 ਤਿੱਬਤੀਆਂ ਨੇ ਮੁਜ਼ਾਹਰਾ ਕੀਤਾ ਅਤੇ ਤੈਵਾਨੀ ਕੈਨੇਡੀਅਨਾਂ ਨੇ ਵੀ ਇਕ ਮੁਜ਼ਾਹਰਾ ਕੀਤਾ

ਚੀਨੀ ਲੀਡਰ ਨੇ ਕਿਹਾ ਕਿ ਅਸੀਂ ਕਿਸੇ ਵੀ ਵੱਡੀ ਤਾਕਤ ਦੇ ਨਾਲ ਆਪਣੇ ਆਪ ਨੂੰ ਜੋੜਨ ਲਈ ਤਿਆਰ ਨਹੀਂ ਅਤੇ ਨਾ ਹੀ ਅਸੀਂ ਕਿਸੇ ਵੱਡੀ ਤਾਕਤ ਦੇ ਅੱਗੇ ਝੁਕਦੇ ਹਾਂ। ਯਾਦ ਰਹੇ ਕਿ ਕੈਨੇਡਾ ਨੇ 1970 ਵਿਚ ਹੀ ਚੀਨ ਨੂੰ ਦੇਸ਼ ਦੇ ਤੌਰ ਤੇ ਮੰਨਿਆ ਸੀ।



ਇਕ ਲੋਕ ਗੀਤ

ਮੁਹਿੰਦਰ ਸੂਮਲ



ਅਸੀਂ ਤਾਂ ਖੇਤਾਂ ਵਿਚ ਦਾਣੇ ਉਗਾਈ ਦੇ
ਦੇ ਦੇ ਕੇ ਪੰਡਾਂ ਹੱਥੀਂ ਸ਼ਾਹ ਰਜ਼ਾਈ ਦੇ
ਸਾਡੇ ਤਾਂ ਵਿਹੜੇ ਦੱਸੀ ਭੁੱਖ ਪ੍ਰਾਹੁਣੀ ਕਿਉਂ ?
ਆਜ਼ਾਦੀਏ ਭੁੱਖ ਪ੍ਰਾਹੁਣੀ ਕਿਉਂ ?
ਵੇਖੇਂ ਜੇ ਆ ਕੇ ਕਦੇ ਸਾਡੇ ਖਲਵਾੜੇ ਨੀ
ਪੱਛਾਂ ਨਾਲ ਛਿੱਲੇ ਹੱਥ ਹੋ ਗਏ ਨਿਕਾਰੇ ਨੀ
ਹਾੜ੍ਹੀ ਤਾਂ ਸਾਉਣੀ ਲਈਏ ਬੀਜ ਉਧਾਰੇ ਨੀ
ਪਿੜਾਂ ਵਿਚ ਸੌਂਈਏ ਥੱਲੇ
ਮੰਜੀ ਵੀ ਸਣ ਦੀ ਨਹੀਂ
ਆਜ਼ਾਦੀਏ ਇਹ ਗਲ ਬਣਦੀ ਨਹੀਂ ....
ਜਦੋਂ ਦੀ ਆਈ ਤੂੰ ਤਾਂ
ਰਹਿੰਦੀ ਚੁਬਾਰੇ ਨੀ
ਵੇਖੇਂ ਜੇ ਆ ਕੇ ਥੱਲੇ
ਛੰਨਾ ਤੇ ਢਾਰੇ ਨੀ
ਖੋਲਿਆਂ ਵਿਚ ਵਸਦੇ ਲੋਕੀਂ
ਇਟਾ ਪੱਥਵਾਰੇ ਨੀ
ਜਿੰਨਾਂ ਦੇ ਹਿੱਸੇ ਪੱਕੀ ਇੱਟ ਇਕ ਖਣ ਦੀ ਨਹੀਂ
ਆਜ਼ਾਦੀਏ ਇਹ ਗੱਲ ਬਣਦੀ ਨਹੀਂ ....
ਕਪੜੇ ਦੀਆਂ ਮਿਲਾਂ ਅੰਦਰ ਚਮੜੀ ਕੁਟਵਾਈਏ ਨੀ
ਖੂਨ ਪਸੀਨਾ ਕਰਕੇ ਕਪੜਾ ਬਣਾਈਏ ਨੀ
ਆਪਣਾ ਪਰ ਪਿੰਡਾ ਅਸੀਂ ਨੰਗਾ ਹੰਢਾਈਏ ਨੀ
ਸੇਠਾਂ ਨੂੰ ਲੋੜ ਸਦਾ ਸਾਡੇ ਤਾਂ ਕੰਮਾਂ ਦੀ
ਸਾਡੇ ਤਾਂ ਤਨ ਦੀ ਨਹੀਂ .....
ਆਜ਼ਾਦੀਏ ਇਹ ਗੱਲ ਬਣਦੀ ਨਹੀਂ ....
ਝੁੱਗੀਆਂ ਵਿਚ ਬੱਚੇ ਵਿਲਕਣ
ਚਲਦਾ ਕੋਈ ਚਾਰਾ ਨੀ
ਭੁੱਖਾਂ ਤੇ ਦੁੱਖਾਂ ਦਾ ਇਹ
ਖੇਡ ਦੁੱਖਿਆਰਾ ਨੀ
ਕੁੱਤੇ ਜਦ ਟੌਫੀਆਂ ਖਾਵਣ
ਚੋਹਲ ਸ਼ਾਹੂਕਾਰਾ ਨੀ
ਮਾਵਾਂ ਤਾਂ ਢੋਵਣ ਗਾਰਾ
ਗੱਲ ਹੈਰਾਨੀ ਦੀ ਨਹੀਂ
ਆਜ਼ਾਦੀਏ ਇਹ ਗੱਲ ਬਣਦੀ ਨਹੀਂ ......
ਆਵੇਂ ਜੇ ਸਾਡੇ ਖੋਲੇ
ਆਵੇਂ ਜੇ ਸਾਡੇ ਖੋਲੇ
ਤੈਨੂੰ ਵਿਖਾਈਏ ਨੀ
ਘਿਉ ਗਰੀਸ ਵਾਲਾ
ਦਾਲ ਵਿਚ ਪਾਈਏ ਨੀ
ਗਾਜ਼ਨੀ ਵਾਲਾ ਆਟਾ
ਤੈਨੂੰ ਖੁਆਈਏ ਨੀ
ਤੈਨੂੰ ਵੀ ਮਿਹਨਤ ਵਾਲਾ
ਸਬਕ ਸਿਖਲਾਈਏ ਨੀ
ਚੋਂਦੀ ਫਿਰ ਵੇਖੀਏ ਗਰਮੀ
ਤੇਰੇ ਤਾਂ ਤਨ ਦੀ ਆ
ਆਜ਼ਾਦੀਏ ਫਿਰ ਗੱਲ ਬਣਦੀ ਆ !

ਕੈਨੇਡੀਅਨ ਫਾਰਮ ਵਰਕਰਜ਼ ਵਲੋਂ ਬੋਰਡ ਨੂੰ ਬਰੀਫ

ਵੈਨਕੂਵਰ—ਵਰਕਰਜ਼ ਕੰਪਨਜੇਸ਼ਨ ਬੋਰਡ ਦੇ ਸਿਹਤ ਅਤੇ ਸੇਫਟੀ ਬਾਰੇ ਛੇ ਹਫਤਿਆਂ ਦੀਆਂ ਲੋਕ ਸੁਣਵਾਈਆਂ ਸ਼ੁਰੂ ਹੋਣ ਸਮੇਂ ਸੋਮਵਾਰ ਨੂੰ ਫਾਰਮ ਵਰਕਰਜ਼ ਯੂਨੀਅਨ ਵਲੋਂ ਇਕ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰਾਕਾਰੀਆਂ ਨੇ ਦੋਸ਼ ਲਾਇਆ ਕਿ ਬੋਰਡ ਰਾਜਨੀਤਕ ਦਬਾ ਥੱਲੇ ਆ ਕੇ ਉਨ੍ਹਾਂ ਦੀ ਬੇਹਤਰੀ ਨੂੰ ਅੱਖੋਂ ਉਹਲੇ ਕਰ ਰਿਹਾ ਹੈ। ਪਬਲਿਕ ਸੁਣਵਾਈ ਰਿਚਮਿੰਡ ਵਿਚ ਸ਼ੁਰੂ ਹੋ ਗਈ ਹੈ ਅਤੇ ਇਹ ਸੁਣਵਾਈਆਂ ਸੂਬੇ ਦੇ ਹੋਰ ਹਿੱਸਿਆਂ ਵਿਚ ਵੀ ਕੀਤੀਆਂ ਜਾਣਗੀਆਂ।

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਲੋਕ ਸੁਣਵਾਈ ਸਮੇਂ ਬੋਰਡ ਨੂੰ ਕਿਹਾ ਕਿ ਬੋਰਡ ਕਾਮਿਆਂ ਅਤੇ ਉਹਨਾਂ ਦੇ ਬੱਚਿਆਂ ਨੂੰ ਨਾਜ਼ੀਆਂ ਦੇ ਕੈਂਪਾਂ ਵਿਚ ਧੱਕੇ ਦੇਣ ਵਾਲਾ ਵਰਤਾਅ ਕਰ ਰਿਹਾ ਹੈ।

ਸ੍ਰੀ ਰਾਜ ਚੌਹਾਨ ਨੇ ਕਿਹਾ ਕਿ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੇ ਇਕ ਲੰਮੀ ਲੜਾਈ ਤੋਂ ਪਿਛੋਂ ਫਾਰਮ ਕਾਮਿਆਂ ਲਈ ਕੰਪਨਜੇਸ਼ਨ ਦੇ ਜੋ ਹੱਕ ਜਿੱਤੇ ਸਨ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। "ਜਦੋਂ ਅਸੀਂ ਕੰਪਨਜੇਸ਼ਨ ਜਿੱਤੀ ਅਤੇ ਚਾਰ ਮਹੀਨੇ ਲਈ ਕੀੜੇ ਨਾਸ਼ਕ ਦਵਾਈਆਂ ਦੇ ਜੋ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਧੀਰੇ ਧੀਰੇ ਜ਼ਹਿਰ ਨਾਲ ਮਾਰ ਰਹੀਆਂ ਹਨ, ਲਈ ਘੋਲ ਕੀਤਾ ਪਰ ਏਸ ਬੋਰਡ ਨੇ ਰਾਜਨੀਤਕ ਦਬਾ ਥੱਲੇ ਆ ਕੇ ਫਾਰਮ ਕਾਮਿਆਂ ਨੂੰ ਸਿਹਤ ਅਤੇ ਸੇਫਟੀ ਦੇ ਅਸੂਲਾਂ ਤੋਂ ਵਾਂਝਿਆਂ ਕਰ ਦਿਤਾ।

ਪੋਰਟ ਅਲਬਰਨੀ ਗੁਰੂ ਘਰ ਦੀ ਨਵੀਂ ਕਮੇਟੀ ਦੀ ਚੋਣ

ਪੋਰਟ ਅਲਬਰਨੀ ਗੁਰਦੁਆਰਾ ਸਾਹਿਬ ਵਿਚ 1984 ਦੇ ਸਾਲ ਲਈ ਸੇਵਾਦਾਰਾਂ ਦੀ ਚੋਣ 4 ਦਸੰਬਰ ਨੂੰ ਹੋਈ। ਜਿਸ ਵਿਚ ਪ੍ਰਬੰਧਕੀ ਕਮੇਟੀ ਲਈ ਹੇਠ ਲਿਖੇ ਸੇਵਾਦਾਰ ਸਰਬਸੰਮਤੀ ਨਾਲ ਚੁਣੇ ਗਏ। ਪ੍ਰਬੰਧਕੀ ਕਮੇਟੀ ਤੋਂ ਇਲਾਵਾ, ਬਿਲਡਿੰਗ ਕਮੇਟੀ, ਸਪੋਰਟਸ ਕਮੇਟੀ ਅਤੇ ਲੰਗਰ ਕਮੇਟੀ ਦੇ ਤਕਰੀਬਨ ਸਾਰੇ ਦੇ ਸਾਰੇ ਮੈਂਬਰ ਪੁਰਾਣੇ ਹੀ ਰਹੇ ਹਨ।

ਸ. ਆਤਮਾ ਸਿੰਘ ਥਿਆੜਾ	ਪ੍ਰਧਾਨ
ਸ. ਅਤਵਾਰ ਸਿੰਘ ਸਮਰਾ	ਮੀਤ ਪ੍ਰਧਾਨ
ਸ: ਸੋਹਣ ਸਿੰਘ ਪਰਹਾਰ	ਫਾਈਨੈਨਸ਼ਲ ਸਕੱਤਰ
ਸ. ਸਾਧੂ ਸਿੰਘ ਰਾਏ	ਸਟੇਜ ਸਕੱਤਰ
ਸ: ਜਸਵੀਰ ਸਿੰਘ ਤੂਰ	ਡਰੈਕਟਰ

ਗੁਰੂ ਘਰ ਦੇ ਦਾਸ
ਸਾਧੂ ਸਿੰਘ ਰਾਏ, ਸਟੇਜ ਸਕੱਤਰ

ਸੂਚਨਾ

ਸੂਚਤ ਕੀਤਾ ਜਾਂਦਾ ਹੈ ਕਿ ਗਦਰੀ ਬਾਬਾ ਨਿਰੰਜਨ ਸਿੰਘ ਜੀ ਦੀ ਛਪੀ ਕਿਤਾਬ 'ਗਦਰੀ ਤੇ ਕਾਮਾ' 29 ਜਨਵਰੀ 1984 ਨੂੰ ਵਾਲਟਰ ਮੋਬਰਲੀ ਕਮਿਊਨਿਟੀ ਹਾਲ (ਪਰਿੰਸ ਐਲਬਰਟ ਅਤੇ 61 ਐਵੇਨਿਊ) ਵਿਖੇ ਰਲੀਜ਼ ਕੀਤੀ ਜਾਵੇਗੀ। ਸਮਾਂ ਡੇਢ ਤੋਂ ਚਾਰ ਵਜੇ ਤਕ ਦਾ ਹੋਵੇਗਾ।

Grand Opening

ਫਰਵਰੀ 4 ਦਿਨ ਸ਼ਨਿਚਰਵਾਰ

RAMAN CLOTH HOUSE

6565 Main Street,(at 49th & 50th Ave.) Vancouver, B.C.

Ph. (604)324-3530

ਪਿਆਰੇ ਭੈਣੋਂ ਤੇ ਭਰਾਵੋ,

ਆਪ ਜੀ ਨੂੰ ਇਹ ਜਾਣਕੇ ਬਹੁਤ ਖ਼ੁਸ਼ੀ ਹੋਵੇਗੀ ਕਿ ਰਮਨ ਕਲਾਥ ਹਾਊਸ ਆਪ ਸਭ ਦੇ ਸਹਿਯੋਗ ਨਾਲ 57 ਐਵੇਨਿਊ ਤੋਂ ਮੂਵ ਹੋ ਕੇ ਪੰਜਾਬੀ ਮਾਰਕਿਟ ਵਿੱਚ 6565 ਜਿੱਥੇ ਕਿ ਪਹਿਲਾਂ ਇੰਡੀਆ ਕਲਾਥ ਹਾਊਸ ਹੈ, ਤੇ ਤਰੀਕ ਫਰਵਰੀ 4 ਦਿਨ ਸ਼ਨਿਚਰਵਾਰ ਨੂੰ ਖੁਲ੍ਹ ਰਿਹਾ ਹੈ।

ਸਭ ਭੈਣਾਂ ਅਤੇ ਵੀਰਾਂ ਅੱਗੇ ਬੇਨਤੀ ਹੈ ਕਿ ਵਕਤ ਸਿਰ ਪਹੁੰਚ ਕੇ ਕੱਪੜੇ ਤੇ ਭਾਰੀ ਸੇਲ ਦਾ ਫਾਇਦਾ ਉਠਾਓ ਨਾਲ ਨਾਲ ਮੂੰਹ ਮਿੱਠਾ ਕਰੋ ਤੇ ਗਰਮ ਗਰਮ ਚਾਹ ਪੀਓ।

ਪਹਿਲੀ ਸਟੋਰ ਜੋ ਕਿ 57 ਐਵੇਨਿਊ ਤੇ ਮੇਨ ਤੇ ਹੈ ਉਸ ਉਪਰ ਵੀ ਮੂਵ ਆਊਟ ਸੇਲ ਚੱਲ ਰਹੀ ਹੈ। ਬਹੁਤ ਹੀ ਘੱਟ ਕੀਮਤਾਂ ਹਨ। ਆਓ ਤੇ ਆ ਕੇ ਫਾਇਦਾ ਉਠਾਓ।



ਇਥੋਂ ਆਪ ਨੂੰ ਪੰਜਾਬੀ ਸੂਟ, ਸਾੜ੍ਹੀਆਂ, ਚੁੰਨੀਆਂ, ਵਧੀਆ ਕੁਆਲਿਟੀ ਤੇ ਵਾਜਬ ਕੀਮਤਾਂ ਵਿਚ ਮਿਲ ਸਕਣਗੀਆਂ।

- **ਵਧੀਆ ਕੁਆਲਿਟੀ**
- **ਵਾਜਬ ਕੀਮਤਾਂ**

We have latest Fashion in Punjabi Suits with Matching Duppattas.

THE CANADA DARPAN WEEKLY
P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

ਸੰਪਾਦਕੀ

ਆਖ ਦਮੋਦਰ ਅੱਖੀਂ ਡਿੱਠਾ—2

ਪੰਜਾਬ ਦੇ ਮਾਹੌਲ ਦੀ ਗੱਲ ਕਰਦਿਆਂ ਜਦ ਅਸੀਂ ਇਹ ਦੇਖਦੇ ਹਾਂ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਆਮ ਲੋਕ ਸਾਧਾਰਨ ਵਰਗਾ ਜੀਵਨ ਬਤੀਤ ਕਰ ਰਹੇ ਹਨ ਤਾਂ ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬੀ ਕਲਚਰਲ ਤੌਰ ਤੇ ਕਦੇ ਵੀ ਧਰਮ ਪ੍ਰਤੀ ਕੱਟੜ ਨਹੀਂ ਹੁੰਦਾ ਸਗੋਂ ਧਰਮ ਪ੍ਰਤੀ ਇਨ੍ਹਾਂ ਦਾ ਵਤੀਰਾ ਹਮੇਸ਼ਾਂ ਲਚਕ ਵਾਲਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਸਬੂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਜਿਸ ਵਿਚ ਬਿਨਾਂ ਹਿੰਦੂ, ਮੁਸਲਿਮ ਤੇ ਸਿੱਖ ਦਾ ਵਿਤਕਰਾ ਕੀਤਿਆਂ ਸਭ ਭਗਤਾਂ ਤੇ ਸੂਫੀ ਕਵੀਆਂ ਨੂੰ ਥਾਂ ਦਿੱਤੀ ਗਈ ਹੈ। ਪੰਜਾਬ ਦੇ ਲੋਕ ਇਸ ਸਦੀਆਂ ਪੁਰਾਣੇ ਅਹਿਸਾਸ ਨੂੰ ਤਿਲਾਂਜਲੀ ਨਹੀਂ ਦੇ ਸਕਦੇ ਤੇ ਨਾ ਦੇ ਰਹੇ ਹਨ। ਪਰ ਜੋ ਅੱਜ ਹਿੰਦੂ, ਸਿੱਖ, ਮੁਸਲਮਾਨ ਦਾ ਵਿਤਕਰਾ ਖੜਾ ਕਰਦੇ ਹਨ, ਤੇ ਫਿਰ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸ਼ਕ ਮੰਨਦੇ ਹਨ, ਉਹ ਕੇਵਲ ਇਸ ਪਵਿੱਤਰ ਬਾਣੀ ਦਾ ਨਿਰਾਦਰ ਹੀ ਨਹੀਂ ਕਰ ਰਹੇ ਸਗੋਂ ਸਮੁੱਚੀ ਪੰਜਾਬੀ ਕਲਚਰ ਦੇ ਦੁਸ਼ਮਣ ਵੀ ਹਨ। ਅਜਿਹੇ ਲੋਕਾਂ ਦੀ ਦੁਸ਼ਮਣੀ ਕਾਰਨ ਪੰਜਾਬ ਦੇ ਦੋ ਟੋਟੇ ਹੋਏ ਤੇ ਹੁਣ ਇਹ ਇਸ ਨੂੰ ਹੋਰ ਵੰਡਾਂ ਪਾਉਣ ਦਾ ਆਧਾਰ ਬਨਾਉਣ ਦੀ ਕੋਸ਼ਿਸ਼ ਵਿਚ ਹਨ।

ਪੰਜਾਬ ਵਿਚ ਅਜ ਜੋ ਕਤਲ ਹੋ ਰਹੇ ਹਨ, ਬੈਂਕਾਂ ਲੁਟੀਆਂ ਜਾ ਰਹੀਆਂ ਹਨ, ਚੋਰੀਆਂ ਤੇ ਡਾਕਿਆਂ ਦੀ ਘਟਨਾਵਾਂ ਵਾਪਰ ਰਹੀਆਂ ਹਨ—ਇਨ੍ਹਾਂ ਵਿਚ ਕਿੰਨਾ ਕੁਝ ਮਿਸ਼ਰਤ ਹੈ। ਪੰਜਾਬ ਦੀ ਸਰਹੱਦ ਦਾ ਪਾਕਿਸਤਾਨ ਨਾਲ ਦੂਰ ਤੱਕ ਫੈਲੇ ਹੋਣਾ ਇਸਦਾ ਸਭ ਤੋਂ ਵੱਡਾ ਕਾਰਨ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਵਜ਼ੀਰਾਂ ਤੱਕ, ਪੰਜਾਬ ਦੇ ਗਵਰਨਰ ਤੋਂ ਲੈ ਕੇ ਛੋਟੇ ਅਫਸਰਾਂ ਤੱਕ ਦੱਬਵੀਂ ਜ਼ਬਾਨ ਨਾਲ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀਆਂ ਘਟਨਾਵਾਂ ਪਿਛੇ 'ਵਿਦੇਸ਼ੀ ਹੱਥ' ਹੈ। ਅਸਲ ਵਿਚ ਪੰਜਾਬ ਦੇ ਜਿੰਨ੍ਹਾਂ ਪੱਤਰਕਾਰਾਂ ਨਾਲ ਗਲਬਾਤ ਹੋਈ, ਉਨ੍ਹਾਂ ਦਾ ਸਪੱਸ਼ਟ ਨਿਰਨਾ ਹੈ ਕਿ ਪੰਜਾਬ ਦੀ ਸਮੱਸਿਆ ਦਾ ਮੁਖ ਕਾਰਨ ਪਾਕਿਸਤਾਨ ਹੈ। ਪਾਕਿਸਤਾਨ ਦੀ ਅੰਦਰੂਨੀ ਹਾਲਤ ਆਰਥਿਕ ਤੌਰ ਤੇ ਏਨੀ ਨਿਘਰੀ ਹੋਈ ਹੈ ਕਿ ਸਰਹੱਦ ਤੇ ਸਮਗਲਿੰਗ ਦਾ ਬੋਲਬਾਲਾ ਹੈ। ਦੂਜੇ ਪਾਕਿਸਤਾਨ ਦੀ ਆਰਥਿਕ ਹੋਂਦ ਅਮਰੀਕਾ ਦੀ ਸਹਾਇਤਾ ਤੇ ਨਿਰਭਰ ਹੈ। ਜਲੰਧਰ ਰੇਡੀਓ ਸਟੇਸ਼ਨ ਤੇ ਇਕ ਅਧਿਕਾਰੀ ਨਾਲ ਗਲਬਾਤ ਸਮੇਂ ਪਤਾ ਲਗਾ ਕਿ ਪਾਕਿਸਤਾਨ ਨੇ 'ਟੂਥਪੇਸਟ' ਬਣਾਇਆ ਤਾਂ ਕਈ ਦਿਨ ਰੇਡੀਓ ਤੇ ਟੈਲੀਵੀਜ਼ਨ ਤੇ 'ਟੂਥ ਪੇਸਟ' ਬਣਾਏ ਜਾਣ ਦੀ ਚਰਚਾ ਹੁੰਦੀ ਰਹੀ। ਜਿਹੜਾ ਮੁਲਕ 36 ਸਾਲ ਤੱਕ 'ਟੂਥ ਪੇਸਟ' ਬਨਾਉਣ ਤੱਕ ਪਹੁੰਚਿਆ ਹੈ, ਉਸਦੀ ਆਰਥਿਕ ਦਸ਼ਾ ਦਾ ਅੰਦਾਜ਼ਾ ਤੁਸੀਂ ਆਪ ਲਾ ਸਕਦੇ ਹੋ। ਹਰ ਕਿਸਮ ਦਾ ਕੱਪੜਾ, ਕਾਰਾਂ, ਨਿੱਤ ਵਰਤੋਂ ਦੀਆਂ ਚੀਜ਼ਾਂ ਪਾਕਿਸਤਾਨ ਅਮਰੀਕਾ ਤੇ ਹੋਰ ਸਾਮਰਾਜੀ ਤਾਕਤਾਂ ਤੋਂ ਲੈ ਕੇ ਗੁਜ਼ਾਰਾ ਕਰ ਰਿਹਾ ਹੈ। ਉਸਦੀ ਆਪਣੀ ਕੋਈ ਦਸਤਕਾਰੀ ਨਹੀਂ। ਜਿਸ ਮੁਲਕ ਦੀ ਆਰਥਿਕਤਾ ਨਿਘਰੀ ਹੋਵੇ, ਰਾਜਨੀਤਕ ਤੌਰ ਤੇ ਉਸਦਾ ਗੁਲਾਮ ਹੋਣਾ ਕੁਦਰਤੀ ਹੈ। ਅਮਰੀਕਾ ਦੀ ਗੁਲਾਮੀ ਪਾਕਿਸਤਾਨ ਨੂੰ ਭਾਰਤ ਨਾਲ ਦਸਤਪੰਜਾ ਲੈਣ ਲਈ ਮਜਬੂਰ ਕਰਦੀ ਹੈ। ਦੂਜਾ ਵੱਡਾ ਕਾਰਨ ਭਾਰਤ ਵਿਚ Instablety ਪੈਦਾ ਕਰਨ ਦੀ ਕੋਸ਼ਿਸ਼ ਹੈ। ਅਫਗਾਨਿਸਤਾਨ ਵਿਚ ਰੂਸੀ ਪੈਰ ਜੰਮਣ ਨਾਲ ਅਮਰੀਕਾ ਲਈ ਇਹ ਜ਼ਰੂਰੀ ਹੈ। ਲੰਕਾ ਬੰਗਲਾ ਦੇਸ਼ ਤੇ ਪਾਕਿਸਤਾਨ ਵਿਚ ਅਮਰੀਕਾ-ਪੱਖੀ ਸਰਕਾਰਾਂ ਪਹਿਲਾਂ ਹੀ ਮੌਜੂਦ ਹਨ। ਇਸ ਪਿਛੋਕੜ ਵਿਚ ਪੰਜਾਬ ਦੀ ਅਜੋਕੀ ਸਮੱਸਿਆ ਨੂੰ ਸਮਝਣਾ ਇਸ ਨਤੀਜੇ ਤੇ ਪਹੁੰਚਾਉਂਦਾ ਹੈ ਕਿ ਅਮਰੀਕਨ ਹਥਿਆਰ ਪਾਕਿਸਤਾਨ ਰਾਹੀਂ ਪੰਜਾਬ ਵਿਚ ਪਹੁੰਚਦੇ ਹਨ ਤੇ ਅਮਰੀਕਨ ਖੁਫੀਆ ਏਜੰਸੀਆਂ ਭਾਰਤ ਵਿਚ ਵੀ ਭੰਨ ਤੋੜ ਦੀਆਂ ਕਾਰਵਾਈਆਂ ਲਈ ਬੰਦੇ ਖਰੀਦ ਦੀਆਂ ਹਨ। ਤਿੰਨ ਫੌਜੀਆਂ ਤੇ ਮੁਕੱਦਮਾ ਇਨ੍ਹਾਂ ਏਜੰਸੀਆਂ ਦੇ ਰੋਲ ਨੂੰ ਪੂਰੀ ਤਰਾਂ ਨੰਗਿਆ ਕਰਦਾ ਹੈ।

ਪੰਜਾਬ ਵਿਚ ਜੋ ਪੁਲਸ ਦੇ ਕਤਲ ਹੋਏ, ਬੱਸਾਂ ਤੋਂ ਲਾਹ ਕੇ ਇਕ ਫਿਰਕੇ ਦੇ ਲੋਕਾਂ ਨੂੰ ਮੌਤ ਦੀ ਘਾਟ ਉਤਾਰਿਆ ਗਿਆ, ਗੁਰਦੁਆਰਿਆਂ ਤੇ ਮੰਦਰਾਂ ਦੀਆਂ ਬੇਅਦਬੀਆਂ ਹੋਈਆਂ—ਇਹ ਇਕ ਅਜਿਹੀ ਸਾਜ਼ਸ਼ ਹੈ ਜਿਸ ਵਿਚ ਪੰਜਾਬ ਦਾ ਬਦਨਾਮ ਸਮਾਜ-ਵਿਰੋਧੀ ਅਨਸਰ ਪੂਰੀ ਤਰ੍ਹਾਂ ਅੰਤਰ-ਰਾਸ਼ਟਰੀ ਦੇਸ਼-ਵਿਰੋਧੀ ਸ਼ਕਤੀਆਂ ਨਾਲ ਮਿਲਿਆ ਹੋਇਆ ਹੈ। ਇਨ੍ਹਾਂ ਉਪਰੋਕਤ ਘਟਨਾਵਾਂ ਵਿਚ ਸਿੱਧਾ ਹੱਥ ਉਨ੍ਹਾਂ ਲੋਕਾਂ ਦਾ ਹੈ ਜੋ ਕਠ-ਪੁਤਲੀਆਂ ਤਰ੍ਹਾਂ ਸਾਮਰਾਜੀ ਉਂਗਲੀ ਤੇ ਨੱਚ ਰਹੇ ਹਨ।

'ਅਤਿਵਾਦੀ ਕੌਣ ਹਨ ?'


ਸਾਰੇ ਅਖਬਾਰਾਂ ਵਿਚ 'ਅਤਿਵਾਦੀ' ਨਾਂ ਏਸ ਤਰ੍ਹਾਂ ਪ੍ਰਚਲਤ ਹੋਇਆ ਹੈ ਜਿਵੇਂ ਇਕੱਲੇ ਸਿੱਖ ਜਨੂੰਨੀ ਹੀ ਅਤਿਵਾਦ ਅਪਣਾ ਰਹੇ ਹਨ। ਇਹ ਭੁਲੇਖਾ ਪੰਜਾਬ ਵਿਚ ਹਾਲਾਤ ਨੂੰ ਦੇਖ ਕੇ ਆਪਣੇ ਆਪ ਦੂਰ ਹੋ ਜਾਂਦਾ ਹੈ। ਅਤਿਵਾਦੀ ਨਾ ਸਿੱਖ ਹਨ ਨਾ ਹਿੰਦੂ। ਅਤਿਵਾਦੀ, ਬਦਨਾਮ ਗੰਦਾ ਅਨਸਰ ਹੈ ਜੋ ਸਮਗਲਿੰਗ ਕਰਦਾ ਹੈ, ਸਮਗਲਿੰਗ ਵਿਚ ਭਾਈਵਾਲ ਨਾ ਬਣਨ ਵਾਲੇ ਪੁਲਸ ਅਫਸਰਾਂ ਦਾ ਕਤਲ ਕਰਦਾ ਹੈ, ਪੰਜਾਬ ਵਿਚ ਹਿਲਚੁਲ ਪੈਦਾ ਕਰਨ ਦੀ ਕੋਸ਼ਿਸ਼ ਵਿਚ ਹੈ ਤਾਂ ਕਿ ਉਹ ਆਪਣਾ ਨਾਪਾਕ ਧੰਦਾ ਜਾਰੀ ਰੱਖ ਸਕਣ। ਹੋ ਸਕਦਾ ਹੈ ਕਿ ਇਨ੍ਹਾਂ ਸਮਗਲਰਾਂ ਪਿਛੇ ਕੁਝ ਰਾਜਨੀਤਕ ਤੇ ਧਾਰਮਿਕ ਬੁਰਕਾ ਪਾਈ ਲੀਡਰ ਵੀ ਹੋਣ। ਇਸ ਤਰ੍ਹਾਂ ਦੀ ਚਰਚਾ ਪੰਜਾਬ ਦੇ ਬੁਧੀਮਾਨ ਤਬਕੇ ਵਿਚ ਆਮ ਹੈ। ਅਜਿਹੇ ਅਨਸਰ ਕੋਲ ਹਥਿਆਰਾਂ ਦਾ ਆਮ ਹੋਣਾ, ਸਰਹੱਦੀ ਇਲਾਕਿਆਂ ਵਿਚ ਕਤਲ, ਡਾਕੇ ਤੇ ਖੋਹਾਂ ਦਾ ਵਾਪਰਨਾ ਸਿੱਧੇ ਤੇ ਸਪੱਸ਼ਟ ਸਿਟੇ ਹਨ ਜਿਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਸਿਆਸੀ ਲੀਡਰਾਂ ਲਈ ਕਿਸੇ ਵਿਦੇਸ਼ੀ ਤਾਕਤ ਦਾ ਨਾਂ ਲੈਣਾ ਸਿਆਸੀ ਮੁਸ਼ਕਲਾਂ ਪੈਦਾ ਕਰਦਾ ਹੈ। ਇਸੇ ਲਈ ਉਹ ਗੱਲ ਨੂੰ ਹਮੇਸ਼ਾਂ ਗੋਲਮੋਲ ਕਰਦੇ ਹਨ।

ਇਸ ਪ੍ਰਸੰਗ ਵਿਚ ਅਜਿਹੇ ਅਨਸਰਾਂ ਦੇ ਬਾਹਰਲੇ ਮੁਲਕਾਂ ਵਿਚ ਸਬੰਧ, ਪੰਜਾਬ ਦੀ ਸਹੀ ਹਾਲਤ ਨੂੰ ਬਿਆਨ ਕਰਨ ਦੀ ਥਾਂ ਕੁਝ ਅਖਬਾਰਾਂ ਦੇ ਉਲਝਾਊ ਬਿਆਨ, ਚੱਕਵੀਆਂ ਖਬਰਾਂ ਇਹ ਸ਼ੱਕ ਪੈਦਾ ਕਰਦੇ ਹਨ—ਕਿ ਪੱਛਮੀ ਦੇਸ਼ਾਂ ਵਿਚ ਵੀ ਇਹ ਅਨਸਰ ਦੇਸ਼-ਧਰੋਹੀ ਸਰਗਰਮੀਆਂ ਜਾਰੀ ਰੱਖ ਰਿਹਾ ਹੈ। ਪੰਜਾਬ ਵਿਚ ਬਾਹਰੋਂ ਗਏ ਹਰ ਬੰਦੇ ਨੂੰ ਅਕਸਰ ਇਹ ਸਵਾਲ ਪੁਛਿਆ ਜਾਂਦਾ ਹੈ 'ਕੈਨੇਡਾ, ਅਮਰੀਕਾ ਤੇ ਬਰਤਾਨੀਆ ਵਿਚ ਖਾਲਿਸਤਾਨ ਦਾ ਏਨਾ ਰੌਲਾ ਹੈ ਪਰ ਪੰਜਾਬ ਵਿਚ ਤਾਂ ਇਸ ਦੀ ਕੋਈ ਗੱਲ ਵੀ ਨਹੀਂ ਕਰਦਾ।' ਵਾਕਏ ਹੀ ਪੰਜਾਬ ਵਿਚ 'ਖਾਲਿਸਤਾਨ' ਦਾ ਨਾਂ ਕੇਵਲ ਇਕ ਬੰਦੇ ਦੇ ਨਾਂ ਨਾਲ ਜੁੜਿਆ ਹੋਇਆ ਹੈ, ਤੇ ਉਸ ਬਾਰੇ ਪੰਜਾਬ ਦੇ ਲੋਕ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੰਜਾਬ ਵਿਚ 'ਸਿਆਸੀ ਤਿਕੜਮਬਾਜ਼ੀ' ਦੀ ਉਹ ਜਿੰਦਾ ਮਿਸਾਲ ਹੈ। ਤੇ ਉਸ ਆਦਮੀ ਦੇ ਕੁਝ ਖਰੀਦੇ ਬੰਦੇ ਤੇ ਖਰੀਦੇ ਅਖਬਾਰ ਜਦ ਅਕਾਲੀ ਦਲ ਦਾ ਬੁਰਕਾ ਪਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਤੇ ਬਾਹਰਲੇ ਦੇਸ਼ਾਂ ਦੇ ਗੁਰੂ ਘਰਾਂ ਵਿਚ ਸ਼ਰੋਮਣੀ ਅਕਾਲੀ ਦਲ ਦਾ ਨਾਂ ਵਰਤਕੇ ਆਪਣੇ ਜ਼ਾਤੀ ਜੱਫਿਆਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿਚ ਰਹਿੰਦੇ ਹਨ, ਤਾਂ ਇਹ ਗੱਲ ਆਮ ਲੋਕਾਂ ਤੋਂ ਬਹੁਤੀ ਦੇਰ ਛੁਪੀ ਨਹੀਂ ਰਹਿ ਸਕਦੀ। (ਬਾਕੀ ਪੰਨਾ 5 ਤੇ)

ਪੰਜਾਬ ਦੀ ਡਾਇਰੀ : ਦਰਬਾਰਾ ਸਿੰਘ ਮੁੜ ਮੁਖ ਮੰਤਰੀ ਬਣੇਗਾ ? ਕਦੇ ਨਹੀਂ!

ਲਖਵਿੰਦਰ ਜੌਹਲ



ਪੰਜਾਬ ਦੇ ਰਾਜਨੀਤਕ ਪਿੜ ਵਿਚ ਇਹ ਚਰਚਾ ਜ਼ੋਰ ਸ਼ੋਰ ਨਾਲ ਹੋ ਰਹੀ ਹੈ ਕਿ ਦਰਬਾਰਾ ਸਿੰਘ ਨੂੰ ਫੇਰ ਪੰਜਾਬ ਦਾ ਮੁਖ ਮੰਤਰੀ ਬਣਾਇਆ ਜਾ ਰਿਹਾ ਹੈ। ਪਹਿਲਾਂ ਪਹਿਲ ਤਾਂ ਇਹ ਗੱਲ ਦਰਬਾਰਾ ਸਿੰਘ ਦੇ ਹਮਾਇਤੀਆਂ ਵਲੋਂ ਉਡਾਈ ਗਈ ਐਵੇਂ ਹਵਾਈ ਮਾਤਰ ਲਗਦੀ ਸੀ ਪਰ ਹੁਣ ਜਦੋਂ ਬਹੁਗਿਣਤੀ ਕਾਂਗਰਸੀਆਂ ਨੇ ਖੁਲ੍ਹੇਆਮ ਰਾਸ਼ਟਰਪਤੀ ਰਾਜ ਦੀਆਂ ਅਸਫਲਤਾ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ ਤਾਂ ਇਹ ਗੱਲ ਕੁਝ ਵਧੇਰੇ ਚਰਚਾ ਫੜ ਗਈ ਹੈ ਕੁਝ ਰਾਜਨੀਤਕ ਦਰਸ਼ਕਾਂ ਨੇ ਤਾਂ ਉਸਨੂੰ ਮੁੜ ਮੁਖ ਮੰਤਰੀ ਬਣਾਏ ਜਾਣ ਦੀ ਤਰੀਕ ਵੀ (ਲਗਭਗ 15 ਜਨਵਰੀ) ਮਿਥ ਦਿਤੀ ਹੈ। ਪਰ ਜੇਕਰ ਸਾਰੇ ਰਾਜਸੀ ਹਾਲਾਤ ਨੂੰ ਨਾਪ ਤੋਲ ਕੇ ਵੇਖਿਆ ਜਾਵੇ ਤਾਂ ਇਹ ਗੱਲ ਕੋਈ ਸੌਖੀ ਨਹੀਂ ਲਗਦੀ।

ਭਾਵੇਂ ਇਹ ਠੀਕ ਹੈ ਕਿ ਕਤਲੋਗਾਰਤ ਅਤੇ ਲੁਟ ਖੋਹ ਦੀਆਂ ਘਟਨਾਵਾਂ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਉਪਰੰਤ ਵੀ ਕੋਈ ਬਹੁਤੀ ਕਮੀ ਨਹੀਂ ਆਈ ਹੈ। ਸਗੋਂ ਉਲਟਾ ਇਹ ਹੋਇਆ ਕਿ ਸਥਾਨਕ ਪੱਧਰਾਂ ਉਤੇ ਕਾਂਗਰਸੀਆਂ ਦੀ ਪੁਛ ਪੜਤਾਲ ਮੱਠੀ ਪੈ ਗਈ ਹੋਣ ਕਰਕੇ ਕਾਂਗਰਸੀ 'ਵਿਚਾਰੇ' ਮੁੜ ਦਰਬਾਰਾ ਸਿੰਘ ਨੂੰ ਹੀ ਲਿਆਉਣ ਦੀਆਂ ਗੱਲਾਂ ਕਰਨ ਲਗ ਪਏ ਹਨ। ਅਮਨ ਕਾਨੂੰਨ ਵਿਚ ਏਨੇ ਲੱਗੇ ਸਮੇਂ ਤਕ ਕੋਈ ਸੁਧਾਰ ਨਾ ਹੋਣ ਵਿਚ ਵੀ ਅਤੇ ਹੁਣ ਕੁਝ ਦਿਨਾਂ ਤੋਂ ਕੁਝ ਅਤਿਵਾਦੀਆਂ ਦੀ ਫੜੋਫੜੀ ਹੋਣ ਵਿਚ ਵੀ ਇਨਾ ਦੀ ਅੰਦਰੂਨੀ ਧੜੇਬੰਦੀ ਜ਼ਿਕਰ ਯੋਗ ਹੈ।

ਇਨ੍ਹਾਂ ਦਿਨਾਂ ਵਿਚ ਜਿਥੇ ਦਰਬਾਰਾ ਸਾਹਿਬ ਦੇ ਬਿਲਕੁਲ ਸਾਹਮਣੇ ਬ੍ਰਹਮਬੂਟਾ ਮਾਰਕਿਟ ਵਿਚ ਇਕ ਅਕਾਲੀ ਮੋਰਚੇ ਦੇ ਵਲੰਟੀਅਰ ਭੰਡਾਲ ਬੇਟ(ਜ਼ਿਲਾ ਕਪੂਰਥਲਾ) ਦੇ ਇਹ ਵਿਅਕਤੀ ਵਰਿਆਮ ਸਿੰਘ ਦਾ ਦਿਨ ਦੀਵੀ ਕਤਲ ਅਤੇ ਸੁਲਤਾਨਪੁਰ ਵਿਚ ਉਥੋਂ ਦੇ ਹੀ ਥਾਣੇਦਾਰ ਭਗਵਾਨ ਸਿੰਘ ਅਤੇ ਉਸਦੇ ਗੰਨਮੈਨ ਸੁਰਿੰਦਰ ਸਿੰਘ ਦੀ ਹਤਿਆ ਅਮਨ ਕਾਨੂੰਨ ਦੀ ਮਿੱਟੀ ਪਲੀਤ ਕਰਨ ਵਾਲੀਆਂ ਅਹਿਮ ਘਟਨਾਵਾਂ ਹਨ ਉਥੇ ਲੁਧਿਆਣੇ ਜ਼ਿਲੇ ਦੇ ਪਿੰਡ ਬੱਸੀਆਂ ਦੇ ਨਿਰੰਕਾਰੀ ਨੂੰ ਵੀਹ ਦਸੰਬਰ ਨੂੰ ਕਤਲ ਕਰਨ ਵਾਲੇ ਮੁਜ਼ਰਮ ਸਰਵਣ ਸਿੰਘ ਤੇ ਬਿੱਕਰ ਸਿੰਘ ਇਕ ਹਫਤੇ ਦੇ ਅੰਦਰ ਅੰਦਰ ਫੜੇ ਜਾਣੇ ਅਤੇ ਅੰਮ੍ਰਿਤਸਰ ਸਟੇਸ਼ਨ ਤੋਂ ਤਰਨਤਾਰਨ ਵਿਚ ਕੋਈ ਵਾਰਦਾਤ ਕਰਨ ਚਲੇ ਚਾਰ ਨਿਹੰਗ-ਦੋਸ਼ੀਆਂ ਤੋਂ ਗ੍ਰਿਫਤਾਰ ਕੀਤੇ ਜਾਣਾ ਅਤੇ ਕਪੂਰਥਲੇ ਜ਼ਿਲੇ ਵਿਚੋਂ ਫਗਵਾੜੇ ਤੋਂ ਕੋਈ ਬੈਂਕ ਡਾਕਿਆਂ ਦੇ ਦੋ ਦੋਸ਼ੀਆਂ ਨੂੰ ਕਾਬੂ ਕੀਤੇ ਜਾਣਾ ਅਤੇ ਦਰਜਨਾਂ ਘਟਨਾਵਾਂ ਅਤੇ ਕਈ ਗਰੋਹਾਂ ਦਾ ਪਤਾ ਲਾ ਲੈਣ ਦਾ ਪੁਲਸ ਵਲੋਂ ਦਾਅਵਾ ਕੀਤਾ ਜਾਣਾ ਕੁਝ ਅਜੇਹੀਆਂ ਘਟਨਾਵਾਂ ਹਨ ਜਿੰਨ੍ਹਾਂ ਨੇ ਅਮਨ ਕਾਨੂੰਨ ਦੀ ਹਾਲਤ ਵਿਚ ਹੋਏ ਕੁਝ ਸੁਧਾਰ ਦੇ ਤੱਥ ਪੇਸ਼ ਕਰ ਦਿਤੇ ਹਨ। ਪੁਲਸ ਨੂੰ ਮਿਲੀ ਇਸ ਸਫਲਤਾ ਦਾ ਰਾਜ਼ ਭਾਵੇਂ ਦਰਬਾਰ ਸਾਹਿਬ ਵਿਚਲੇ ਅਤਿਵਾਦੀ ਗਰੁਪਾਂ ਦੀ ਆਪਸੀ ਖਿਚੋਤਾਣ ਹੋਵੇ, ਉਨ੍ਹਾਂ ਦੀ ਆਪਸੀ ਫੁੱਟ ਜਾਂ ਆਪਸੀ ਦਾਅਵੇਦਾਰੀਆਂ ਦੀ ਦੌੜ ਹੋਵੇ ਪਰ ਪੰਜਾਬ ਵਿਚ ਲਾਗੂ ਕੀਤੇ ਗਏ ਗਵਰਨਰੀ ਰਾਜ ਦੀ ਸਫਲਤਾ ਦਾ ਇਕ ਪੱਖ ਤਾਂ ਇਸ ਨੇ ਉਜਾਗਰ ਜ਼ਰੂਰ ਕੀਤਾ ਹੈ। ਪੰਜਾਬ ਪੁਲਸ ਵਿਚ ਅਮਨ ਕਾਨੂੰਨ ਦੇ ਵਿਕਾਸ ਦੇ ਇੰਸਪੈਕਟਰ ਜਨਰਲ ਪ੍ਰੀਤਮ ਸਿੰਘ ਭਿੰਡਰ ਨੂੰ ਮਿਲੀਆਂ ਇਨ੍ਹਾਂ ਪਹਿਲੀਆਂ ਸਫਲਤਾਵਾਂ ਨੇ ਹੀ ਜਦੋਂ ਦਰਬਾਰਾ ਸਿੰਘ ਨੂੰ ਮੁੜ ਮੁਖ ਮੰਤਰੀ ਬਣਾਏ ਜਾਣ ਦੇ ਚਰਚੇ ਕੁਝ ਮੱਠੇ ਪਾ ਦਿਤੇ ਹਨ ਤਾਂ ਨਿਸਚੇ ਹੀ ਇਕਾ ਦੀ ਧੜੇਬੰਦੀ ਹੋਰ ਉਘੜਦੀ ਦਿਸਦੀ ਹੈ - ਇਕ ਤਾਂ ਇਹ ਸਫਲਤਾ ਹੀ ਪੰਜਾਬ ਪੁਲਸ ਨੂੰ ਉਦੋਂ ਮਿਲੀ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਸੇ ਵੀ ਹੋਰ ਇਕਾ ਆਗੂ ਨੂੰ ਪੰਜਾਬ ਦਾ ਮੁਖ ਮੰਤਰੀ ਬਣਾਏ ਜਾਣ ਦੀ ਹਰ ਸੰਭਾਵਨਾ ਨੂੰ ਰੱਦ ਕਰ ਦਿਤਾ - ਭਾਵੇਂ ਉਹ ਪਟਿਆਲੇ ਵਾਲਾ ਪਾਰਲੀਮੈਂਟ ਮੈਂਬਰ ਅਮਰਿੰਦਰ ਸਿੰਘ ਸੀ ਅਤੇ ਭਾਵੇਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਨਜ਼ਦੀਕੀ ਬਸੰਤ ਸਿੰਘ ਅਤੇ ਭਾਵੇਂ ਬਾਗ਼ੀ ਇਕਾ ਵਿਧਾਇਕ ਬੀਰਦਵਿੰਦਰ ਸਿੰਘ। ਇਸ ਸਾਰੀ ਖਿਚੋਤਾਣ ਵਿਚ ਜਦੋਂ ਬੀਰਦਵਿੰਦਰ ਸਿੰਘ ਹੋਰਾਂ ਨੂੰ ਇਹ ਦਿਸਿਆ ਕਿ ਉਹ ਤਾਂ ਮੁਖ ਮੰਤਰੀ ਬਣ ਹੀ ਨਹੀਂ ਸਕਦੇ ਤਾਂ ਉਨ੍ਹਾਂ ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਉਹ ਮੁੜ ਦਰਬਾਰਾ ਸਿੰਘ ਪੱਖੀ ਹੋ ਗਏ।

ਕੁਝ ਰਾਜਨੀਤਕ ਦਰਸ਼ਕਾਂ ਦਾ ਵੀ ਇਹ ਹੀ ਵਿਚਾਰ ਹੈ ਕਿ ਪ੍ਰੀਤਮ ਸਿੰਘ ਭਿੰਡਰ ਦੀ ਪੰਜਾਬ ਵਿਚ ਨਿਯੁਕਤੀ ਹੀ ਇਸ ਕਰਕੇ ਕੀਤੀ ਗਈ ਸੀ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਅਸਲ ਵਿਚ ਇਹ ਭਾਂਪ ਲਿਆ ਸੀ ਕਿ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੇ ਇਕਾ ਧੜਿਆਂ ਦੀ ਆਪਸੀ ਖਿਚੋਤਾਣ ਹੀ ਅਸਲ ਵਿਚ ਪੰਜਾਬ ਦੇ ਇਹ ਮਸਲੇ ਨੂੰ ਹੋਰ ਹਵਾ ਦੇ ਰਹੀ ਹੈ ਅਤੇ ਇਹ ਮਸਲਾ ਕਿਸੇ ਹੱਲ ਵੱਲ ਇਸੇ ਕਰਕੇ ਨਹੀਂ ਸੀ ਸਰਕ ਰਿਹਾ ਕਿਉਂਕਿ ਇਹ ਗਰੁੱਪ ਮਸਲੇ ਦੇ ਹੱਲ ਵੱਲ ਆਪਣਾ ਧਿਆਨ ਦੇਣ ਦੀ ਥਾਂ ਇਕ ਦੂਜੇ ਦੇ ਗਰੁਪਾਂ ਨੂੰ ਢਾਹ ਲਾਉਣ ਵਲ ਵਧੇਰੇ ਸੁਚੇਤ ਰਹਿੰਦੇ ਸਨ - ਸ਼ਾਇਦ ਇਹੀ ਕਾਰਨ ਸੀ ਕਿ ਢਿਲਵਾਂ ਵਿਚ ਇਕੋ ਫਿਰਕੇ ਦੇ ਬਸ-ਮੁਸਾਫਰਾਂ ਦੇ ਕਤਲ ਉਪਰੰਤ ਮੁਖ ਮੰਤਰੀ ਦਰਬਾਰਾ ਸਿੰਘ ਵਲੋਂ ਕੀਤੀ ਗਈ ਅਸਤੀਫੇ ਦੀ ਪੇਸ਼ਕਸ਼ ਪ੍ਰਧਾਨ ਮੰਤਰੀ ਨੇ ਇਸੇ ਕਰਕੇ ਇਕ ਦਮ ਸਵੀਕਾਰ ਕਰ ਲਈ ਸੀ ਕਿਉਂਕਿ ਉਹ ਸਮਝਦੇ ਸਨ ਕਿ ਪੰਜਾਬ ਦਾ ਰਾਜ ਇਕ ਵਾਰੀ ਸਿਰਫ ਪ੍ਰੀਤਮ ਸਿੰਘ ਭਿੰਡਰ ਦੇ ਹਵਾਲੇ ਕਰਕੇ ਇਹ ਵੇਖ ਲਿਆ ਜਾਵੇ ਕਿ ਇਸਦਾ ਕੁਲ ਸਥਿਤੀ ਉਤੇ ਕੀ ਪ੍ਰਭਾਵ ਪੈਂਦਾ ਹੈ। ਪਰ ਕਾਫੀ ਸਮੇਂ ਤੱਕ ਇਸਦਾ ਕੋਈ ਨਤੀਜਾ ਨਹੀਂ ਨਿਕਲਿਆ ਸ਼ਾਇਦ ਇਸਦਾ ਕਾਰਨ ਇਹ ਵੀ ਹੋਵੇ ਕਿ ਇੰਦਰਾ ਗਾਂਧੀ ਵਲੋਂ ਹਰ ਮੀਟਿੰਗ ਹਰ ਕਾਨਫਰੰਸ ਅਤੇ ਹਰ ਵਿਅਕਤੀ ਨਾਲ ਗਲਬਾਤ ਸਮੇਂ ਦਰਬਾਰਾ ਸਿੰਘ ਦੀ ਸਿਫਤ ਕੀਤੇ ਜਾਣ - ਵਿਰੋਧੀ ਇਕਾ ਗਰੁਪਾਂ ਲਈ ਕੁਝ ਹੈਰਾਨੀਜਨਕ ਹੋਣਾ, ਦਰਬਾਰਾ ਸਿੰਘ ਗਰੁਪ ਵਲੋਂ ਕੁਝ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਦੇ ਰੂਪ ਵਿਚ ਕੁਝ ਵਿਧਾਇਕਾਂ ਅਤੇ ਹੋਰ ਆਗੂਆਂ ਨੂੰ ਦਿੱਤੇ 'ਗੱਫੇ' ਪੰਜਾਬ ਦੀ ਰਾਜਨੀਤੀ ਵਿਚ ਹਮੇਸ਼ਾਂ ਉਸਦੇ ਹੱਕ ਵਿਚ ਰਹੇ ਇਨ੍ਹਾਂ ਸਭਨਾਂ ਵਿਚੋਂ ਸਭ ਤੋਂ ਵੱਧ ਲਾਹੇਵੰਦਾ ਰਿਹਾ ਪੰਜਾਬ ਰਾਜ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਵਜੋਂ ਸਾਬਕ ਅਕਾਲੀ ਆਗੂ ਗੁਰਮੀਤ ਸਿੰਘ ਦੇ ਪੁਤਰ ਜਗਮੀਤ ਸਿੰਘ ਬਰਾੜ ਨੂੰ ਨਿਯੁਕਤ ਕਰਨਾ। ਇਸ ਨਿਯੁਕਤੀ ਨਾਲ ਜਿਥੇ ਦਰਬਾਰਾ ਸਿੰਘ ਨੇ ਅਕਾਲੀ ਮਲਵਈ ਗੜਾਂ ਵਿਚ ਆਪਣੇ ਗਰੁਪ ਦੇ ਪੈਰ ਗੱਡੇ ਉਥੇ ਇਕਾ ਧੜੇਬੰਦੀ ਵਿਚ ਹਰਚਰਨ ਸਿੰਘ ਬਰਾੜ ਵਰਗਿਆਂ ਨੂੰ ਗੁੱਠੇ ਲਾਉਣ ਲਈ ਵੀ ਨਵਾਂ ਪੈਂਤੜਾ ਬਨ੍ਹਿਆ।

ਇਕਾ ਦੀ ਨਵੀਂ ਕਤਾਰਬੰਦੀ ਵਿਚ ਦਰਬਾਰਾ ਸਿੰਘ ਵਿਰੋਧੀ ਅਤੇ ਅਮਰਿੰਦਰ ਸਿੰਘ ਪੱਖੀ, ਜਿੰਨਾ ਬਾਰੇ ਰਾਜੀਵ ਗਾਂਧੀ ਦੀ ਲਾਬੀ ਹੋਣਾ ਕਿਹਾ ਜਾਂਦਾ ਹੈ, ਆਪਣਾ ਸਾਰਾ ਤਾਣ ਲਾ ਕੇ ਪ੍ਰਧਾਨ ਮੰਤਰੀ ਨੂੰ ਨਾ ਤਾਂ ਅਕਾਲੀ ਦਲ ਨਾਲ ਕੁਲੀਸ਼ਨ ਬਣਾਉਣ ਲਈ ਹੀ ਰਾਜ਼ੀ ਕਰ ਸਕੇ ਹਨ ਅਤੇ ਨਾ ਹੀ ਆਪਣੇ ਗਰੁਪ ਵਿਚ ਕਿਸੇ ਨੂੰ ਮੁਖ ਮੰਤਰੀ ਬਣਾ ਕੇ ਪੰਜਾਬ ਵਿਚ ਮੁੜ ਇਕਾ ਸਰਕਾਰ ਕਾਇਮ ਕਰਨ ਬਾਰੇ।

ਇਨਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਮਾਲਵੇ ਦੇ ਕਿਸਾਨਾਂ ਵਲੋਂ ਦੋ ਜਨਵਰੀ ਨੂੰ ਨਰਮੇ ਨੂੰ ਨੁਕਸਾਨ ਹੋਣ ਦਾ ਮੁਆਵਜ਼ਾ ਮੰਗਣ ਲਈ ਕੀਤਾ ਗਿਆ ਸਤਿਆਗ੍ਰਹਿ ਹੈ। ਮਾਲਵੇ ਦੇ ਪੰਜ ਖੇਤਰਾਂ ਅਬੋਹਰ, ਬਠਿੰਡਾ, ਬਰਨਾਲਾ, ਮੁਕਤਸਰ ਅਤੇ ਫਰੀਦਕੋਟ ਵਿਚ ਹਜ਼ਾਰਾਂ ਕਿਸਾਨਾਂ ਵਲੋਂ ਗ੍ਰਿਫਤਾਰੀਆਂ ਦਿਤੀਆਂ ਗਈਆਂ। ਦੋਹਾਂ ਕਮਿਊਨਿਸਟ ਪਾਰਟੀਆਂ ਨਾਲ ਸਬੰਧਤ ਕਿਸਾਨ ਸਭਾਵਾਂ ਅਤੇ ਅਕਾਲੀ ਦਲ ਦੇ ਪ੍ਰਭਾਵ ਹੇਠਲੇ ਕਿਸਾਨਾਂ ਵਲੋਂ ਕੀਤੇ ਗਏ ਇਸ ਸਾਂਝੇ ਐਕਸ਼ਨ ਦੀ ਹਮਾਇਤ ਜਨਤਾ ਪਾਰਟੀ ਦੇ ਪੰਜਾਬ ਯੂਨਿਟ ਨੇ ਵੀ ਕੀਤੀ ਹੈ। ਇਸ ਅੰਦੋਲਨ ਦਾ ਦਿਲਚਸਪ ਪਹਿਲੂ ਇਹ ਹੈ ਕਿ ਅਕਾਲੀ ਦਲ ਅੰਦਰ ਬਾਦਲ ਧੜੇ ਦੇ ਪ੍ਰਭਾਵ ਨੇ ਪਹਿਲੀ ਵਾਰੀ ਅਕਾਲੀ ਦਲ ਨੂੰ ਕਿਸੇ ਆਰਥਿਕ ਰਾਜਨੀਤਕ ਮਸਲੇ ਉਤੇ ਹੋਰ ਪਾਰਟੀਆਂ ਅਤੇ ਅਤੇ ਵਿਸ਼ੇਸ਼ ਕਰਕੇ ਕਮਿਊਨਿਸਟ ਪਾਰਟੀਆਂ ਨਾਲ ਮਿਲਕੇ ਕਾਰਵਾਈ ਕਰਨ ਲਈ ਰਾਜ਼ੀ ਕਰ ਲਿਆ। ਇਸ ਕਾਰਵਾਈ ਨਾਲ ਇਕ ਪਾਸੇ ਤਾਂ ਅਕਾਲੀ ਦਲ ਦਾ ਧਾਰਮਿਕ ਪ੍ਰਭਾਵ ਕੁਝ ਮੱਠਾ ਪਿਆ ਅਤੇ ਦੂਸਰੇ ਪਾਸੇ ਸਾਡੀਆਂ ਮੰਗਾਂ ਲਈ ਅੰਦੋਲਨ ਦੀ ਸ਼ਕਤੀ ਵਧੀ ਅਤੇ ਤੀਸਰੇ ਪਾਸੇ ਇਕਾ ਸਰਕਾਰ ਦੀਆਂ ਨੀਤੀਆਂ ਉਤੇ ਇਸਦਾ ਪ੍ਰਭਾਵ ਪੈਣ ਦੀ ਸੰਭਾਵਨਾ ਵਧੀ ਅਤੇ ਇਸ ਐਕਸ਼ਨ ਦਾ ਚੌਥਾ ਅਤੇ ਮਹਤਵਪੂਰਨ ਪੱਖ ਅਕਾਲੀ ਦਲ ਦੀ ਆਪਣੀ ਧੜੇਬੰਦੀ ਵਿਚ ਨਰਮ ਧੜੇ ਦੇ ਆਗੂਆਂ ਦੀ ਜਿੱਤ ਹੈ। ਇਸ ਐਕਸ਼ਨ ਦੇ ਫੈਸਲੇ ਤੋਂ ਐਨ ਦੋ ਦਿਨ ਮਗਰੋਂ ਹੀ ਅਕਾਲੀ ਵਿਧਾਇਕ ਫੱਤਣਵਾਲਾ ਨੇ ਸੰਤ ਲੌਂਗੋਵਾਲ ਅਤੇ ਜਥੇਦਾਰ ਟੌਹੜਾ ਉਤੇ ਹਮਲਾ ਬੋਲਦਿਆਂ ਹੋਇਆਂ ਬਾਦਲ ਨੂੰ ਇਕੋ ਇਕ ਸਿਆਣਾ ਆਗੂ ਅਤੇ ਉਸਦਾ ਹੀ ਹੁਕਮ ਮੰਨਣ ਦੀ ਗੱਲ ਆਖ ਦਿਤੀ - ਇਸ ਤਰਾਂ ਕਤਲੋਗਾਰਤ ਅਤੇ ਲੁਟਾਂ ਖੋਹਾਂ ਦਾ ਕਿਤੇ ਕਿਤੇ ਜਾਰੀ ਰਹਿਣਾ - ਕੁਝ ਅਤਿਵਾਦੀ ਦੋਸ਼ੀਆਂ ਦੀ ਫੜੋਫੜੀ ਸ਼ੁਰੂ ਹੋਣਾ - ਦਰਬਾਰਾ ਸਿੰਘ ਨੂੰ ਮੁੜ ਮੁਖ ਮੰਤਰੀ ਬਣਾਏ ਜਾਣ ਦਾ ਚਰਚਾ ਹੋਣਾ - ਪਰ ਫੇਰ ਮੱਠਾ ਪੈਣਾ - ਅਤਿਵਾਦੀ ਗਰੁਪਾਂ ਦੀ ਖਿਚੋਤਾਣ - ਅਕਾਲੀ ਦਲ ਦੇ ਗਰਮ ਅਤੇ ਨਰਮ ਧੜੇ ਵਿਚੋਂ ਨਰਮ ਧੜੇ ਦੀਆਂ ਕੁਝ ਗੱਲਾਂ ਮੰਨੀਆਂ ਜਾਣਾ ਅਤੇ ਨਰਮ ਧੜੇ ਦੇ ਆਗੂਆਂ(ਫੱਤਣਵਾਲਾ) ਦੀ ਵੱਡੀ ਲੀਡਰਸ਼ਿਪ ਉਤੇ ਖੁਲ੍ਹਾ ਵਾਰ ਕਰਨਾ ਅਤੇ ਹੋਰ ਵਿਰੋਧੀ ਪਾਰਟੀਆਂ ਨਾਲ ਮਿਲਕੇ ਐਕਸ਼ਨ ਕਰਨ ਨੂੰ ਤਰਜੀਹ ਦੇਣਾ ਆਦਿ ਇਨ੍ਹਾਂ ਦਿਨਾਂ ਦੀਆਂ ਅਜੇਹੀਆਂ ਘਟਨਾਵਾਂ ਹਨ ਜਿਹੜੀਆਂ ਪੰਜਾਬ ਦੀ ਰਾਜਨੀਤੀ ਵਿਚ ਛੇਤੀ ਹੀ ਕਿਸੇ ਵੱਡੀ ਤਬਦੀਲੀ ਦੀਆਂ ਸੂਚਕ ਹਨ - ਜਿਵੇਂ ਜਿਵੇਂ ਅਕਾਲੀ ਦਲ ਵਲੋਂ ਮੋਰਚੇ ਨੂੰ ਦਿਤੀ ਜਾਣ ਵਾਲੀ ਨਵੀਂ ਸ਼ਕਲ ਦੀ ਡੈਡਲਾਈਨ 26 ਜਨਵਰੀ ਨੇੜੇ ਆ ਰਹੀ ਹੈ ਉਵੇਂ ਉਵੇਂ ਇਨਾਂ ਘਟਨਾਵਾਂ ਦਾ ਵੇਗ ਕੁਝ ਹੋਰ ਤਿੱਖਾ ਹੋ ਰਿਹਾ ਹੈ - ਇਸ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਚਕਾਰ ਪੈਦਾ ਹੋਏ ਮਤਭੇਦਾਂ ਦਾ ਕਿੰਨਾ ਕੁ ਹਿਸਾ ਹੈ ਇਸ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਦਰਬਾਰਾ ਸਿੰਘ ਬਾਰੇ ਮੁੜ ਸ਼ੁਰੂ ਹੋਏ ਚਰਚੇ ਵਿਚ ਇਨਾਂ ਮਤਭੇਦਾਂ ਦਾ ਕੁਝ ਹਿਸਾ ਜ਼ਰੂਰ ਸਮਝਿਆ ਜਾ ਸਕਦਾ ਹੈ ਪਰ ਇਸ ਹਿਸੇ ਵਿਚੋਂ ਅਗੇ ਅਤਿਵਾਦੀਆਂ ਦੀ ਫੜੋਫੜੀ ਅਤੇ ਭਿੰਡਰਾਂਵਾਲੇ ਵਿਰੁਧ ਅਤੇ ਬਬਰ ਖਾਲਸਾ ਜਥੇਬੰਦੀ ਵਿਰੁਧ ਦਰਜ ਹੋਏ ਮੁਕੱਦਮਿਆਂ ਵਿਚ ਕਿੰਨਾ ਹਿਸਾ ਹੈ ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ। ਉਂਝ ਇੰਨਾਂ ਨਵੀਆਂ ਤਬਦੀਲੀਆਂ ਨੇ ਪੰਜਾਬ ਵਿਚ ਦਰਬਾਰਾ ਸਿੰਘ ਦੀ ਹੀ ਅਗਵਾਈ ਵਿਚ ਬਣਨ ਵਾਲੀ ਕਿਸੇ ਸਰਕਾਰ ਦੀ ਸੰਭਾਵਨਾ ਫੇਰ ਰੱਦ ਕਰ ਦਿਤੀ ਹੈ।



ਰੋਜ਼ਾਨਾ ਪੰਜਾਬੀ ਟ੍ਰਿਬੀਊਨ ਦੇ ਸੰਪਾਦਕ ਬਰਜਿੰਦਰ ਸਿੰਘ 'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਦਰਸ਼ਨ ਗਿੱਲ ਨਾਲ

ਪੰਜਾਬ ਦਰਪਣ

ਅੰਮ੍ਰਿਤਸਰ ਨੇੜੇ ਟਰੱਕ ਡਰਾਈਵਰ ਕਤਲ

ਅੰਮ੍ਰਿਤਸਰ—ਅੰਮ੍ਰਿਤਸਰ ਤੋਂ ਦਸ ਕਿਲੋਮੀਟਰ ਦੂਰ ਦਬੁਰਜੀ ਮਹਿਸੂਲ ਚੂੰਗੀ ਲਾਗੇ ਪੰਜ ਵਿਅਕਤੀਆਂ ਨੇ ਇਕ ਤੇਲ ਟਰੱਕ ਡਰਾਈਵਰ ਕਿਦਾਰਨਾਥ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿਤਾ। ਇਹ ਪੰਜ ਵਿਅਕਤੀਆਂ ਨੇ ਪਹਿਲਾਂ ਤਰਨਤਾਰਨ ਸੜਕ ਤੇ ਇਕ ਟਰੱਕ ਵਾਲੇ ਨੂੰ ਬੰਦੂਕ ਦਿਖਾ ਕੇ, ਸਮਾਧ ਬਾਬਾ ਨੌਧ ਸਿੰਘ ਜੋ ਪੱਚੀ ਕਿਲੋਮੀਟਰ ਦੂਰ ਹੈ, ਟਰੱਕ ਦੀਆਂ ਚਾਬੀਆਂ ਖੋਹ ਲਈਆਂ ਅਤੇ ਰਾਹ ਵਿਚ ਹੋਰ ਟਰੱਕਾਂ ਵਾਲਿਆਂ ਨੂੰ ਵੀ ਲੁੱਟਦੇ ਆਏ।

ਪੁਲਸ ਦੇ ਐਸ. ਐਸ. ਪੀ. ਸ੍ਰੀ ਅਜੈਪਾਲ ਸਿੰਘ ਮਾਨ ਅਨੁਸਾਰ ਕਥਿਤ ਦੋਸ਼ੀਆਂ ਨੇ ਪਹਿਲਾਂ ਇਕ ਟਰੱਕ ਜਿਸ ਦਾ ਨੰਬਰ ਪੀ. ਐਨ. ਐਫ. 5983 ਸੀ ਅਤੇ ਜੋ ਕਣਕ ਨਾਲ ਲੱਦਿਆ ਹੋਇਆ ਸੀ ਉਸਦੇ ਡਰਾਈਵਰ ਬਲਜੀਤ ਸਿੰਘ ਤੋਂ 180 ਰੁਪਏ ਵੀ ਖੋਹ ਲਏ ਅਤੇ ਟਰੱਕ ਦੀਆਂ ਚਾਬੀਆਂ ਵੀ ਖੋਹ ਲਈਆਂ। ਟਰੱਕ ਕਣਕ ਲੈ ਕੇ ਤਲਵੰਡੀ ਭਾਈ ਤੋਂ ਅੰਮ੍ਰਿਤਸਰ ਨੂੰ ਆ ਰਿਹਾ ਸੀ। ਇਹ ਘਟਨਾ ਤੜਕੇ ਇਕ ਵਜੇ ਵਾਪਰੀ।

ਟਰੱਕ ਡਰਾਈਵਰ ਬਲਜੀਤ ਸਿੰਘ ਨੇ ਕਿਹਾ "ਮੈਂ ਸਮਾਧ ਬਾਬਾ ਨੌਧ ਸਿੰਘ ਤੇ ਪੈਸੇ ਚੜ੍ਹਾਉਣ ਲਈ ਉਤਰਿਆ ਅਤੇ ਟਰੱਕ ਚਲਦਾ ਹੀ ਛੱਡ ਗਿਆ। ਇਹ ਦੋਸ਼ੀ ਅੰਮ੍ਰਿਤਸਰ ਤੱਕ ਜਾਣਾ ਚਾਹੁੰਦੇ ਸਨ। ਉਨ੍ਹਾਂ ਨੇ ਮੈਨੂੰ ਬੰਦੂਕ ਦਿਖਾ ਕੇ ਚਾਬੀਆਂ ਲੈ ਲਈਆਂ ਅਤੇ ਇਕ ਜਾਣਾ ਡਰਾਈਵਰ ਦੀ ਸੀਟ ਤੇ ਬੈਠ ਗਿਆ। ਅੱਗੇ ਜਾ ਕੇ ਟਰੱਕ ਵਿਚੋਂ ਪਟਰੌਲ ਮੁਕ ਗਿਆ ਤਾਂ ਉਨ੍ਹਾਂ ਨੇ ਅੱਗਿਓਂ ਆਉਂਦੇ ਹੋਰ ਟਰੱਕ ਨੂੰ ਖੜਾ ਕੀਤਾ ਅਤੇ ਉਸਤੋਂ ਪੰਦਰਾਂ ਸੌ ਰੁਪਏ ਖੋਹ ਲਏ। ਇਸੇ ਤਰ੍ਹਾਂ ਇਕ ਹੋਰ ਟਰੱਕ ਰੋਕਿਆ ਗਿਆ ਅਤੇ ਕਲੀਨਰ ਬਾਹਰ ਨਿਕਲਿਆ। ਇਸ ਟਰੱਕ ਦਾ ਡਰਾਈਵਰ ਕਲੀਨਰ ਨੂੰ ਉਥੇ ਹੀ ਛੱਡ ਟਰੱਕ ਭਜਾ ਕੇ ਲੈ ਗਿਆ।" ਇਸੇ ਰੌਲੇ ਗੌਲੇ ਵਿਚ ਬਲਜੀਤ ਸਿੰਘ ਉਥੋਂ ਭੱਜ ਨਿਕਲਿਆ ਅਤੇ ਮਹਿਸੂਲ ਚੂੰਗੀ ਤੇ ਨਿਕਲਿਆ।

ਦੋਸ਼ੀਆਂ ਨੇ ਇਕ ਹੋਰ ਤੇਲ ਵਾਲਾ ਟਰੱਕ ਫੜਿਆ ਅਤੇ ਜੰਡਿਆਲੇ ਵੱਲ ਨੂੰ ਲੈ ਗਏ। ਕਿਦਾਰਨਾਥ, ਜਿਸਦੀ ਉਮਰ 32 ਸਾਲ ਦੀ ਦੱਸੀ ਗਈ ਹੈ ਦੂਜੇ ਤੇਲ ਟਰੱਕ ਦਾ ਡਰਾਈਵਰ ਸੀ ਅਤੇ ਉਸਨੇ ਜੰਡਿਆਲਾ ਪੁਲਸ ਸਟੇਸ਼ਨ ਤੇ ਪੁਲਸ ਨੂੰ ਇਸ ਸਬੰਧੀ ਸੂਚਨਾ ਦਿਤੀ। ਜਦ ਕਿਦਾਰਨਾਥ ਮੁੜ ਕੇ ਮਹਿਸੂਲ ਚੂੰਗੀ ਤੇ ਆਇਆ ਤਾਂ ਪਹਿਲਾ ਤੇਲ ਦਾ ਟਰੱਕ ਮਹਿਸੂਲ ਚੂੰਗੀ ਤੇ ਹੀ ਆ ਖੜਾ ਸੀ। ਕਿਦਾਰਨਾਥ ਨੂੰ ਦੇਖਦੇ ਸਾਰ ਦੋਸ਼ੀਆਂ ਨੇ ਗੋਲੀਆਂ ਨਾਲ ਭੁੰਨ ਦਿਤਾ। ਏਨੇ ਵਿਚ ਪੁਲਸ ਵੀ ਪਹੁੰਚ ਗਈ ਅਤੇ ਜਦ ਤੱਕ ਦੋਸ਼ੀ ਫਰਾਰ ਹੋ ਚੁਕੇ ਸਨ।

ਜੰਮੂ ਵਿਚ ਫੜੇ 'ਅਤਿ-ਵਾਦੀਆਂ' ਵਲੋਂ ਜ਼ੁਰਮਾਂ ਦਾ ਇਕਬਾਲ

ਜੰਮੂ—ਪੰਜਾਬ ਦੇ ਚਾਰ ਕਥਿਤ 'ਅਤਿਵਾਦੀ' ਜੋ ਪੁਲੀਸ ਝੜਪ ਵਿਚ ਜੰਮੂ ਲਾਗੇ ਫੜੇ ਗਏ ਸਨ ਉਨ੍ਹਾਂ ਨੇ ਪੁਲਸ ਕੋਲ ਆਪਣੇ ਜ਼ੁਰਮਾਂ ਦਾ ਇਕਬਾਲ ਕਰ ਲਿਆ ਹੈ। ਇਨ੍ਹਾਂ ਚਾਰ ਕਥਿਤ ਦੋਸ਼ੀਆਂ ਨੇ ਪੁਲਸ ਕੋਲ ਮੰਨਿਆ ਕਿ ਉਨ੍ਹਾਂ ਨੇ ਇਕ ਪੁਲਸ ਅਧਿਕਾਰੀ ਦਾ ਕਤਲ ਵੀ ਕੀਤਾ ਅਤੇ ਇਕ ਬੈਂਕ ਵੀ ਲੁਟੀ।

ਪੁਲਸ ਅਨੁਸਾਰ ਉਨ੍ਹਾਂ ਨੇ ਆਪਣੇ ਆਪ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਚੇਲੇ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੇ ਸੰਤ ਭਿੰਡਰਾਂਵਾਲੇ ਨਾਲ ਬੜੇ ਨਜ਼ਦੀਕੀ ਸਬੰਧ ਹਨ। ਕਥਿਤ ਦੋਸ਼ੀਆਂ ਵਲੋਂ ਮੰਨਿਆ ਗਿਆ ਕਿ ਉਨ੍ਹਾਂ ਨੇ ਹਵਾਲਦਾਰ ਮੱਖਣ ਸ਼ਿੰਘ ਦਾ ਕਤਲ ਕੀਤਾ ਜਿਹੜਾ ਕਿ ਉਨ੍ਹਾਂ ਦੀ ਹਿਟ ਲਿਸਟ ਤੇ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਸਾਡੇ ਅਤੇ ਸੰਤਾਂ ਵਿਚਕਾਰ ਸਬੰਧ ਬਣਾਉਣ ਵਿਚ ਇਕ ਰੀਟਾਇਰ ਫੌਜੀ ਅਫਸਰ ਨੇ ਵੀ ਰੋਲ ਅਦਾ ਕੀਤਾ। ਪੁਲਸ ਅਨੁਸਾਰ ਇਨ੍ਹਾਂ ਦੋਸ਼ੀਆਂ ਨੇ ਕਿਹਾ ਕਿ ਜਿਹੜੇ ਦੋਵੇਂ ਪਸਤੌਲ ਉਨ੍ਹਾਂ ਕੋਲੋਂ ਫੜੇ ਗਏ ਹਨ ਇਹ ਉਸੇ ਰੀਟਾਇਰ ਫੌਜੀ ਅਫਸਰ ਨੇ ਉਨ੍ਹਾਂ ਨੂੰ ਦਿੱਤੇ। ਇਨ੍ਹਾਂ ਪਸਤੌਲਾਂ ਉਤੇ ਵਿਦੇਸ਼ੀ ਮੁਲਕ ਦੇ ਨਿਸ਼ਾਨ ਹਨ।

ਸ਼ੀਸ਼ਾ ਬਨਣ ਦੀ ਰੀਝ ਵੀ ਲਹਿ ਜਾਏਗੀ ਤਿਰੀ,
ਪੱਥਰ ਦੇ ਰੂਬਰੂ ਕਦੇ ਹੋਣਾ ਜਦੋਂ . ਪਿਆ।

(ਪੰਨਾ 4 ਦੀ ਬਾਕੀ)

ਪੰਜਾਬ ਲੋਕ ਦੇਸ਼ ਖਾਤਰ ਹਮੇਸ਼ਾਂ ਢਾਲ ਬਣਕੇ ਲੜੇ ਹਨ ਤੇ ਇਹ ਹੀ ਪਾਲਿਸੀ 1920 ਤੋਂ ਲੈ ਕੇ ਸਿੱਖ ਸੰਸਥਾਵਾਂ ਤੇ ਸ਼ਰੋਮਣੀ ਅਕਾਲੀ ਦਲ ਨੇ ਅਪਣਾਈ ਹੈ। ਇਸੇ ਲਈ ਸੰਤ ਲੌਂਗੋਵਾਲ ਅਜਿਹੇ ਅਨਸਰ ਵਿਰੁਧ ਹਮੇਸ਼ਾਂ ਸਪੱਸ਼ਟ ਕਹਿੰਦੇ ਹਨ ਕਿ ਸਾਡਾ ਅਜਿਹੇ ਗੰਦੇ ਅਨਸਰ ਨਾਲ ਕੋਈ ਵਾਸਤਾ ਨਹੀਂ। ਪਰ ਅਜਿਹਾ ਅਨਸਰ ਕੇਵਲ ਸਿਖੀ ਦਾ ਨਾਂ ਹੀ ਬਦਨਾਮ ਨਹੀਂ ਕਰ ਰਿਹਾ, ਸਗੋਂ ਦੇਸ਼-ਧ੍ਰੋਹੀ ਕਾਰਵਾਈਆਂ ਵਿਚ ਵੀ ਭਾਈਵਾਲ ਬਣ ਰਿਹਾ ਹੈ। ਇਸ ਗੰਦੇ ਅਨਸਰ ਨੂੰ ਸਤਿਕਾਰਤ ਨਾਂ ਦੇ ਕੇ ਤੇ ਇਨਾਂ ਦੀਆਂ ਕਾਰਵਾਈਆਂ ਨੂੰ ਬਹਾਦਰੀ ਦੱਸ ਕੇ ਬਾਹਰਲੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ।

(ਚਲਦਾ)

'ਮੇਰੀ ਗੈਰ ਜ਼ਿੰਮੇਵਾਰੀ ਸਾਬਤ ਹੋ ਜਾਵੇ ਤਾਂ ਗਰਿਫਤਾਰੀ ਦੇਦੇਵਾਂਗਾ—ਭਿੰਡਰਾਂਵਾਲਾ

ਅੰਮ੍ਰਿਤਸਰ — ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਚੈਲੰਜ ਕੀਤਾ ਹੈ ਕਿ ਜੇ ਉਹ ਉਹਨਾਂ ਦੇ ਬਿਆਨਾ ਨੂੰ ਗੈਰ ਜ਼ਿੰਮੇਵਾਰਾਨਾ ਸਾਬਤ ਕਰ ਦੇਣ ਤਾਂ ਉਹ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦੇਣਗੇ।

ਸੰਤ ਨੇ ਇਹ ਚੈਲੰਜ ਉਸ ਵੇਲੇ ਕੀਤਾ ਜਦ ਪਤਰਕਾਰਾਂ ਨੇ ਉਹਨਾਂ ਦਾ ਧਿਆਨ ਪ੍ਰਧਾਨ ਮੰਤਰੀ ਦੇ ਛਪੇ ਉਸ ਬਿਆਨ ਵਲ ਦੁਆਇਆ ਕਿ ਸੰਤ ਭਿੰਡਰਾਂਵਾਲਾ ਗੈਰ ਜ਼ਿਮੁਵਾਰਾਨਾ ਬਿਆਨ ਦੇ ਰਹੇ ਹਨ ਪਰ ਪੰਜਾਬ ਦਾ ਮਾਹੌਲ ਹੋਰ ਖਰਾਬ ਹੋਣ ਦੇ ਡਰ ਕਾਰਨ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ।

ਸੰਤ ਨੇ ਕਿਹਾ ਕਿ ਉਸ ਨੇ ਕਦੇ ਵੀ ਪਹਿਲ ਨਹੀਂ ਕੀਤੀ। ਉਹ ਹਮੇਸ਼ਾਂ ਉਤਰ ਦਿੰਦੇ ਹਨ। ਜਦੋਂ ਵੀ ਸਰਕਾਰ ਜਾਂ ਹੋਰ ਕੋਈ ਸਿੱਖ-ਵਿਰੋਧੀ ਜਥੇਬੰਦੀ ਉਹਨਾਂ ਸਬੰਧੀ ਜਾਂ ਸਿੱਖਾਂ ਦੇ ਹਿਤਾਂ ਵਿਰੁਧ ਬਿਆਨ ਦਿੰਦੀ ਹੈ।

ਸੰਤ ਨੇ ਕਿਹਾ ਕਿ ਏਡੇ ਵਡੇ ਉਹਦੇ ਤੇ ਬੈਠ ਕੇ ਸ੍ਰੀਮਤੀ ਇੰਦਰਾ ਗਾਂਧੀ ਝੂਠ ਬੋਲ ਰਹੇ ਹਨ। ਉਹਨਾਂ ਵਿਚ ਜੇ ਰਤਾ ਵੀ ਅਣਖ ਹੈ ਤਾਂ ਉਹਨਾਂ ਨੂੰ ਪ੍ਰਧਾਨ ਮੰਤਰੀ ਦੇ ਉਹਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਇਕ ਪ੍ਰਸ਼ਨ ਦੇ ਉਤਰ ਵਿਚ ਸੰਤ ਜੀ ਨੇ ਕਿਹਾ ਕਿ ਕਿਸੇ ਹਿੰਦੂ ਵਲੋਂ ਸ੍ਰੀ ਹਰਿਮੰਦਰ ਸਾਹਿਬ ਉਡਾ ਦੇਣ ਦੀ ਧਮਕੀ ਦਿੱਤੀ ਤੇ ਕਈ ਦਿਨ ਹੋ ਗਏ ਹਨ ਕੋਈ ਵੀ ਅਕਾਲੀ ਆਗੂ ਇਸ ਸਬੰਧ ਵਿਚ ਹੁਣ ਤਕ ਕੁਝ ਨਹੀਂ ਬੋਲਿਆ, ਉਹ ਇਸ ਕਰਕੇ ਨਹੀਂ ਬੋਲੇ ਕਿ ਉਹਨਾਂ ਦੇ ਬਿਆਨ ਦੇਣ ਉਪਰੰਤ ਤੂਫਾਨ ਖੜਾ ਹੋ ਜਾਵੇਗਾ। ਉਹ ਤਾਂ ਉਦੋਂ ਹੀ ਉਤਰ ਦੇਣ ਗੇ ਜਦੋਂ ਕੋਈ ਸ੍ਰੀ ਹਰਿਮੰਦਰ ਸਾਹਿਬ ਨੂੰ ਉਡਾਉਣ ਵਾਸਤੇ ਏਥੇ ਆਵੇਗਾ।

ਸੰਤ ਨੇ ਇਸ ਗਲ ਤੇ ਸਖਤ ਗੁੱਸਾ ਪ੍ਰਗਟ ਕੀਤਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁਰਮਤ ਟਰੇਨਿੰਗ ਕੈਂਪ ਦੀ ਸਮਾਪਤੀ ਸਮੇਂ ਉਹਨਾਂ ਵਲੋਂ ਦਿਤੇ ਭਾਸ਼ਨ ਨੂੰ ਅਖਬਾਰਾਂ ਨੇ ਤਰੋੜ ਮਰੋੜ ਕੇ ਛਾਪਿਆ ਹੈ। ਉਹਨਾਂ ਨੇ ਜੋ ਗੱਲਾਂ ਕੀਤੀਆਂ ਸਨ ਉਹ ਪ੍ਰੈਸ ਨੇ ਨਹੀਂ ਛਾਪੀਆਂ।

ਸੰਤ ਨੇ ਕਿਹਾ ਅਕਾਲੀ ਦਲ ਵਲੋਂ ਵਰਤਮਾਨ ਮੋਰਚੇ ਦੌਰਾਨ ਅਪਨਾਏ ਸ਼ਾਂਤਮਈ ਰਾਹ ਨੂੰ ਉਹਨਾਂ ਨੇ ਹਾਸੋਹੀਣਾ ਨਹੀਂ ਸੀ ਕਿਹਾ ਉਹਨਾਂ ਨੇ ਤਾ ਕਿਹਾ ਸੀ ਕਿ ਸ਼ਾਂਤਮਈ ਦਾ ਰਾਹ ਸ਼੍ਰੋਮਣੀ ਅਕਾਲੀ ਦਲ ਨੇ ਹੀ ਆਪਣੀ ਹੋਂਦ ਤੋਂ ਲੈ ਕੇ ਹੁਣ ਤਕ ਅਪਣਾਈ ਰਖਿਆ ਹੈ ਪਰ ਗੁਰੂ ਸਾਹਿਬ ਨੇ ਅਤੇ ਸਿੱਖ ਸ਼ਹੀਦੀਆਂ ਦਾ ਇਤਹਾਸ ਇਸ ਗਲ ਦਾ ਗਵਾਹ ਹੈ ਕਿ ਸਮੇਂ ਸਮੇਂ ਸ਼ਾਂਤਮਈ ਸੰਘਰਸ਼ ਪਿਛੋਂ ਸ਼ਹਾਦਤ ਦਾ ਹੱਕ ਲੈਣ ਲਈ ਦੂਜਾ ਰਾਹ ਅਪਣਾਇਆ ਜਾਂਦਾ ਰਿਹਾ ਹੈ। ਉਨ੍ਹਾਂ ਮਸਾਲਾਂ ਦਿੰਦਿਆਂ ਦਸਿਆ ਕਿ ਜੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿ ਕੇ ਸ਼ਹਾਦਤ ਦਿਤੀ ਤਾਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਸ ਦਾ ਹੱਕ ਲਿਆ। ਜੇ ਨੌਵੇਂ ਗੁਰੂ ਨੇ ਸ਼ਾਂਤਮਈ ਰਹਿ ਕੇ ਸ਼ਹਾਦਤ ਦਿਤੀ ਤਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਹੱਕ ਲਿਆ। ਜੇ ਛੋਟੇ ਸਾਹਿਬਜ਼ਾਦਿਆਂ ਨੇ ਸ਼ਾਂਤਮਈ ਰਹਿ ਕੇ ਸ਼ਹਾਦਤ ਦਿਤੀ ਅਤੇ ਸਰਹੰਦ ਦੀਆਂ ਨੀਂਹਾਂ ਵਿਚ ਚਿਣੇ ਗਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਇਸ ਦਾ ਹੱਕ ਲਿਆ ਪਰ ਹੁਣ ਤਕ ਬਣੇ ਅਕਾਲੀ ਦਲ ਦੇ ਪ੍ਰਧਾਨਾਂ ਨੇ ਕਦੇ ਵੀ ਇਕ ਪ੍ਰਧਾਨ ਦੇ ਸ਼ਾਂਤਮਈ ਸੰਘਰਸ਼ ਦਾ ਦੂਜਾ ਰਾਹ ਅਪਨਾਉਣ ਦਾ ਹਕ ਨਹੀਂ ਲਿਆ।

ਸਿਆਲਦਾ ਐਕਸਪ੍ਰੈਸ ਦੇ ਹਾਦਸੇ ਦੇ ਸਬੰਧ ਵਿਚ ਗ੍ਰਿਫਤਾਰੀਆਂ

ਮੰਡੀ ਗੋਬਿੰਦਗੜ੍ਹ — ਬੀਤੇ ਸਾਲ ਇਥੇ ਸਿਆਲਦਾ ਐਕਸਪ੍ਰੈਸ ਨੂੰ ਪੇਸ਼ ਆਈ ਦੁਰਘਟਨਾ ਦੇ ਸਬੰਧ ਵਿਚ ਸੀ.ਆਈ.ਏ. ਸਟਾਫ ਸਰਹੰਦ ਨੇ ਇਥੋਂ ਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਦਕਿ ਇਸ ਸਿਲਸਿਲੇ ਵਿਚ ਲੋੜੀਂਦਾ ਇਕ ਹੋਰ ਵਿਅਕਤੀ ਜੋ ਉਘਾ ਕਾਰਖਾਨੇਦਾਰ ਹੈ ਅੰਡਰ ਗਰਾਊਂਡ ਹੋਗਿਆ ਹੈ।

ਪੁਲੀਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਪਰੋਕਤ ਦੁਰਘਟਨਾ ਤੋਂ ਪਹਿਲਾਂ ਅਤੇ ਹੁਣ ਤਕ ਉਪਰੋਕਤ ਕਾਰਖਾਨੇਦਾਰ ਦੇ ਘਰ ਅਤੇ ਫੈਕਟਰੀ ਵਿਚ ਕੁਝ ਖਾਸ ਲੋਕਾਂ ਨੂੰ ਹਥਿਆਰਬੰਦ ਟ੍ਰੇਨਿੰਗ ਦਿਤੀ ਜਾਂਦੀ ਰਹੀ ਹੈ ਅਤੇ ਗ੍ਰਿਫਤਾਰ ਵਿਅਕਤੀਆਂ ਦੇ ਕਾਰਖਾਨੇਦਾਰ ਨਾਲ ਗਹਿਰੇ ਸਬੰਧ ਹਨ। ਪੁਲੀਸ ਨੂੰ ਇਸ ਗੁਪਤ ਟ੍ਰੇਨਿੰਗ ਦੇ ਮਾਮਲੇ ਵਿਚ ਹੀ ਉਪਰੋਕਤ ਕਾਰਖਾਨੇਦਾਰ ਦੀ ਖਾਸ ਲੋੜ ਹੈ।

ਪਾਵੇ ਸੀ.ਆਈ.ਏ. ਸਟਾਫ ਨੇ ਗ੍ਰਿਫਤਾਰ ਵਿਅਕਤੀਆਂ ਨੂੰ ਪੁਛਗਿਛ ਪਿਛੋਂ ਛੱਡ ਦਿਤਾ ਪਰ ਪੁੱਛਗਿਛ ਦੌਰਾਨ ਜਿਹੜੀ ਜਾਣਕਾਰੀ ਮਿਲੀ ਹੈ ਪੁਲੀਸ ਅਨੁਸਾਰ ਉਹ ਕਾਫੀ ਮਹੱਤਵ-ਪੂਰਨ ਹੈ ਤੇ ਉਸ ਤੋਂ ਰੇਲ ਦੁਰਘਟਨਾ ਦਾ ਭੇਦ ਖੁਲ੍ਹਣ ਦੀ ਆਸ ਹੈ।

ਦਰਬਾਰ ਸਾਹਿਬ ਦੇ ਅਹਾਤੇ ਵਿਚ ਕਤਲ-ਕਹਾਣੀ-ਪਿਆਰ-ਕਹਾਣੀ

ਲਖਵਿੰਦਰ ਜੌਹਲ

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਹਾਤੇ ਵਿਚ ਇਕ ਸਿੱਖ ਨੌਜਵਾਨ ਸੰਤੋਖ ਦਾ ਕਤਲ ਅਤੇ ਵਿਚ ਰਹਿੰਦੇ ਅਤਿਵਾਦੀ ਗਰੁਪਾਂ ਵਿਚਕਾਰ ਤਨਾਓ ਅਤੇ ਸਿੱਖ ਜਗਤ ਲਈ ਅਜੀਬ ਬੁਝਾਰਤ ਬਣਿਆ ਹੋਇਆ ਹੈ। ਕੋਈ ਪੰਦਰਾਂ ਕੁ ਦਿਨ ਪਹਿਲਾਂ ਸੰਤੋਖ ਸਿੰਘ ਦੇ ਵਾਰਸਾਂ ਵਲੋਂ ਇਥੇ ਇਕ ਰੋਸ ਵਿਖਾਵਾ ਵੀ ਕੀਤਾ ਗਿਆ ਸੀ ਜਿਸ ਵਿਚ ਜ਼ਿੰਮੇਵਾਰ ਅਕਾਲੀ ਆਗੂਆਂ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਹੁਦੇਦਾਰਾਂ ਤੋਂ ਮੰਗ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਦਸਿਆ ਜਾਵੇ ਕਿ ਸੰਤੋਖ ਸਿੰਘ ਦੀ ਹਤਿਆ ਕਿਸਨੇ ਕੀਤੀ ਹੈ ਜਾਂ ਜੇਕਰ ਉਹ ਜਿਉਂਦਾ ਹੈ ਤਾਂ ਕਿੱਥੇ ਹੈ ?

ਹੁਣ ਇਸ ਕਥਿਤ ਕਤਲ ਬਾਰੇ ਸਾਹਮਣੇ ਆ ਰਹੇ ਕੁਝ ਤੱਥਾਂ ਤੋਂ ਜਾਪਦਾ ਹੈ ਇਕ ਕਤਲ ਪਿਛੇ ਵੀ ਕੋਈ ਰੋਮਾਂਸ ਕਹਾਣੀ ਹੈ। ਕਿਉਂਕਿ ਦਰਬਾਰ ਸਾਹਿਬ ਅਹਾਤੇ ਵਿਚ ਦੋ ਅਤਿਵਾਦੀ ਔਰਤਾਂ ਕਰਕੇ ਗਰੁਪਾਂ ਵਿਚ ਖਿਚਾਅ ਕਾਫੀ ਸਮੇਂ ਤੋਂ ਬਣਿਆ ਹੋਇਆ ਹੈ।.... ਸੰਤੋਖ ਸਿੰਘ ਅੰਮ੍ਰਿਤਧਾਰੀ ਸਿਖ ਸੀ ਅਤੇ ਹਮੇਸ਼ਾਂ ਕਾਲਾ ਬਾਣਾ ਪਹਿਨਦਾ ਸੀ। ਤਰਨਤਾਰਨ ਦਾ ਰਹਿਣ ਵਾਲਾ ਇਹ ਵਿਅਕਤੀ ਮੈਟਾਡੋਰ ਚਲਾਉਂਦਾ ਸੀ ਪਰ ਕੁਝ ਸਮਾਂ ਪਹਿਲਾਂ ਉਸ ਵਿਰੁਧ ਇਕ ਮੁਕਦਮਾ ਦਰਜ ਹੋਣ ਕਾਰਨ ਉਹ ਦਰਬਾਰ ਸਾਹਿਬ ਵਿਚ ਆ ਗਿਆ ਸੀ। ਫੇਰ ਪਤਾ ਨਹੀਂ ਲੱਗਿਆ ਕਿ ਉਹ ਕਿਥੇ ਚਲਾ ਗਿਆ। ਵਖ ਵਖ ਅਤਿਵਾਦੀ ਗਰੁਪ ਉਸਦੇ ਕਤਲ ਬਾਰੇ ਇਕ ਦੂਜੇ ਉਤੇ ਦੋਸ਼ ਲਾ ਰਹੇ ਹਨ। ਅਕਾਲੀ ਦਲ ਦੇ ਯੂਥ ਵਿੰਗ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਵਿਰੁਧ ਉਸਦੇ ਕਤਲ ਦਾ ਮੁਕਦਮਾ ਦਰਜ ਹੋ ਚੁਕਾ ਹੈ। ਪਰ ਫੇਰ ਵੀ ਦਰਬਾਰ ਸਾਹਿਬ ਅਹਾਤੇ ਵਿਚ ਰਹਿਣ ਵਾਲੇ ਜਾਂ ਅੰਦਰਲੀ ਹਾਲਤ ਦੀ ਸਾਰ ਰੱਖਣ ਵਾਲੇ ਖੁਲਮ ਖੁਲ੍ਹਾ ਇਹ ਦੋਸ਼ ਲਾ ਰਹੇ ਹਨ ਕਿ ਸੰਤੋਖ ਸਿੰਘ ਨੂੰ ਇਕ ਵਿਅਕਤੀ ਨੇ ਨਹੀਂ ਘੱਟ ਤੋਂ ਘੱਟ ਤਿੰਨ ਵਿਅਕਤੀਆਂ ਨੇ ਗੁਰੂ ਰਾਮਦਾਸ ਸਰਾਂ ਵਿਚ ਕਤਲ ਕੀਤਾ ਹੈ। ਇਕ ਅਤਿਵਾਦੀ ਆਗੂ ਨੇ ਇਸ ਘਟਨਾ ਬਾਰੇ ਵਿਸਥਾਰ ਨਾਲ ਦਸਦਿਆਂ ਕਿਹਾ ਹੈ ਕਿ ਸੰਤੋਖ ਸਿੰਘ ਦਾ ਅਤਿਵਾਦੀ ਸਿੱਖ ਨੌਜਵਾਨਾਂ ਨਾਲ ਕੋਈ ਤਕਰਾਰ ਹੋ ਗਿਆ ਸੀ ਅਤੇ ਉਹ ਕੁਟਮਾਰ ਤੱਕ ਉਤਰ ਆਏ ਪਰ ਕੁਟਮਾਰ ਏਨੀ ਹੋ ਗਈ ਕਿ ਉਹ ਸੱਟਾਂ ਦੀ ਤਾਬ ਨਾ ਝਲਦਾ ਹੋਇਆ ਦੇਹਾਂਤ ਪਾ ਗਿਆ। ਉਸਦਾ ਕਹਿਣਾ ਹੈ ਕਿ ਇਨਾਂ ਨੌਜਵਾਨਾਂ ਦਾ ਉਸਨੂੰ ਮਾਰਨ ਦਾ ਅਸਲ ਕੋਈ ਇਰਾਦਾ ਨਹੀਂ ਸੀ - ਇਸ ਘਟਨਾ ਨੂੰ ਪੂਰੀ ਤਰ੍ਹਾਂ ਗੁਪਤ ਰਖਣ ਦਾ ਯਤਨ ਕੀਤਾ ਗਿਆ ਇਸ ਕਰਕੇ ਮੌਤ ਤੋਂ ਅਗਲੀ ਰਾਤ ਨੂੰ ਸੰਤੋਖ ਸਿੰਘ ਦੀ ਲਾਸ਼ ਦੇ ਟੋਟੇ ਕਰਕੇ ਉਨ੍ਹਾਂ ਨੂੰ ਬੋਰੀ ਵਿਚ ਪਾ ਕੇ ਇਕ ਵੱਡੇ ਆਗੂ ਦੀ ਕਾਰ ਰਾਹੀਂ ਰਾਤ ਦੇ ਹਨੇਰੇ ਵਿਚ ਕਿਤੇ ਬਾਹਰ ਸੁਟਿਆ ਗਿਆ ਜਿਸ ਬਾਰੇ ਅਜੇ ਤਕ ਪਤਾ ਨਹੀਂ ਲਗ ਸਕਿਆ। ਇਹ ਵੀ ਪਤਾ ਲੱਗਿਆ ਕਿ ਹੁਣ ਤੱਕ ਦਰਬਾਰ ਸਾਹਿਬ ਅਹਾਤੇ ਵਿਚ ਸੱਤ ਨੌਜਵਾਨਾਂ ਦੀ ਇਸ ਤਰਾਂ ਹਤਿਆ ਹੋ ਚੁਕੀ ਹੈ। ਅਤੇ ਉਨਾਂ ਦੀਆਂ ਲਾਸ਼ਾਂ ਨੂੰ ਬਾਹਰ ਕਿਤੇ ਸੁਟ ਦਿਤਾ ਜਾਂਦਾ ਹੈ। ਕੁਝ ਸਮਾਂ ਪਹਿਲਾਂ ਤਾਂ ਕੁਝ ਲਾਸ਼ਾਂ ਪਿਛਲੇ ਪਾਸੇ ਵਾਲੀ ਗਲੀ ਵਿਚ ਸੀਵਰੇਜ ਦੇ ਮੇਨਹੋਲਾਂ ਵਿਚ ਵੀ ਮਿਲਦੀਆਂ ਰਹੀਆਂ ਹਨ। ਇਹ ਕਤਲ ਕੌਣ ਕਰਦਾ ਹੈ ? ਕਿਉਂ ਕਰਦਾ ਹੈ ? ਇਹ ਬੁਝਾਰਤ ਅਜੇ ਤਕ ਪੂਰੀ ਤਰ੍ਹਾਂ ਨਹੀਂ ਬੁਝੀ ਗਈ। ਭਾਵੇਂ ਕਿ ਇਹ ਸਭ ਨੂੰ ਪਤਾ ਹੈ ਕਿ ਇਸਦਾ ਇਕੋ ਇਕ ਕਾਰਨ ਅਤਿਵਾਦੀ ਗਰੁਪਾਂ ਦੀ ਅੰਦਰੂਨੀ ਲੜਾਈ ਹੈ। ਇਕ ਹੋਰ ਸੂਚਨਾ ਅਨੁਸਾਰ ਅਤਿਵਾਦੀ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪਿਛਲੇ ਸਮੇਂ ਤੋਂ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਆਪਣੇ ਵਿਗੜੇ ਸੰਬੰਧਾਂ ਕਰਕੇ ਨਿੱਜੀ ਤੌਰ ਉਤੇ ਕਾਫੀ ਦੂਰ ਚਲਿਆ ਗਿਆ ਹੈ ਅਤੇ ਦੋਹਾਂ ਸੰਤਾਂ ਦੀ ਆਪਸੀ ਵਿਰੋਧਤਾ ਇਥੋਂ ਤੱਕ ਪਹੁੰਚ ਗਈ ਹੈ ਕਿ ਭਿੰਡਰਾਂਵਾਲੇ ਨੇ ਦਰਬਾਰ ਸਾਹਿਬ ਅਹਾਤੇ ਵਿਚ ਹੋਣ ਵਾਲੇ ਸਮਾਗਮਾਂ ਵਿਚ ਹਾਜ਼ਰ ਹੋਣਾ ਅਕਸਰ ਬੰਦ ਕਰ ਦਿਤਾ ਹੈ। ਪਿਛਲੇ ਕਾਫੀ ਸਮੇਂ ਤੋਂ ਭਿੰਡਰਾਂਵਾਲੇ ਨੇ ਮੰਜੀ ਸਾਹਿਬ ਦੀਵਾਨ ਵਿਚ ਕੋਈ ਭਾਸ਼ਨ ਨਹੀਂ ਦਿਤਾ। ਇਹ ਵੀ ਪਤਾ ਲਗਾ ਹੈ ਕਿ ਭਿੰਡਰਾਂਵਾਲੇ ਨੇ ਜਥੇਦਾਰ ਟੌਹੜਾ ਨਾਲ ਕੀਤੀ ਇਕ ਗੁਪਤ ਵਾਰਤਾ ਵਿਚ ਉਸਨੂੰ ਸਪਸ਼ਟ ਕਹਿ ਦਿਤਾ ਹੈ ਕਿ ਗੁਰੂ ਦੇ ਸਿੱਖ ਹੋਣ ਦੇ ਅਤੇ ਉਸਦਾ ਆਪਣੇ ਪਹਿਲਾਂ ਲਏ ਕਿਸੇ ਵੀ ਪੈਂਤੜੇ ਤੋਂ ਪਰਤਣਾ ਅਸੰਭਵ ਹੈ ਇਸੇ ਕਰਕੇ ਉਹ ਮੁੜ ਕੇ ਗੁਰੂ ਨਾਨਕ ਨਿਵਾਸ ਵਿਚ ਵੀ ਜਾਣ ਲਈ ਰਾਜ਼ੀ ਨਹੀਂ ਹੋਇਆ। ਦਰਬਾਰ ਸਾਹਿਬ ਸੂਤਰਾਂ ਅਨੁਸਾਰ ਸੰਤ ਭਿੰਡਰਾਂਵਾਲਾ ਅਜ ਕੱਲ ਰਾਤ ਅਤੇ - ਵਿਸਰਾਮ — ਵੇਲੇ ਅਕਾਲ ਤਖਤ ਸਾਹਿਬ ਦੇ ਨੇੜੇ ਤੇੜੇ ਹੀ ਰਹਿੰਦਾ ਹੈ ਅਤੇ ਉਂਝ ਦਿਨ ਵੇਲੇ 'ਗੁਰੂ ਕੇ ਲੰਗਰ' ਲਈ ਬਣੀ ਵੱਡੀ ਇਮਾਰਤ ਦੀ ਛੱਤ ਉਤੇ ਘੁੰਮਦਾ ਫਿਰਦਾ ਹੈ ਜਦੋਂ ਕਿ ਉਸਨੇ ਆਪਣੀਆਂ ਗੱਡੀਆਂ, ਅਤੇ ਹੋਰ ਸਾਜ਼ੋ ਸਮਾਨ ਜਿਨਾਂ ਵਿਚ ਵਿਸ਼ੇਸ਼ ਤੌਰ ਉਤੇ ਉਸਦੇ ਹਥਿਆਰ ਸ਼ਾਮਲ ਹਨ, ਤਲਵੰਡੀ ਅਕਾਲੀ ਦਲ ਦੇ ਦਫਤਰ ਅਗੇ ਜਮ੍ਹਾਂ ਕੀਤੀਆਂ ਹੋਈਆਂ ਹਨ ਉਸ ਵਲੋਂ ਆਪਣੇ ਸੁਨੇਹਿਆਂ ਵਗੈਰਾ ਲਈ ਟੈਲੀਫੋਨ ਵੀ ਤਲਵੰਡੀ ਅਕਾਲੀ ਦਲ ਦੇ ਦਫਤਰ ਦਾ ਹੀ ਵਰਤਿਆ ਜਾਂਦਾ ਹੈ।

'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ।

ਭਾਰਤ ਦਰਪਣ

ਕੁਰੱਪਟ ਕੇਰਲ ਮੁੱਖ ਮੰਤਰੀ ਦੀ ਇੰਦਰਾ ਗਾਂਧੀ ਵਲੋਂ ਪਰਦਾ-ਪੋਸ਼ੀ

ਕੋਚੀਨ — ਕੇਰਲਾ ਦੇ ਸਾਬਕਾ ਮੁੱਖ ਮੰਤਰੀ ਅਤੇ ਸੀ.ਪੀ.ਆਈ.(ਐਮ) ਆਗੂ ਸਾਥੀ ਈ.ਕੇ.ਨਾਇਨਾਰ ਨੇ ਏਥੇ ਕਿਹਾ ਕਿ ਕੇਰਲਾ ਦੇ ਲੋਕ ਪਰਧਾਨ ਮੰਤਰੀ ਇੰਦਰਾ ਗਾਂਧੀ ਦੀ ਤਰੀਵਿੰਦਰਮ ਵਿਖੇ ਕੀਤੀ ਗਈ ਇਸ ਵਿਆਖਿਆ ਨੂੰ ਪਰਵਾਨ ਨਹੀਂ ਕਰਨਗੇ ਕਿ ਉਨ੍ਹਾਂ ਦੇ ਕਹਿਣ ਤੇ ਮੁੱਖ ਮੰਤਰੀ ਕੇ.ਕਰੁਨਾਕਰਨ ਨੇ ਦਸੰਬਰ ਦੇ ਆਰੰਭ ਵਿਚ ਬੰਬਈ ਦੇ ਅਚਨਚੇਤ ਦੌਰੇ ਕੀਤੇ।

ਏਥੇ ਜਾਰੀ ਇਕ ਬਿਆਨ ਵਿਚ ਸਾਥੀ ਨਾਇਨਾਰ ਨੇ ਸੁਆਲ ਕੀਤਾ ਕਿ ਜੇ ਇਹ ਫੇਰੀ ਕਾਂਗਰਸ ਆਈ ਦੇ ਪ੍ਰਧਾਨ ਦੀ ਬੇਨਤੀ ਤੇ ਪਾਈ ਗਈ ਤਾਂ ਇਸ ਬਾਰੇ ਮਹਾਂਰਾਸ਼ਟਰ ਦੀ ਸਰਕਾਰ ਨੂੰ ਕਿਉਂ ਨਾ ਸੂਚਿਤ ਕੀਤਾ ਗਿਆ।

ਯਾਦ ਰਹੇ ਕੇਰਲਾ ਦੇ ਮੁੱਖ ਮੰਤਰੀ ਦੀ ਬੰਬਈ ਫੇਰੀ ਦੀ ਆਪੋਜ਼ੀਸ਼ਨ ਪੌਰਟੀਆਂ ਵਲੋਂ ਸਖਤ ਨੁਕਤਾਚੀਨੀ ਹੋਈ ਸੀ ਅਤੇ ਇਹ ਦੋਸ਼ ਲਾਏ ਗਏ ਸਨ ਕਿ ਉਹਨਾਂ ਨੇ ਬੰਕਈ ਦਾ ਖੁਫੀਆ ਦੌਰਾ ਆਪਣੇ ਜਾਤੀ ਲਾਭਾਂ ਖਾਤਰ ਜਾਂ ਆਪਣੇ ਹਮਾਇਤੀਆਂ ਨੂੰ ਲਾਭ ਪਹੁੰਚਾਉਣ ਖਾਤਰ ਕੀਤਾ।

ਸਾਥੀ ਨਾਇਨਾਰ ਨੇ ਕਿਹਾ ਕਿ ਜਿਥੇ ਪ੍ਰਧਾਨ ਮੰਤਰੀ ਨੇ ਕਰਨਾਕੁਰਨ ਦੀ ਬੰਬਈ ਫੇਰੀ ਦੀ ਜ਼ੁਮੇਵਾਰੀ ਲਈ ਹੈ ਓਥੇ ਉਹਨਾਂ ਨੇ ਆਪੋਜ਼ੀਸ਼ਨ ਵਲੋਂ ਉਸ ਵਿਰੁਧ ਕੁਰਪਸ਼ਨ ਦੇ ਲਾਏ ਗਏ ਅਲਜ਼ਾਮਾਂ ਬਾਰੇ ਕੁਝ ਵੀ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਕੇਵਲ ਨਿਰੱਪਖ ਪੜਤਾਲ ਹੀ ਅਸਲੀ ਤੱਥ ਸਾਹਮਣੇ ਲਿਆ ਸਕਦੀ ਹੈ।

ਯਾਦ ਰਹੇ ਕੇਰਲਾ ਦੇ ਮੁੱਖ ਮੰਤਰੀ ਦੇ ਇਸ ਖੁਫੀਆ ਦੌਰੇ ਦੀ ਕੇਰਲਾ ਅਸੰਬਲੀ ਵਿਚ ਹੀ ਨਹੀਂ ਸਗੋਂ ਪ੍ਰੈਸ ਵਿਚ ਵੀ ਕਾਫੀ ਚਰਚਾ ਹੋਈ ਸੀ। ਆਪਣੇ ਇਸ ਖੁਫੀਆ ਦੌਰੇ ਸਮੇਂ ਉਹ ਬੰਬਈ ਵਿਚ ਇਕਸਨਅਤੀ ਘਰਾਣੇ ਦੇ ਨਿਵਾਸ ਅਸਥਾਨ ਵਿਚ ਰਹੇ। ਇਸ ਸਨਅਤੀ ਘਰਾਣੇ ਦੀਆਂ ਕੇਰਲਾ ਵਿਚ ਸਨਅਤਾਂ ਹਨ। ਇਸ ਸਨਅਤੀ ਘਰਾਣੇ ਨੂੰ ਮੁੱਖ ਮੰਤਰੀ ਨੇ ਕੇਰਲਾ ਵਿਚ ਬਹੁਤ ਸਾਰੀਆਂ ਰਿਆਇਤਾਂ ਦਿਤੀਆਂ ਹਨ ਤੇ ਹੋਰ ਲਾਭ ਪਹੁੰਚਾਏ ਹਨ। ਇਹ ਵੀ ਖਬਰਾਂ ਹਨ ਕਿ ਇਸ ਸਨਅਤੀ ਘਰਾਣੇ ਨਾਲ ਅੰਦਰਖਾਤੇ ਮੰਤਰੀ ਦੇ ਪੁਤੱਰ ਦੀ ਭਾਈਵਾਲੀ ਹੈ।

ਭਾਰਤ ਵਲੋਂ ਕਰਜ਼ਾ ਲੈਣ ਤੋਂ ਨਾਂਹ


ਨਵੀਂ ਦਿੱਲੀ—ਪ੍ਰਾਪਤ ਖਬਰਾਂ ਅਨੁਸਾਰ ਭਾਰਤ ਸਰਕਾਰ ਨੇ ਅੰਤਰ ਰਾਸ਼ਟਰੀ ਮੁਦਰਾ ਫੰਡ ਵਿਚੋਂ ਮਨਜ਼ੂਰ ਹੋਇਆ ਇਕ ਬਿਲੀਅਨ ਡਾਲਰ ਦਾ ਕਰਜਾ ਲੈਣ ਤੋਂ ਇਨਕਾਰ ਕਰ ਦਿਤਾ ਹੈ। ਭਾਰਤ ਸਰਕਾਰ ਦੇ ਸੂਤਰਾਂ ਅਨੁਸਾਰ ਇਹ ਕਰਜ਼ਾ ਇਸ ਲਈ ਲੈਣ ਤੋਂ ਨਾਂਹ ਕਰ ਦਿਤੀ ਗਈ ਹੈ ਕਿ ਸਰਕਾਰ ਕੋਲ ਬਾਹਰਲੀ ਅਦਾਇਗੀ ਕਰਨ ਲਈ ਵਿਦੇਸ਼ੀ ਮੁਦਰਾ ਦੀ ਕਾਫੀ ਰਾਸ਼ੀ ਮੌਜੂਦ ਹੈ ਇਸ ਲਈ ਅੰਤਰ ਰਾਸ਼ਟਰੀ ਮੁਦਰਾ ਫੰਡ ਤੋਂ ਕਰਜ਼ਾ ਲੈਣ ਦੀ ਲੋੜ ਨਹੀਂ ਰਹੀ। ਭਾਰਤ ਸਰਕਾਰ ਆਪਣੇ ਵਿਦੇਸ਼ੀ ਸਾਧਨਾਂ ਨੂੰ ਯੋਗ ਪ੍ਰਬੰਧ ਥੱਲੇ ਲਿਆ ਕੇ ਅਜਿਹੇ ਕਰਜ਼ੇ ਲੈਣ ਤੋਂ ਸੰਕੋਚ ਕਰੇਗੀ।

ਹਿੰਦ-ਪਾਕਿ ਸਾਂਝੇ ਕਮਿਸ਼ਨ ਦੀਆਂ ਮੀਟਿੰਗਾਂ ਜਾਰੀ

ਇਸਲਾਮਾਬਾਦ—ਇਥੇ ਹਿੰਦ-ਪਾਕਿ ਸਾਂਝੇ ਕਮਿਸ਼ਨ ਦੀਆਂ ਦੋ ਸਬ ਕਮੇਟੀਆਂ ਦੀਆਂ ਮੀਟਿੰਗਾਂ ਚਾਲੂ ਹੋ ਗਈਆਂ ਹਨ। ਜਿੰਨਾਂ ਵਿਚ ਦੋਵਾਂ ਮੁਲਕਾਂ ਵਿਚਕਾਰ ਵਿਦਿਆ ਸਮਾਜਿਕ ਵਿਗਿਆਨ, ਕਲਚਰ, ਖੇਡਾਂ ਅਤੇ ਸੈਰ ਸਪਾਟੇ ਬਾਰੇ ਗੱਲਬਾਤ ਚਲ ਰਹੀ ਹੈ। ਭਾਰਤੀ ਡੈਲੀਗੇਸ਼ਨ ਨੂੰ ਵਪਾਰ ਸਕੱਤਰ ਆਬਦ ਹੁਸੈਨ ਅਗਵਾਈ ਦੇ ਰਹੇ ਹਨ। ਆਰਥਿਕ ਮਸਲਿਆਂ ਉਤੇ ਇਕ ਵੱਖਰੀ ਸਬ ਕਮੇਟੀ ਗੱਲਬਾਤ ਲਈ ਪਹੁੰਚੀ ਹੈ। ਇਹ ਮੀਟਿੰਗਾਂ ਅਗਲੇ ਪੜਾਅ ਵਿਚ ਨਵੀਂ ਦਿੱਲੀ ਜਾਰੀ ਰਹਿਣਗੀਆਂ।



ਸਵਰਗੀ ਗੁਰਮੁਖ ਸਿੰਘ ਮੁਸਾਫਰ ਸ਼ਰਧਾਂਜਲੀ ਸਮਾਗਮ



ਨਵੀਂ ਦਿੱਲੀ—ਸਵਰਗੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ 85ਵੇਂ ਜਨਮ ਦਿਨ ਤੇ ਇਸ ਸ਼ਰਧਾਂਜਲੀ ਸਮਾਗਮ ਅੰਤਰ ਰਾਸ਼ਟਰੀ ਪੰਜਾਬੀ ਸੁਸਾਇਟੀ ਵਲੋਂ ਆਯੋਜਤ ਕੀਤਾ ਗਿਆ ਜਿਥੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ ਦੇਸ਼ ਭਗਤਕ ਅਤੇ ਸਾਹਿਤਕ ਕਾਰਨਾਮਿਆਂ ਤੇ ਰੌਸ਼ਨੀ ਪਾਈ ਗਈ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਗਿਆਨੀ ਮੁਸਾਫਰ ਬਾਰੇ ਬੋਲਦਿਆਂ ਕਿਹਾ ਕਿ ਉਹ ਸਭ ਤੋਂ ਅੱਗੇ ਹੋ ਕੇ ਲੜਨ ਵਾਲੇ ਆਜ਼ਾਦੀ ਦੇ ਘੁਲਾਟੀਏ ਸਨ। ਗੁਰਮੁਖ ਸਿੰਘ ਮੁਸਾਫਰ ਇਸ ਸਿਆਸੀ ਆਗੂ ਅਤੇ ਸਾਹਿਤਕ ਰੁਚੀਆਂ ਦੇ ਵਿਲੱਖਣ ਸੁਮੇਲ ਸਨ। ਇਸ ਸਮੇਂ ਸੁਸਾਇਟੀ ਵਲੋਂ ਕੇਂਦਰੀ ਮੰਤਰੀ ਸ. ਬੂਟਾ ਸਿੰਘ ਨੂੰ ਮੁਸਾਫਰ ਟਰਾਫੀ ਦੇ ਕੇ ਉਨ੍ਹਾਂ ਦੇ ਏਸ਼ੀਆਡ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਿਆ ਗਿਆ।

ਸੁਰਜੀਤ ਬਾਰੇ ਮੈਚ ਹੁਣ ਦਿੱਲੀ 'ਚ ਕਰਨ ਦਾ ਫੈਸਲਾ

ਅੰਮ੍ਰਿਤਸਰ — ਹਿੰਦ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਾਲੇ ਸੁਰਜੀਤ ਬੈਨੀਫਿਟ ਹਾਕੀ ਮੈਚ ਜਾਲੰਧਰ ਦੀ ਬਜਾਏ ਅਗਲੇ ਮਹੀਨੇ ਕਿਸੇ ਸਮੇਂ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਹੋਵੇਗਾ।

ਇਥੇ ਇਹ ਐਲਾਨ ਕਰਦਿਆਂ ਖੇਡ ਮੰਤਰੀ ਸ: ਬੂਟਾ ਸਿੰਘ ਨੇ ਕਿਹਾ ਕਿ ਤਰੀਕ ਦਾ ਫੈਸਲਾ ਭਾਰਤੀ ਉਲੰਪਿਕ ਐਸੋਸੀਏਸ਼ਨ ਅਤੇ ਭਾਰਤੀ ਹਾਕੀ ਫੈਡਰੇਸ਼ਨ ਦੇ ਅਧਿਕਾਰੀਆਂ ਨਾਲ ਮਸ਼ਵਰੇ ਪਿਛੋਂ ਕੀਤਾ ਜਾਏਗਾ। ਉਹਨਾਂ ਕਿਹਾ ਕਿ ਦਿੱਲੀ ਵਿਚ ਮੈਚ ਜ਼ੋਰਦਾਰ ਢੰਗ ਨਾਲ ਕੀਤਾ ਜਾਏਗਾ।

ਸ੍ਰੀ ਬੂਟਾ ਸਿੰਘ ਨੇ ਸੁਰਜੀਤ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਨਾਲ ਸਬੰਧ ਕਾਇਮ ਕਰਕੇ ਆਪਣੀ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਪੰਜ ਵਾਰ ਦੁਨੀਆਂ ਦੀ ਤਬਾਹੀ ਯੋਗੇ ਪ੍ਰਮਾਣੂ ਹਥਿਆਰ

ਚੰਡੀਗੜ੍ਹ — ਇਸ ਵੇਲੇ ਸੰਸਾਰ ਵਿਚ 16000 ਮੈਗਾਟਨ ਤੋਂ ਵਧੇਰੇ ਪ੍ਰਮਾਣੂ ਹਥਿਆਰ ਹਨ ਜੋ ਦੁਨੀਆਂ ਨੂੰ ਚਾਰ ਪੰਜ ਵਾਰ ਤਬਾਹ ਕਰ ਸਕਦੇ ਹਨ।

'ਪ੍ਰਮਾਣੂ ਜੰਗ ਦੇ ਖਤਰੇ' ਦੇ ਵਿਸ਼ੇ ਉਤੇ ਪੇਂਡੂ ਤੇ ਸਨਅਤੀ ਵਿਕਾਸ ਵਿਚ ਖੋਜ ਲਈ ਕੇਂਦਰ ਵਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਯੂਨੈਸਕੋ ਦੇ ਐਗਜ਼ੈਕਟਿਵ ਡਾਇਰੈਕਟਰ ਟੀ.ਐਨ.ਕੌਲ ਨੇ ਕਿਹਾ ਕਿ ਪ੍ਰਮਾਣੂ ਜੰਗ ਦਾ ਖਤਰਾ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਹੁਣ ਅਟਲ ਹੈ।

ਹਰੀਜਨਾਂ ਵਲੋਂ ਇਸਲਾਮ ਧਰਮ ਅਪਨਾਉਣ ਦਾ ਰਾਜ਼ ਕੀ ਸੀ ?

ਰਾਮਨਾਥਪੁਰ—ਕੀ ਇਹ ਪੈਟਰੋ ਡਾਲਰ ਹਨ ਜਾਂ ਖਾੜੀ ਖੇਤਰ ਵਿਚ ਨੌਕਰੀਆਂ ਦਾ ਲਾਲਚ ਹੈ ਜਾਂ ਇਸਲਾਮ ਲਈ ਪ੍ਰੇਮ ਹੈ ਜਾਂ ਫਿਰ ਸਮਾਨਤਾ ਲਈ ਖਾਹਿਸ਼ ਹੈ, ਜਿਸ ਨੇ 4000 ਹਰੀਜਨਾਂ ਨੂੰ ਪਿਛਲੇ ਦੋ ਸਾਲਾਂ ਵਿਚ ਤਾਮਲਨਾਡੂ ਦੇ ਰਾਮਨਾਥਪੁਰਮ ਜ਼ਿਲੇ ਵਿਚ ਇਸਲਾਮ ਅਪਨਾਉਣ ਲਈ ਉਕਸਾਇਆ।

ਮਦੂਰਾਈ ਰੇਂਜ ਵਿਚ ਪੁਲਸ ਦੇ ਡਿਪਟੀ ਇੰਸਪੈਕਟਰ ਜਨਰਲ ਜੀ. ਵੀ. ਰਾਘਵਨ ਦਾ ਕਹਿਣਾ ਹੈ ਕਿ ਇਸ ਦਾ ਕਾਰਨ ਖਾੜੀ ਖੇਤਰ ਵਿਚ ਨੌਕਰੀਆਂ ਦਾ ਲਾਲਚ ਹੈ। ਉਹਨਾਂ ਕਿਹਾ ਕਿ ਸਾਡੇ ਕੋਲ ਇਸ ਤਰ੍ਹਾਂ ਦੇ ਕੁਝ ਸਬੂਤ ਮੌਜੂਦ ਹਨ ਜੋ ਇਹ ਦਰਸਾਉਂਦੇ ਹਨ ਕਿ ਉਕਤ ਕਾਰਨ ਦੇ ਸਿਟੇ ਵਜੋਂ ਉਹ ਇਸਲਾਮ ਕਬੂਲ ਕਰਨ ਲਈ ਉਕਸਾਏ ਗਏ ਤੇ ਇਸ ਮਾਮਲੇ ਦੀ ਹੋਰ ਜਾਂਚ ਵੀ ਹੋ ਰਹੀ ਹੈ।

ਡੀ. ਐਮ. ਕੇ. ਲੀਡਰ ਐਮ. ਕੇ. ਸਤੇਂਕਰਨ ਨੇ ਕਿਹਾ ਕਿ ਹਰੀਜਨ ਖਾੜੀ ਖੇਤਰ ਦੀ ਦੌਲਤ ਅਤੇ ਹੋਰ ਚੀਜ਼ਾਂ ਦੇ ਲਾਲਚ ਕਾਰਨ ਇਸਲਾਮ ਅਪਨਾਉਣ ਲਈ ਉਕਸਾਹਟ ਵਿਚ ਆ ਗਏ।

ਪਾਰਲੀਮੈਂਟ ਮੈਂਬਰ ਸ੍ਰੀ ਸਤੇਂਕਰਨ ਨੇ ਕਿਹਾ ਕਿ ਜਿਹਨਾਂ ਲੋਕਾਂ ਨੇ ਇਸਲਾਮ ਅਪਣਾਇਆ ਉਹਨਾਂ ਵਿਚੋਂ ਭਾਰੀ ਗਿਣਤੀ ਵਿਚ ਲੋਕ ਪਾਸਪੋਰਟ ਦੀਆਂ ਦਰਖਾਸਤਾਂ ਦੀ ਤਸਦੀਕ ਕਰਾਉਣ ਲਈ ਆ ਰਹੇ ਹਨ। ਉਹਨਾਂ ਕਿਹਾ ਨਵੇਂ ਮੁਸਲਿਮ ਬਣੇ ਲੋਕਾਂ ਦੇ ਲੀਡਰਾਂ ਵਿਚੋਂ ਇਕ ਨੇ ਆਪਣੇ ਦੋ ਪੁਤਰਾਂ ਨੂੰ ਖਾੜੀ ਖੇਤਰ ਵਿਚ ਨੌਕਰੀ ਲਈ ਭੇਜਿਆ। ਫਿਰ ਵੀ ਮੁਸਲਿਮ ਲੀਡਰਾਂ ਨੇ ਖਾੜੀ ਖੇਤਰ ਵਿਚ ਨੌਕਰੀਆਂ ਦੇ ਲਾਲਚ ਦੇ ਦੋਸ਼ ਤੋਂ ਇਨਕਾਰ ਕੀਤਾ ਹੈ।

ਚਿੰਤਪੁਰਨੀ ਵਿਚ 4 ਦੁਕਾਨਾਂ ਅੱਗ ਦੀ ਭੇਂਟ

ਫਗਵਾੜਾ—ਪਿਛਲੀ ਰਾਤ ਲਗਭਗ ਦੋ ਵਜੇ ਇਥੋਂ 85 ਕਿਲੋਮੀਟਰ ਦੂਰ ਚਿੰਤਪੁਰਨੀ ਮੰਦਰ ਦੇ ਕੋਲ ਬਸ ਸਟੈਂਡ 'ਤੇ ਸਥਿਤ ਚਾਰ ਦੁਕਾਨਾਂ ਅਚਾਨਕ ਅਗ ਨਾਲ ਸੁਆਹ ਹੋ ਗਈਆਂ। ਅੱਗ ਨਾਲ ਇਕ ਲਖ ਦਾ ਨੁਕਸਾਨ ਹੋਇਆ ਦਸਿਆ ਜਾਂਦਾ ਹੈ।

ਮੁੜਿਆ ਕੋਈ ਨਾ ਮੁੜਨਾ ਕਿਸੇ ਨੇ ਹੈ, ਫੇਰ ਵੀ,
ਹਰ ਸ਼ਖ਼ਸ ਹੈ ਕਿਸੇ ਨਾ ਕਿਸੇ ਮੋੜ ਤੇ ਖੜਾ।

ਵਿਜੀਲੈਂਸ ਡਾਇਰੈਕਟਰ ਦੇ ਘਰ 'ਤੇ ਗੋਲੀਆਂ ਚਲੀਆਂ

ਚੰਡੀਗੜ੍ਹ (ਯੂ. ਐਨ.ਆਈ.)---ਤਿੰਨ ਅਣਪਛਾਤੇ ਨੌਜੁਆਨਾ ਨੇ ਪਿਛਲੀ ਅੱਧੀ ਰਾਤ ਪੰਜਾਬ ਵਿਜੀਲੈਂਸ ਦੇ ਡਾਇਰੈਕਟਰ ਡੀ.ਐਸ. ਮਾਂਗਟ ਦੀ ਕੋਠੀ ਉਪਰ ਗੋਲੀਆਂ ਚਲਾਈਆਂ ਪਰ ਜਦੋਂ ਕੋਠੀ ਤੇ ਤਾਇਨਾਤ ਗਾਰਡ ਨੇ ਜੁਆਬੀ ਗੋਲੀਆਂ ਚਲਾਈਆਂ ਤਾਂ ਤਿੰਨੇ ਹਮਲਾਵਰ ਦੋੜ ਗਏ.

ਸ੍ਰੀ ਡੀ.ਐਸ. ਮਾਂਗਟ ਪਹਿਲਾਂ ਪਟਿਆਲਾ ਰੇਂਜ ਤੇ ਡਿਪਟੀ ਇਨ-ਸਪੈਕਟਰ ਜੇਨਰਲ ਵੀ ਰਹਿ ਚੁਕੇ ਹਨ. ਇਕ ਪੁਲਸ ਤਰਜ਼ਮਾਨ ਨੇ ਕਿਹਾ ਕਿ ਪਿਛਲੀ ਰਾਤ ਕੋਈ 1 ਵਜਕੇ 40 ਮਿੰਟ ਉਪਰ ਹਮਲਾ-ਵਰਾਂ ਨੇ ਗੋਲੀਆਂ ਚਲਾਈਆਂ.

ਸ੍ਰੀ ਦਲਜੀਤ ਸਿੰਘ ਮਾਂਗਟ ਦੇ ਬਿਆਨ ਤੇ ਕਤਲ ਦੇ ਜਤਨ ਅਤੇ ਹਥਿਆਰਾਂ ਬਾਰੇ ਐਕਟ ਦੀਆਂ ਧਾਰਾਵਾਂ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ.

ਗਾਂ ਦੀ ਚਰਬੀ ਦੀ ਦਰਾਮਦ ਦੇ ਮਾਮਲੇ 'ਚ ਲੁਧਿਆਣਾ ਦੀਆਂ 3 ਫਰਮਾਂ ਵਿਰੁਧ ਕੇਸ

ਨਵੀਂ ਦਿੱਲੀ—ਸੀ. ਬੀ. ਆਈ. ਨੇ ਪਿਛਲੇ ਸਾਲ ਤਿੰਨ ਕਰੋੜ ਰੁਪਏ ਦੀ ਕੀਮਤ ਤੋਂ ਵਧ ਦੀ ਗਾਂ ਦੀ ਚਰਬੀ ਦਰਾਮਦ ਕਰਨ ਦੇ ਦੋਸ਼ ਹੇਠ, ਲੁਧਿਆਣੇ ਦੀਆਂ ਤਿੰਨ ਫਰਮਾਂ ਅਤੇ ਇਕ ਬੰਬਈ ਦੀ ਫਰਮ ਵਿਰੁਧ, ਇਕ ਹੋਰ ਕੇਸ ਦਰਜ ਕੀਤਾ ਹੈ।

ਸੀ. ਬੀ. ਆਈ ਵਲੋਂ ਦਿੱਲੀ ਦੇ ਚੀਫ ਮੈਟਰੋਪੋਲਟਿਨ ਮੈਜਿਸਟਰੇਟ ਪੀ. ਆਰ. ਠਾਕੁਰ ਨੂੰ ਭੇਜੀ ਸੂਚਨਾ ਅਨੁਸਾਰ ਇਨਾਂ ਫਰਮਾਂ ਨੇ ਅਣਸੈਟ ਅਤੇ ਅਣਕੱਟੇ ਹੀਰਿਆਂ ਦੀ ਦਰਾਮਦ ਲਈ 11 ਮਈ 1981 ਨੂੰ ਜਾਰੀ ਕੀਤੇ ਇਕ ਦਰਾਮਦੀ ਲਾਈਸੰਸ ਉਪਰ ਅਣਅਧਿਕਾਰਤ ਤੌਰ ਤੇ ਗਾਂ ਦੀ ਚਰਬੀ ਦਰਾਮਦ ਕਰਨ ਦਾ ਯਤਨ ਕੀਤਾ। ਲਸੰਸ 12 ਮਹੀਨਿਆਂ ਲਈ ਯੋਗ ਸੀ ਅਤੇ ਪਿਛਲੇ ਸਾਲ 31 ਮਾਰਚ ਨੂੰ ਛੇ ਮਹੀਨਿਆਂ ਲਈ ਨਵਿਆਇਆ ਗਿਆ ਸੀ।

ਸੀ. ਬੀ. ਆਈ. ਨੇ ਲੁਧਿਆਣੇ ਦੀਆਂ ਤਿੰਨ ਫਰਮਾਂ ਦੇ ਨਾਂ ਮੈਸਿਰਜ ਵੀ. ਕੇ. ਆਇਲ ਲਿਮਿਟਡ. ਮੈਸਰਜ ਕ੍ਰਿਸ਼ਨ ਚੰਦ ਐਂਡ ਸਨਜ਼ ਅਤੇ ਮੈਸਰਜ਼ ਹਰਨਾਮ ਦਾਸ ਪਰੇਮ ਨਾਥ ਦਸੇ ਹਨ ਜਿਹਨਾਂ ਗਾਂ ਦੀ ਚਰਬੀ ਬਦੇਸ਼ਾਂ ਤੋਂ ਮੰਗਵਾਈ। ਬੰਬਈ ਦੀ ਫਰਮ ਦਾ ਨਾਂ ਐਮ. ਆਰ. ਭੰਸਾਲੀ ਐਂਡ ਕੰਪਨੀ ਹੈ।

ਅਬਾਦੀ ਦੀ ਇਹ ਰਫਤਾਰ !

ਭਿਖੀਵਿੰਡ (ਪਤਰਕਾਰ)—ਜੇ ਦੁਨੀਆਂ ਦੀ ਆਬਾਦੀ ਇਸੇ ਤਰ੍ਹਾਂ ਹੀ ਵਧਦੀ ਰਹੀ ਤਾਂ ਸੰਨ 2000 ਤਕ ਦੁਨੀਆਂ ਦੀ ਅਬਾਦੀ ਵਧ ਕੇ 10 ਅਰਬ ਹੋ ਜਾਵੇਗੀ.

ਇਕ ਸਰਵੇਖਣ ਅਨੁਸਾਰ ਕਿਊਬਾ, ਥਾਈਲੈਂਡ, ਭਾਰਤ ਅਫਰੀਕਾ, ਪਾਕਿਸਤਾਨ, ਬੰਗਲਾ ਦੇਸ਼ ਵਿਚ ਬਚੇ ਪੈਦਾ ਕਰਨ ਬਾਰੇ ਇਕਤਰ ਕੀਤੇ ਗਏ ਅੰਕੜਿਆਂ ਤੋਂ ਸਿਧ ਹੁੰਦਾ ਹੈ ਕਿ ਔਸਤਨ 4/5 ਬੱਚੇ ਹਰ ਪਰਿਵਾਰ ਦੇ ਬਣਦੇ ਹਨ.

90 ਫੀਸਦੀ ਇਸਤਰੀਆਂ ਦਾ ਵਿਚਾਰ ਹੈ ਕਿ ਸਾਨੂੰ ਬੱਚੇ ਚਾਹੀਦੇ ਹਨ ਜਦ ਕਿ ਸ਼ਹਿਰਾਂ ਵਿਚ ਵਸਦੀ ਵਸੋਂ ਘਟ ਬੱਚੇ ਪੈਦਾ ਕਰਨ ਦੇ ਹੱਕ ਵਿਚ ਹੈ.



ਦੁੱਧ ਦਾ ਦੁੱਧ ਪਾਣੀ ਦਾ ਪਾਣੀ

ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟਮਨਿਸਟਰ ਦੀ ਚੋਣ ਦੇ ਝਗੜੇ ਦਾ ਆਖਰੀ ਸੀਨ

ਸਮੂਹ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਖਾਲਸਾ ਜੀ, ਉਪਰੋਕਤ ਸੁਸਾਇਟੀ ਦੀ ਜੋ ਚੋਣ 18 ਦਸੰਬਰ 1983 ਨੂੰ ਹੋਈ ਸੀ ਉਸ ਵਿਚ ਗਿਣੀਆਂ ਜਾ ਚੁੱਕੀਆਂ ਵੋਟਾਂ ਦੇ ਆਧਾਰ ਤੇ ਭਾਈ ਬਸੰਤ ਸਿੰਘ ਸੰਧੂ ਦੀ ਸਲੇਟ ਜਿੱਤੀ ਸੀ ਅਤੇ ਭਾਈ ਬਲਬੀਰ ਸਿੰਘ ਹਾਰਾ ਦੀ ਸਲੇਟ ਨੂੰ ਹਾਰ ਹੋਈ ਸੀ ਪਰ ਇਸ ਤੋਂ ਬਿਨਾਂ ਕੁਝ ਕੁ ਵੋਟਾਂ ਇਕ ਦੂਜੀ ਧਿਰ ਵਲੋਂ Objection ਹੋਣ ਕਰਕੇ ਝਗੜੇ ਵਾਲੇ ਬਕਸੇ ਵਿਚ ਪਵਾਈਆਂ ਗਈਆਂ ਸਨ। ਉਨ੍ਹਾਂ ਦਾ ਫੈਸਲਾ ਅਦਾਲਤ ਤੋਂ ਬਿਨਾਂ ਨਹੀਂ ਸੀ ਹੋ ਸਕਿਆ। **ਹੁਣ ਅਦਾਲਤ ਨੇ 13 ਜਨਵਰੀ, 1984 ਨੂੰ ਫੈਸਲਾ ਦਿਤਾ ਹੈ ਕਿ ਇਹ ਝਗੜੇ ਵਾਲੀਆਂ ਵੋਟਾਂ 29 ਜਨਵਰੀ 1984 ਨੂੰ ਗੁਰਦੁਆਰੇ ਆਉਣ ਅਤੇ ਗੁਰੂ ਮਹਾਰਾਜ ਦੇ ਸਾਹਮਣੇ ਖੜੋ ਕੇ ਸਹੁੰ ਚੁੱਕਣ ਕਿ ਅਸੀਂ ਗੁਰੂ ਘਰ ਦੇ ਵਿਧਾਨ ਅਨੁਸਾਰ ਸੁਸਾਇਟੀ ਦੇ ਮੈਂਬਰ ਬਣੇ ਹਾਂ ਅਤੇ ਵਿਧਾਨ ਅਨੁਸਾਰ ਵੋਟਰ ਬਣਨ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਾਂ ਅਤੇ ਇਸ ਮੈਂਬਰਸ਼ਿਪ ਫਾਰਮ ਤੇ ਮੇਰੇ ਦਸਖਤ ਹਨ ਅਤੇ ਵੋਟਰ ਲਿਸਟ ਤੇ ਵੀ ਮੈਂ ਹੀ ਦਸਖਤ ਕੀਤੇ ਹਨ, ਤਾਂ ਉਹ ਵੋਟਾਂ ਗਿਣੀਆਂ ਜਾ ਸਕਦੀਆਂ ਹਨ।**

ਜੇ ਕੋਈ ਵੋਟਰ ਗੁਰੂ ਘਰ ਆ ਕੇ ਗੁਰੂ ਮਹਾਰਾਜ ਦੇ ਸਾਹਮਣੇ ਇਸ ਗੱਲ ਦੀ ਸਹੁੰ ਨਹੀਂ ਚੁੱਕਦਾ ਤਾਂ ਉਸਦੀ ਵੋਟ ਕੈਂਸਲ ਕੀਤੀ ਜਾਵੇ ਅਤੇ ਜੋ ਵੋਟਰ ਉਸ ਦਿਨ ਹਾਜ਼ਰ ਨਹੀਂ ਹੁੰਦਾ ਉਹ ਵੋਟ ਵੀ ਕੈਂਸਲ ਕੀਤੀ ਜਾਵੇ। ਇਹ ਸਾਰੀ ਕਾਰਵਾਈ 29 ਜਨਵਰੀ 1984 ਨੂੰ ਸਵੇਰੇ 9 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਹੋਵੇਗੀ।

ਅਸੀਂ ਆਪਣੀ ਸਲੇਟ ਵਲੋਂ ਆਉਣ ਵਾਲੇ ਵੋਟਰਜ਼ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ। ਆਪਦੀ ਵੋਟ ਗਿਣੇ ਜਾਣ ਲਈ ਸਹੁੰ ਚੁੱਕਣ ਲਈ ਤਿਆਰ ਹੋ ਕੇ ਆਉਣਾ। ਜੇ ਇਹ ਗੱਲ ਦੀ ਸਮਝ ਨਾ ਪਵੇ ਤਾਂ ਕਿਸੇ ਹੋਰ ਸੱਜਣ ਤੋਂ ਪੁੱਛ ਗਿੱਛ ਕਰ ਲੈਣੀ ਕਿ ਇਸਦਾ ਅਸਲੀ ਕੀ ਮਤਲਬ ਹੈ। ਮਗਰੋਂ ਨਾ ਪਛਤਾਉਣਾ ਕਿ ਸਾਨੂੰ ਤਾਂ ਇਹ ਸਾਰੀ ਗੱਲ ਕਿਸੇ ਨੇ ਨਹੀਂ ਸਮਝਾਈ।

ਆਪਜੀ ਦੇ ਦਾਸ

ਬਸੰਤ ਸਿੰਘ ਸੰਧੂ, ਅਜਾਇਬ ਸਿੰਘ ਘੁਮਾਣ ਅਤੇ ਸਲੇਟ ਦੇ ਮੈਂਬਰ

ਰੋਪੜ ਦਾ ਨਵਾਂ ਯੂਨਟ ਫਰਵਰੀ ਵਿਚ ਕੰਮ ਸ਼ੁਰੂ ਕਰੇਗਾ — ਜਗਮੀਤ

ਮੋਗਾ—ਪੰਜਾਬ ਵਿਚ ਬਿਜਲੀ ਦੀ ਸਪਲਾਈ ਵਿਚ ਉਦੋਂ ਛੇਤੀ ਹੀ ਸੁਧਾਰ ਆ ਜਾਏਗਾ ਜਦੋਂ ਰੋਪੜ ਥਰਮਲ ਪਲਾਂਟ ਦੇ ਨਵੇਂ ਯੂਨਿਟ ਕੰਮ ਕਰਨ ਲਗ ਪੈਣਗੇ। ਇਸ ਪਲਾਂਟ ਦਾ ਪਹਿਲਾ 210 ਐਮ. ਡਬਲਿਊ ਦਾ ਯੂਨਿਟ ਫਰਵਰੀ ਤਕ ਅਤੇ ਅਜਿਹਾ ਹੀ ਇਕ ਹੋਰ ਯੂਨਿਟ 15 ਅਗਸਤ ਤਕ ਲਗੇਗਾ। ਦਸੰਬਰ ਤਕ ਅਨੰਦਪੁਰ ਹਾਈਡਲ ਪ੍ਰੋਜੈਕਟ ਤੋਂ ਵੀ 661 ਐਮ. ਡਬਲਿਊ ਬਿਜਲੀ ਦੇਣ ਲਗ ਪਵੇਗਾ।

ਇਹ ਜਾਣਕਾਰੀ ਪੰਜਾਬ ਰਾਜ ਬਿਜਲੀ ਬੋਰਡ ਦੇ ਪਰਸ਼ਾਸਕੀ ਮੈਂਬਰ ਜਗਮੀਤ ਸਿੰਘ ਬਰਾੜ ਨੇ ਦਿਤੀ। ਮੋਗਾ ਨੇੜੇ ਪਿੰਡ ਬਧਨੀ ਕਲਾਂ ਵਿਚ ਕਿਸਾਨਾਂ ਦੀ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਕਹੀ। ਉਹਨਾਂ ਦੱਸਿਆ ਕਿ ਬੋਰਡ ਨੇ ਇਹ ਵੀ ਫੈਸਲਾ ਕੀਤਾ ਹੈ 15 ਅਪਰੈਲ ਤਕ ਦੇ ਹਾੜੀ ਦੇ ਮੌਸਮ ਲਈ 11000 ਆਰਜੀ ਟਿਊਬਵੈਲ ਕੁਨੈਕਸ਼ਨ ਜਾਰੀ ਰਖੇ ਜਾਣ। ਅਗਲੇ ਮਹੀਨੇ ਬਾਘਾਪੁਰਾਣਾ ਵਿਖੇ 132 ਕੇ. ਵੀ. ਦਾ ਸਬਸਟੇਸ਼ਨ ਵੀ ਸਥਾਪਤ ਕੀਤਾ ਜਾਏਗਾ।

ਉਹਨਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਉਹਨਾਂ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਤਾਕਤਾਂ ਦਾ ਸਾਹਮਣਾ ਇਕੱਠੇ ਹੋ ਕੇ ਕਰਨ ਜਿਹੜੀਆਂ ਤਾਕਤਾਂ ਦੇਸ਼ ਦੇ ਫਿਰਕੂ ਵਾਤਾਵਰਨ ਅਧੀਨ ਏਕਤਾ ਨੂੰ ਭੰਗ ਕਰਨਾ ਚਾਹੀਆਂ ਹਨ।

ਪੁਲੀਸ ਅੰਦਰ ਵੜ ਗਈ

ਸਮਾਨਾ—ਅਚਨਚੇਤ ਸਾਰੇ ਸ਼ਹਿਰ ਵਿਚ ਇਹ ਅਫਵਾਹ ਫੈਲ ਗਈ ਕਿ ਇਕ ਸਥਾਨਕ ਸਰਕਾਰੀ ਬੈਂਕ ਵਿਚ ਡਾਕਾ ਪੈ ਗਿਆ ਹੈ। ਗੱਲ ਦਰ ਅਸਲ ਇਸ ਤਰਾਂ ਦਸੀ ਜਾਂਦੀ ਹੈ ਕਿ ਬੈਂਕ ਦੇ ਬਾਹਰ ਖੜੇ ਇਕ ਸਾਈਕਲ ਦੀ ਟਿਊਬ ਫਟੀ ਅਤੇ ਜ਼ੋਰਦਾਰ ਧਮਾਕਾ ਹੋਇਆ ਜਿਸ ਤੋਂ ਡਰ ਕੇ ਬੈਂਕ ਦੇ ਸੰਤਰੀ ਨੇ ਸ਼ਟਰ ਥਲੇ ਸੁਟ ਲਿਆ। ਪੁਲੀਸ ਦੇ ਦੋ ਸਿਪਾਹੀ ਵੀ ਅੰਦਰ ਹੀ ਵੜ ਗਏ ਤੇ ਸਾਰਾ ਸਟਾਫ ਲਗਭਗ ਇਕ ਘੰਟਾ ਸ਼ਸ਼ੋਪੰਜ ਵਿਚ ਪਿਆ ਰਿਹਾ। ਡਰਦੇ ਡਰਦੇ ਖੁਦਾ ਖੁਦਾ ਕਰਦੇ ਹੋਏ ਬੈਂਕ ਕਰਮਚਾਰੀਆਂ ਨੇ ਜਦ ਸ਼ਟਰ ਚੁਕਿਆ ਤਾਂ ਸਾਰੇ ਸ਼ਹਿਰ ਵਿਚ 'ਡਾਕੇ' ਦੀ ਅਫਵਾਹ ਫੈਲ ਚੁਕੀ ਸੀ। ਪਤਾ ਲਗਿਆ ਕਿ ਬਾਅਦ ਵਿਚ ਬੈਂਕ ਵਾਲਿਆਂ ਨੇ ਲੱਡੂ ਵੰਡੇ।

ਇੰਦਰਾ ਐਮਰਜੰਸੀ ਵੱਲ ਜਾ ਰਹੀ ਹੈ — ਚੰਦਰ ਸ਼ੇਖਰ

ਨਵੀਂ ਦਿੱਲੀ—ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਨੂੰ ਸਤਾਧਾਰੀ ਪਾਰਟੀ ਵਲੋਂ ਭਾਰਤ ਦੀ ਰਾਜਨੀਤੀ ਵਿਚ ਅਸਥਿਰਤਾ ਪੈਦਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਰੁਧ ਸਾਂਝੇ ਤੌਰ ਉਤੇ ਅਵਾਜ਼ ਉਠਾਉਣੀ ਚਾਹੀਦੀ ਹੈ।

ਆਪਣੀ ਭਾਰਤ ਯਾਤਰਾ ਦੀ ਪਹਿਲੀ ਵਰ੍ਹੇ ਗੰਢ ਦੇ ਸਬੰਧ ਵਿਚ ਹੋਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਕਿਹਾ ਕਿ ਭਾਰਤ ਦਾ ਜਮਹੂਰੀ ਢਾਂਚੇ ਉਤੇ ਹਮਲਾ ਹੋ ਚੁਕਿਆ ਹੈ ਕਿ ਜਿਹੜਾ ਵੀ ਕੋਈ ਸਰਕਾਰ ਵਿਰੁਧ ਕੋਈ ਗਲ ਕਰਦਾ ਹੈ ਉਸ ਨੂੰ ਦੇਸ ਵਿਰੋਧੀ ਗਰਦਾਨ ਦਿਤਾ ਜਾਂਦਾ ਹੈ। ਉਹਨਾਂ ਕਿਹਾ ਇਸ ਸਬੰਧੀ ਦਾ ਸਭ ਤੋਂ ਘਿਨਾਉਣਾ ਪੱਖ ਜੰਮੂ-ਕਸ਼ਮੀਰ ਜਿਥੇ ਗੈਰ-ਇੰਕਾ ਸਰਕਾਰ ਉਤੇ ਬਿਨਾਂ ਕਿਸੇ ਕਾਰਨ ਦੇ ਹਮਲੇ ਕੀਤੇ ਜਾ ਰਹੇ ਹਨ ਉਹਨਾਂ ਕਿਹਾ ਦੇਸ ਵਿਚ ਜਮਹੂਰੀ ਢਾਂਚੇ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਸਭ ਵਿਰੋਧੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਇਹ ਰੁਝਾਦ ਵਿਰੁਧ ਅਵਾਜ਼ ਉਠਾਉਣ ਲਈ ਲੋਕਾਂ ਵਿਚ ਜਾਣ।

ਡਾ: ਹਰਿੰਦਰ ਸਿੰਘ ਗਿੱਲ ਦੇ ਰਿਮਾਂਡ 'ਚ ਵਾਧਾ

ਮੁਕਤਸਰ—ਡਾ: ਹਰਿੰਦਰ ਸਿੰਘ ਗਿੱਲ ਐਮ. ਡੀ. ਜਿਨ੍ਹਾਂ ਨੂੰ ਪੁਲਸ ਨੇ 18 ਅਗਸਤ 1983 ਨੂੰ ਥਾਣੇਦਾਰ ਗੁਰਚਰਨ ਸਿੰਘ ਦੇ ਕਤਲ ਸਬੰਧੀ ਧਾਰਾ 120 ਬੀ ਅਧੀਨ ਗ੍ਰਿਫਤਾਰ ਕੀਤਾ ਸੀ ਨੂੰ ਬੀ. ਆਰ ਬਾਂਸਲ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੀ ਅਦਾਲਤੀ ਕਾਰਵਾਈ ਤੋਂ ਪਿਛੋਂ ਹੋਰ ਰੀਮਾਂਡ ਵਧਾ ਦਿਤਾ ਗਿਆ। ਅਦਾਲਤ ਨੇ ਅਡੀਸ਼ਨਲ ਜ਼ਿਲਾ ਅਟਾਰਨੀ ਨੂੰ ਹਦਾਇਤ ਕੀਤੀ ਕਿ ਮੁਲਜ਼ਮ ਦਾ ਚਲਾਨ ਛੇਤੀ ਪੇਸ਼ ਕੀਤਾ ਜਾਵੇ।

ਰੇਲ ਹੇਠ ਆ ਕੇ ਕੱਟਿਆ ਗਿਆ

ਜਗਰਾਉਂ—ਲੁਧਿਆਣਾ-ਫੀਰੋਜ਼ਪੁਰ ਰੇਲਵੇ ਲਾਈਨ ਉਤੇ, ਮੋਗੇ ਦੇ ਲਾਗੇ, ਬੁੱਘੀਪੁਰੇ ਦੇ ਮਨਹੂਸ ਫਾਟਕਾਂ ਤੋਂ, ਪਿੰਡ ਢੋਲਣ ਤੋਂ ਰਾਣਾ ਨਾਮੀ, 20-22 ਸਾਲਾ, ਇਕ ਨੌਜਵਾਨ ਦੀ ਗੱਡੀ ਹੇਠ ਆ ਕੇ ਕੱਟੀ-ਵੱਢੀ ਗਈ ਲਾਸ਼ ਮਿਲਣ ਦੀ ਸੂਚਨਾ ਮਿਲੀ ਹੈ। ਰਾਣਾ ਇਥੋਂ ਲਾਗੇ ਹੀ ਆਪਣੇ ਨਾਨਕੇ ਪਿੰਡ ਬੁੱਟਰ ਰਹਿੰਦਾ ਸੀ। ਰਾਤ ਅਠ-ਨੌ ਵਜੇ ਉਸ ਨੂੰ ਸ਼ਰਾਬੀ ਹਾਲਤ ਵਿਚ ਦੇਖਿਆ ਗਿਆ ਸੀ।

ਇੰਟਰਵਿਊ 'ਚ ਭਿੰਡਰਾਂਵਾਲੇ ਬਾਰੇ ਸੁਆਲ

ਮੰਡੀ ਡਬਵਾਲੀ. ਸਿਰਸੇ ਵਿਚ ਬੀਤੇ ਦਿਨ ਮਾਲ ਪਟਵਾਰੀ ਦੀ ਭਰਤੀ ਲਈ ਇੰਟਰ-ਵਿਊ ਹੋਈ. ਚੋਣ ਕਰਨ ਵਾਲੀ ਕਮੇਟੀ ਵਲੋਂ ਇੰਟਰਵਿਊ ਦੇ ਲਈ ਆਏ ਅਨੇਕਾਂ ਉਮੀਦਵਾਰਾਂ ਤੋਂ ਸਵਾਲ ਪੁਛਿਆ ਗਿਆ ਕਿ ਜਰ-ਨੈਲ ਸਿੰਘ ਭਿੰਡਰਾਵਾਲਾ ਕੌਣ ਹੈ? ਕੁਝ ਉਮੀਦਵਾਰਾਂ ਨੇ ਕਿਹਾ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਹਨ. ਕਿਸੇ ਉਮੀਦਵਾਰ ਨੇ ਕਿਹਾ ਕਿ ਉਹ ਅਤਿਵਾਦੀ ਹਨ. ਇਕ ਉਮੀਦਵਾਰ ਨੇ ਤਾਂ ਉਹਨਾਂ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦਸਿਆ.

ਲੌਂਗੋਵਾਲ ਵਲੋਂ ਬਿਜਲੀ ਦੀ ਥੁੜ੍ਹ ਤੇ ਚਿੰਤਾ

ਅੰਮ੍ਰਿਤਸਰ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ' ਨੇ ਇਕ ਬਿਆਨ ਰਾਹੀਂ ਪੰਜਾਬ ਵਿਚ ਬਿਜਲੀ ਦੀ ਭਾਰੀ 'ਕਿਲਤ' ਅਤੇ ਸਰਕਾਰ ਵਲੋਂ ਕੀਤੀ ਗਈ ਕਟੌਤੀ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪੰਜਾਬ ਦੀ ਸਨਅਤ ਅਤੇ ਖੇਤੀਬਾੜੀ ਲਈ ਮਾਰੂ ਦਸਿਆ.

ਨਿਹੰਗ ਦੇ ਭੇਸ 'ਚ ਸਮਗਲਰ ਕਾਬੂ

ਮਾਨਸਾ, (ਪਤਰ ਪ੍ਰੇਰਕ)—ਬੀਤੇ ਦਿਨ ਇਥੇ ਦੇ ਸਿਟੀ ਇੰਚਾਰਜ ਸ੍ਰੀ ਦੇਵਿੰਦਰ ਸ਼ਰਮਾ ਨੇ ਨਿਹੰਗ ਦੇ ਭੇਸ ਵਿਚ ਮਿਨੀ ਸੈਕਟਰੀਏਟ ਕਪਲੈਕਸ ਦੇ ਨੇੜੇ ਇਕ ਦੋਸ਼ੀ ਗੁਰਜੰਟ ਸਿੰਘ ਸਾਕਨ ਢੱਠੀ ਭਾਈ ਥਾਨਾ ਬਾਘਾ ਪੁਰਾਣਾ ਤੋਂ 5 ਕਿਲੋ ਅਫੀਮ ਬਰਾਮਦ ਕੀਤੀ. ਇਸੇ ਤਰਾਂ ਉਹਨਾਂ ਸ਼ਹਿਰ ਵਿਚ ਮਹਿੰਦਰ ਕੁਮਾਰ ਅਤੇ ਜੱਸਾ ਤੋਂ ਇਕ-ਇਕ ਕਿਲੋ ਅਫੀਮ ਵੀ ਫੜੀ ਯਾਦ ਰਹੇ ਕੁਝ ਦਿਨ ਹੋਏ ਜੱਸਾ ਸਿੰਘ ਦੇ ਪਿਤਾ ਮੋਤੀ ਰਾਮ ਤੋਂ ਵੀ ਪੁਲਸ ਨੇ ਨਸ਼ੇ ਦੇ ਤਿੰਨ ਹਜ਼ਾਰ ਕੈਪਸੂਲ ਬਰਾਮਦ ਕੀਤੇ ਸਨ.

ਉਹ ਦੁਨੀਆਂ ਦੂਖੀ ਹੈ—ਕਿ ਮੈਂ
ਉਸ ਖ਼ਤ ਦੇ ਜਵਾਬ ਵਰਗੀ ਹਾਂ...



ਫਿਲਮਾਂ ਦੀ ਵੀਡੀਓ ਰਾਹੀਂ ਚੋਰਬਜਾਰੀ ਰੋਕਣ ਲਈ ਲੇਸਰ ਰਿਕਾਰਡ ਤਿਆਰ

ਬੰਬਈ (ਯੂ. ਐਨ.ਆਈ)—ਵੀਡੀਓ ਕਲ-ਪੁਰਜ਼ੇ ਬਨਾਉਣ ਵਾਲੀ ਇਕ ਬਹੁ-ਕੌਮੀ ਕੰਪਨੀ ਅਨੁਸਾਰ ਵੱਡੀ ਪੱਧਰ ਉਤੇ ਫਿਲਮਾਂ ਦੀ ਵੀਡੀਓ ਰਾਹੀਂ ਚੋਰ ਬਜ਼ਾਰੀ ਨੂੰ ਰੋਕਣ ਲਈ ਲੇਸਰ ਵਿਯਨ ਵੀਡੀਓ 'ਰਿਕਾਰਡਜ਼' ਯਕੀਨਨ ਸਭ ਤੋਂ ਵਧੀਆ ਢੰਗ ਹੈ. ਇਸ ਨਾਲ ਵੀਡੀਓ ਰਾਹੀਂ ਫਿਲਮਾਂ ਦੀ ਚੋਰੀ ਨਹੀਂ ਹੋ ਸਕਦੀ.

ਉਕਤ ਕੰਪਨੀ ਦੇ ਇਕ ਤਰਜ਼ਮਾਨ ਅਨੁਸਾਰ ਇਸ ਵਿਚ ਇਕ ਵੱਖਰੀ ਕਿਸਮ ਦਾ ਪਲੇਅਰ (ਮਸ਼ੀਨ) ਵਰਤੀ ਜਾਂਦੀ ਹੈ ਜਿਸ ਉਪਰ ਆਮ ਸਧਾਰਣ ਵੀਡੀਓ ਰਿਕਾਰਡ ਨਹੀਂ ਵਜਾਏ ਜਾ ਸਕਦੇ ਅਤੇ ਇਸਦੀਆਂ ਕਾਪੀਆਂ ਵੀ ਸਹਿਜੇ ਹੀ ਅਸਾਨੀ ਨਾਲ ਬਣਾਈਆਂ ਜਾ ਸਕਦੀ[illegible] ਹਨ. ਤਰਜਮਾਨ [illegible] ਰਹੇ ਰਿਕਾਰਡਾਂ ਦੀ ਮੇਲੇ ਦੀ ਭਾਰਤੀ [illegible] ਫਿਲਮ ਮੰਡੀ ਵਿਚ ਨੁਮਾਇਸ਼ ਲਾਈ ਹੈ.

ਇਹਨਾਂ 'ਰਿਕਾਰਡਾਂ' ਉਪਰ ਅਵਾਜ਼ ਅਤੇ ਤਸਵੀਰਾਂ ਦੋਵੇਂ ਚੀਜ਼ਾਂ ਹਨ ਜਿਹੜੀਆਂ ਇਕ ਅਲੁਮੀਨੀਅਮ ਦੀ ਸ਼ੀਲਡ ਉਪਰ ਛੇਕਾਂ ਦੇ ਢੰਗ ਨਾਲ ਰਿਕਾਰਡ ਕੀਤੀਆਂ ਗਈਆਂ ਹਨ ਤੇ ਜਿਸਦੇ ਦੋਹੀਂ ਪਾਸੀਂ ਮਿਰਰਜ਼ ਫਰੈਕਸ਼ਨਜ਼ ਭਰੇ ਹਨ ਤੇ ਜਿਹਨਾਂ ਨੂੰ ਲੇਜ਼ਰ ਕਿਰਣਾਂ ਦੀ ਸ਼ਕਤੀ ਨਾਲ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ. ਔਸਤਨ ਲੰਬਾਈ ਦੀ ਇਕ ਫੀਚਰ ਫਿਲਮ ਅਜਿਹੀਆਂ ਦੋ ਡਿਸਕਾਂ ਉਪ[illegible] ਰਿਕਾਰਡ ਕੀਤੀ ਜਾ [illegible] ਇਹਨਾਂ ਬਦੇਸ਼ੀ ਰਿਕਾ[illegible] ਕਿਹਾ ਹੈ ਕਿ ਮੈਨੂਫੈਕ[illegible]ਰਿਕਾਰਡ ਛੇਤੀ ਹੀ [illegible] ਵਿਚ ਵੀ ਬਣਨ ਲਗ ਜਾਣਗੇ ਤੇ ਇਹਨਾਂ ਦੀ ਕੀਮਤ ਵੀ ਆਮ ਨਾਲੋਂ ਘਟ ਹੋਵੇਗੀ.

ਪੰਜਾਬੀ ਮਾਰਕਿਟ ਵਿਚ

—ਇਕੋ ਥਾਂ ਤਿੰਨ ਸੇਵਾਵਾਂ—

6658, ਮੇਨ ਸਟਰੀਟ, ਵੈਨਕੂਵਰ

S. & S. INSURANCE LTD.



ਦਲਜੀਤ ਸਿੰਘ ਸਿੱਧੂ

ਇਹਨਾਂ ਕੋਲੋਂ ਕਾਰਾਂ, ਟਰੱਕਾਂ, ਵੈਨਾਂ, ਪਿਕਅੱਪਾਂ ਦੀ ਇਨਸ਼ੋਰੈਂਸ ਘੱਟ ਰੇਟਾਂ ਤੇ ਕਰਾਉਣ ਲਈ ਚਲੇ ਆਓ। ਕਿਸੇ ਵੀ Autoplan ਤਰ੍ਹਾਂ ਦੀ ਇਨਸ਼ੋਰੈਂਸ ਕਰਵਾਉਣ ਤੋਂ ਪਹਿਲਾਂ ਇੰਨ੍ਹਾਂ ਨਾਲ ਗੱਲ ਜ਼ਰੂਰ ਕਰ ਲਓ।

Bus. 324-2311



ਹਰਦੇਵ ਸਿੰਘ ਗਿੱਲ

ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ

—ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ ....ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....

Bains Tax & Accounting Service

TELEPHONE:321-2132
WE PROVIDE
YEAR ROUND PROFESSIONAL SERVICES
ACCOUNTING, BOOKKEEPING, COMPANY FORMATION & CONSULTATION
FEE REASONABLE

321-2132

ਨਾਇਬ ਸਿੰਘ ਬਰਾੜ R.I.(B.C)

ਨੋਟਰੀ ਪਬਲਿਕ

- ਘਰ ਜਾਂ ਕਿਸੇ ਤਰਾਂ ਦੀ ਜਾਇਦਾਦ ਵੇਚਣ ਦੇ ਜਾਂ ਖ਼੍ਰੀਦਣ ਦੇ ਕਾਗਜ਼ ਤਿਆਰ ਕਰਨੇ
- ਮਾਰਗੇਜ਼ ਲੈਣੀ ਜਾਂ ਕੈਂਸਲ ਕਰਨੀ
- ਐਫੀਡੇਵਿਟ ਤੇ ਡੇਕਲਾਰੇਸ਼ਨ
- ਨਾਮ ਦੀ ਤਬਦੀਲੀ
- ਬਾਹਰੋਂ ਆਉਣ ਵਾਲੇ ਰਿਸ਼ਤੇਦਾਰਾਂ ਲਈ ਰਾਹਦਾਰੀ ਆਦਿ
- ਵਸੀਅਤ (Last Will)
- ਫੋਟੋ ਕਾਪੀਇੰਗ
- ਪਾਸਪੋਰਟ ਦੇ ਕਾਗਜ਼ਾਤ ਤਿਆਰ ਕਰਨੇ

Ph. 321-2911



ਨਾਇਬ ਸਿੰਘ ਬਰਾੜ

ਉਪਰੋਕਤ ਸੇਵਾਵਾਂ ਤੁਸੀਂ ਇਕੋ ਥਾਂ ਤੋਂ ਪ੍ਰਾਪਤ ਕਰ ਸਕਦੇ ਹੋ

ਇਨ੍ਹਾਂ ਦੇ ਨਵੇਂ ਦਫ਼ਤਰ ਦਾ ਪਤਾ ਹੈ :

6658, Main St. Vancouver

ਪੁਰਾਣੇ ਦਫਤਰ ਦੇ ਸਾਹਮਣੇ

ਪੰਜਾਬ ਦਰਪਣ

ਅਕਾਲੀ ਲੀਡਰਸ਼ਿਪ ਦਾ ਆਪਣੇ ਵਰਕਰਾਂ ਤੇ ਕੰਟਰੋਲ ਨਹੀਂ ਰਿਹਾ



ਐਚ. ਐਸ. ਹੰਸਪਾਲ

•ਰਾਸ਼ਟਰਪਤੀ ਰਾਜ ਨਾਲ ਏਨੀ ਹਾਲਤ ਨਹੀਂ ਸੁਧਰੀ ਜਿੰਨੀ ਲੋਕਾਂ ਨੂੰ ਸੰਭਾਵਨਾ ਸੀ। •ਕਾਂਗਰਸ (ੲ) ਦੇ ਸਿਰਕੱਢ ਐਮ.ਪੀ. ਸ:ਹਰਵਿੰਦਰ ਸਿੰਘ ਹੰਸਪਾਲ ਨਾਲ ਇੰਟਰਵਿਊ

1981 ਵਿਚ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਵਿਚ ਭਾਰਤੀ ਵਫਦ ਦੇ ਮੈਂਬਰ ਅਤੇ ਰਾਜ ਸਭਾ ਦੇ ਐਮ.ਪੀ. ਸ:ਹਰਵਿੰਦਰ ਸਿੰਘ ਹੰਸਪਾਲ ਉਘੇ ਨਿਰੰਕਾਰੀ ਨੇਤਾ ਪੰਜਾਬ ਦੀ ਵਰਤਮਾਨ ਸਥਿਤੀ ਤੇ ਭਾਰੀ ਚਿੰਤਤ ਹਨ। ਇਕ ਭੇਂਟ ਵਾਰਤਾ ਵਿਚ ਉਨ੍ਹਾਂ ਨੇ ਪੰਜਾਬ ਦੀ ਸਥਿਤੀ ਤੇ ਭਾਰੀ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਇਕ ਇੰਟਰਵਿਊ ਦੌਰਾਨ ਜੋ ਉਨ੍ਹਾਂ ਨੇ ਪੰਜਾਬ ਦੇ ਮਸਲੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਉਹ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ।

ਪ੍ਰਸ਼ਨ— ਕੀ ਤੁਸੀਂ ਇਸ ਸਮੇਂ ਦੌਰਾਨ ਕਦੇ ਪੰਜਾਬ ਗਏ ਹੋ?

ਉਤਰ — ਮੈਨੂੰ ਅੰਮ੍ਰਿਤਸਰ ਗਿਆਂ ਇਕ ਸਾਲ ਤੋਂ ਵਧ ਸਮਾਂ ਹੋ ਚੁਕਿਆ ਹੈ।

ਪ੍ਰਸ਼ਨ — ਕੀ ਤੁਹਾਡੇ ਖਿਆਲ ਵਿਚ ਪੰਜਾਬ ਦੇ ਲੋਕ ਚਾਹੁੰਦੇ ਸਨ ਕਿ ਕਾਂਗਰਸ ਵਜ਼ਾਰਤ ਚਲਦੀ ਰਹੇ?

ਉਤਰ — ਮੇਰੇ ਖਿਆਲ ਵਿਚ ਹਾਲਤ ਏਨੀ ਗੰਭੀਰ ਸੀ ਕਿ ਤਬਦੀਲੀ ਦੀ ਲੋੜ ਅਨਭਵ ਕੀਤੀ ਜਾ ਰਹੀ ਸੀ। ਮੇਰੇ ਖਿਆਲ ਵਿਚ ਲੋਕ ਚਾਹੁੰਦੇ ਸਨ ਕਿ ਦਰਬਾਰਾ ਸਿੰਘ ਵਜ਼ਾਰਤ ਨੂੰ ਜਾਣਾ ਚਾਹੀਦਾ ਹੈ।

ਪ੍ਰਸ਼ਨ — ਕੀ ਤੁਹਾਡੇ ਖਿਆਲ ਵਿਚ ਜਿਥੋਂ ਤਕ ਅਕਾਲੀ ਲੀਡਰਸ਼ਿਪ ਦਾ ਸਬੰਧ ਹੈ ਹਾਲਤ ਉਸ ਦੇ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ?

ਉਤਰ — ਅਜ ਜਿਸ ਤਰ੍ਹਾਂ ਦੀ ਸਥਿਤੀ ਹੈ ਉਸ ਤੋਂ ਅਜਿਹਾ ਲਗਦਾ ਹੈ ਕਿ ਇਸ ਵਿਚ ਕੋਈ ਸ਼ਕ ਨਹੀਂ ਕਿ ਅਕਾਲੀ ਲੀਡਰਸ਼ਿਪ ਦਾ ਆਪਣੇ ਪੈਰੋਕਾਰਾਂ ਤੇ ਕੰਟਰੋਲ ਨਹੀਂ ਰਿਹਾ। ਭਾਂਵੇਂ ਕੁਝ ਸਮੇਂ ਤੋਂ ਰਾਸ਼ਟਰਪਤੀ ਰਾਜ ਲਾਗੂ ਹੈ ਪਰ ਪੰਜਾਬ ਦੇ ਲੋਕ ਜਿੰਨਾਂ ਸੁਧਾਰ ਚਾਹੁੰਦੇ ਸਨ ਨਹੀਂ ਹੋਇਆ। ਉਹ ਹੁਣ ਵੀ ਆਸ ਰਖਦੇ ਹਨ ਕਿ ਹਾਲਤ ਨਾਰਮਲ ਹੋ ਜਾਏਗੀ।

ਪ੍ਰਸ਼ਨ — ਜਿਸ ਢੰਗ ਨਾਲ ਸਰਕਾਰ ਪੰਜਾਬ ਦੇ ਮਸਲੇ ਨਾਲ ਨਿਪਟੀ ਹੈ, ਕੀ ਤੁਸੀਂ ਉਸ ਤੋਂ ਸੰਤੁਸ਼ਟ ਹੋ?

ਉਤਰ — ਲਾਅ ਐਂਡ ਆਰਡਰ ਦੀ ਸਥਾਪਤੀ ਲਈ ਸਰਕਾਰ ਜੋ ਕੁਝ ਕਰ ਸਕਦੀ ਹੈ ਉਹ ਕੀਤਾ ਜਾ ਰਿਹਾ ਹੈ ਪਰ ਇਹ ਕੇਵਲ ਲਾਅ ਐਂਡ ਆਰਡਰ ਦਾ ਮੰਤਵ ਹੀ ਨਹੀਂ। ਬੀਤੇ ਮਹੀਨਿਆਂ ਵਿਚ ਸਮਾਜ ਦੁਸ਼ਮਣ ਅਨਸਰ ਅਤੇ ਕੁਝ ਅਤਵਾਦੀਆਂ ਨੇ ਦਹਿਸ਼ਤ ਪਸਾਰਨ ਦੀ ਮੁਹਿੰਮ ਸ਼ੁਰੂ ਕਰ ਰਖੀ ਹੈ।

ਪ੍ਰਸ਼ਨ — ਹਲ ਲਭਣ ਲਈ ਸਰਕਾਰ ਅਕਾਲੀ ਲੀਡਰਸ਼ਿਪ ਨਾਲ ਗਲਬਾਤ ਕਿਉਂ ਨਹੀਂ ਕਰਦੀ?

ਉਤਰ — ਕੋਈ ਕਾਰਵਾਈ ਨਾ ਕਰਨ ਦਾ ਸਰਕਾਰ ਤੇ ਦੋਸ਼ ਲਾਉਣਾ ਸੌਖਾ ਹੈ ਪਰ ਪ੍ਰਤੀਤ ਹੁੰਦਾ ਹੈ ਕਿ ਇਹ ਕੋਈ ਨਹੀਂ ਜਾਣਦਾ ਕਿ ਅਕਾਲੀ ਲੀਡਰਸ਼ਿਪ ਗਲਬਾਤ ਕਰਨਾ ਹੀ ਨਹੀਂ ਚਾਹੁੰਦੀ। ਕਾਰਨ ਸਪਸ਼ਟ ਹੈ ਕਿ ਅਕਾਲੀਆਂ ਵਿਚ ਅੰਦਰਖਾਤੇ ਲੜਾਈ ਚਲ ਰਹੀ ਹੈ ਉਹ ਇਹ ਫੈਸਲਾ ਵੀ ਨਹੀਂ ਕਰ ਸਕਦੇ ਕਿ ਸਰਕਾਰ ਨਾਲ ਗਲਬਾਤ ਦਾ ਕੰਮ ਕਿਸ ਦੇ ਹਵਾਲੇ ਕੀਤਾ ਜਾਵੇ। ਸਰਕਾਰ ਤਾਂ ਹੀ ਪਹਿਲ ਕਰੇਗੀ ਜਦੋਂ ਅਕਾਲੀ ਆਪਣੀ ਮਰਜ਼ੀ ਨਾਲ ਗਲਬਾਤ ਕਰਨ ਦਾ ਅਧਿਕਾਰ ਦੇਣਗੇ।

ਪ੍ਰਸ਼ਨ — ਕੀ ਤੁਹਾਡੇ ਖਿਆਲ ਵਿਚ ਪੰਜਾਬ ਅੰਦਰ ਹੋਣ ਵਾਲੇ ਸਭ ਕਤਲਾਂ ਪਿਛੇ ਅਤਵਾਦੀ ਹਨ?

ਉਤਰ — ਕੁਝ ਕਤਲਾਂ ਵਿਚ ਉਨ੍ਹਾਂ ਦਾ ਹਥ ਸੰਭਵ ਹੈ ਸਭ ਵਿਚ ਨਹੀਂ। ਮੇਰੇ ਖਿਆਲ ਵਿਚ ਵਿਦੇਸ਼ੀ ਤਾਕਤਾਂ ਵਰਤਮਾਨ ਹਾਲਤ ਵਿਚ ਲਾਭ ਉਠਾ ਰਹੀਆਂ ਹਨ ਅਤੇ ਅਜੇਹੀਆਂ ਕਾਰਵਾਈਆਂ ਕਰ ਰਹੀਆਂ ਹਨ ਜਿਸ ਨਾਲ ਸਿੱਖ ਜਨਤਾ ਦੀ ਬਦਨਾਮੀ ਹੋ ਰਹੀ ਹੈ। ਪੰਜਾਬ ਅੰਦਰ ਅਸਥਿਰਤਾ ਦੀ ਹਾਲਤ ਉਨ੍ਹਾਂ ਲਈ ਲਾਹੇਵੰਦ ਹੋ ਸਕਦੀ ਹੈ। ਇਸ ਤਰ੍ਹਾਂ ਦੀ ਹਾਲਤ ਵਿਚ ਦੇਸ਼ ਅੰਦਰ ਖਿਚਾਅ ਵੀ ਵਧ ਜਾਂਦਾ ਹੈ। ਵਾਰਦਾਤਾਂ ਪਿਛੋਂ ਵਿਦੇਸ਼ੀ ਤਾਕਤਾਂ ਦਾ ਹਥ ਹੋਣ ਦਾ ਇਹੋ ਕਾਰਨ ਹੋ ਸਕਦਾ ਹੈ।

ਪ੍ਰਸ਼ਨ — ਤੁਸੀਂ ਕਿਹਾ ਹੈ ਕਿ ਅਕਾਲੀ ਹੀ ਇਸ ਪੰਜਾਬ ਦੇ ਮਸਲੇ ਨੂੰ ਹਲ ਨਹੀਂ ਕਰਨਾ ਚਾਹੁੰਦੇ। ਕੀ ਇਸ ਦਾ ਕੋਈ ਖਾਸ ਕਾਰਨ ਹੈ?

ਉਤਰ — ਇਹ ਇਕ ਸਿਆਸੀ ਖੇਡ ਹੈ। ਅਕਾਲੀ 1985 ਪਿਛੋਂ ਹੋਰ ਪੰਜ ਸਾਲ ਉਡੀਕ ਨਹੀਂ ਕਰਨਾ ਚਾਹੁੰਦੇ। ਉਹ ਸੱਤਾ ਵਿਚ ਆਉਣਾ ਚਾਹੁੰਦੇ ਹਨ। ਇਹੋ ਕਾਰਣ ਹੈ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਹੇ ਹਨ ਨਹੀਂ ਤਾਂ ਅੰਦੋਲਨ ਜਾਰੀ ਰਖਣ ਦਾ ਹੋਰ ਕੋਈ ਕਾਰਣ ਨਹੀਂ ਹੈ। ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਵਲੋਂ ਸਰਕਾਰੀ ਦਖਲ ਦੀ ਨਿਖੇਧੀ

ਨਵੀਂ ਦਿੱਲੀ—ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ: ਸੁਚਾ ਸਿੰਘ ਨੇ ਸਰਕਾਰ ਵਲੋਂ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਲਗਾਤਾਰ ਦਖਲ ਦੇਣ ਦੀ ਸਖਤ ਨਿਖੇਧੀ ਕੀਤੀ ਹੈ। ਸ: ਸੁਚਾ ਸਿੰਘ ਨੇ ਕਿਹਾ ਕਿ ਗੁਰਦੁਆਰਾ ਰਕਾਬ ਗੰਜ ਵਿਚ ਪੁਲਸ ਦਾ ਦਖਲ ਇਸ ਦਾ ਜਿਉਂਦਾ ਜਾਗਦਾ ਸਬੂਤ ਹੈ।

ਪਿਛਲੇ ਹਫਤੇ ਗੁਰਦੁਆਰਾ ਰਕਾਬ ਗੰਜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਸਮੇਂ ਅਕਾਲੀ ਦਲ ਦੇ ਦੋ ਧੜਿਆਂ ਵਿਚਕਾਰ ਕ੍ਰਿਪਾਨਾਂ ਚੱਲੀਆਂ ਅਤੇ ਨੇਜਿਆਂ ਦੀ ਵਰਤੋਂ ਵੀ ਹੋਈ। ਦੋਵਾਂ ਵਿਰੋਧੀ ਧੜਿਆਂ ਦੇ ਲਗਭਗ 20 ਵਿਅਕਤੀ ਜ਼ਖਮੀ ਹੋਏ ਜਿਨਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਇਸ ਝਗੜੇ ਵਿਚ ਗੋਲੀ ਚੱਲਣ ਦੇ ਵੀ ਸਮਾਚਾਰ ਹਨ ਕ੍ਰਿਪਾਨਾਂ, ਨੇਜੇ, ਚਾਕੂ ਵੀ ਇਸ ਝਗੜੇ ਵਿਚ ਖੁਲ੍ਹੇ ਤੌਰ ਤੇ ਵਰਤੇ ਗਏ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਮਨਚੰਦਾ ਦੀ ਕਾਰ ਫੂਕ ਦਿਤੀ ਗਈ। ਸ: ਮਨਚੰਦਾ ਨੇ ਕਿਹਾ ਕਿ ਲੌਂਗੋਵਾਲ ਧੜੇ ਦੇ ਬੰਦਿਆਂ ਨੇ ਉਸਦੀ ਕਾਰ ਵੀ ਫੂਕੀ ਅਤੇ ਕੁਝ ਹੋਰ ਕਾਰਾਂ ਦਾ ਵੀ ਨੁਕਸਾਨ ਕੀਤਾ। ਰੋੜੇ ਅਤੇ ਇਟਾਂ ਦੋਨੋਂ ਧੜਿਆਂ ਨੇ ਇਕ ਦੂਜੇ ਤੇ ਮੀਂਹ ਵਾਂਗ ਵਰਸਾਏ।

ਪੱਤਰਪਰੇਰਕ ਅਨੁਸਾਰ ਲੌਂਗੋਵਾਲ ਧੜੇ ਨੇ ਮਨਚੰਦਾ ਧੜੇ ਤੋਂ ਸਟੇਜ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤੋਂ ਝਗੜਾ ਵਧ ਗਿਆ। ਇਹ ਝਗੜਾ ਬਾਦ ਵਿਚ ਗੁਰਦੁਆਰੇ ਤੋਂ ਬਾਹਰ ਵੀ ਜਾਰੀ ਰਿਹਾ। ਜਦ ਲੌਂਗੋਵਾਲ ਧੜੇ ਦੇ ਬੰਦੇ ਗੁਰਦੁਆਰੇ ਤੋਂ ਬਾਹਰ ਨਿਕਲ ਗਏ ਤਾਂ ਉਹ ਬਾਹਰੋਂ ਅੰਦਰਲੇ ਬੰਦਿਆਂ ਤੇ ਪੱਥਰ ਸੁੱਟਦੇ ਰਹੇ।

ਯੂ. ਐਨ. ਆਈ. ਦੇ ਇਕ ਪੱਤਰਕਾਰ ਤੇ ਵੀ ਹਮਲਾ ਕੀਤਾ ਗਿਆ ਅਤੇ ਸਰਕਾਰ ਵਿਰੋਧੀ ਨਾਹਰੇ ਲਾਏ ਗਏ।

ਟਰੈਕਟਰ ਕਪਾਹ ਦੀਆਂ ਛਿੱਟੀਆਂ ਨਾਲ ਚਲਣਗੇ

ਲੁਧਿਆਣਾ—ਅਰਹਰ, ਕਪਾਹ ਦੀਆਂ ਛਿਟੀਆਂ, ਜੰਤਰ ਅਤੇ ਲੱਕੜ ਨੂੰ ਸਾੜ ਕੇ ਬਣਾਈ ਗਈ ਗੈਸ ਨਾਲ ਟਰੈਕਟਰ ਤੇ ਡੀਜ਼ਲ ਇੰਜਣ ਚਲਾਉਣ ਲਈ 70 ਫੀਸਦੀ ਡੀਜ਼ਲ ਦੀ ਬਚਤ ਕੀਤੀ ਜਾ ਸਕਦੀ ਹੈ। ਇਸ ਸਸਤੀ ਗੈਸ ਦੀ ਵਰਤੋਂ ਨਾਲ ਕਿਸਾਨ ਇਕ ਸਾਲ ਵਿਚ ਲਗਭਗ ਤਿੰਨ ਹਜ਼ਾਰ ਰੁਪਏ ਤਕ ਦਾ ਡੀਜ਼ਲ ਬਚਾ ਸਕਦੇ ਹਨ। ਇਹ ਤੱਥ ਡਾ: ਬੀ. ਐਸ. ਪਾਠਕ ਐਗਰੀਕਲਚਰਲ ਇੰਜਨੀਅਰਿੰਗ ਕਾਲਜ ਦੇ ਪ੍ਰੋਫੈਸਰ ਆਫ ਐਮੀਨੈਂਸ ਨੇ ਦਸੇ।

ਡਾ: ਪਾਠਕ ਨੇ ਇਹ ਵੀ ਦਸਿਆ ਕਿ ਭਾਰਤ ਵਿਚ ਲਗਭਗ 28 ਲਖ ਡੀਜ਼ਲ ਇੰਜਣ ਅਤੇ ਪੰਜ ਲੱਖ ਟਰੈਕਟਰ ਡੀਜ਼ਲ ਦੀ ਵਰਤੋਂ ਨਾਲ ਚਲਦੇ ਹਨ। ਉਹਨਾਂ ਦੇ ਅਨੁਸਾਰ ਇਸ ਸਦੀ ਦੇ ਪੰਜਾਵਿਆਂ ਤੋਂ ਲੈ ਕੇ ਸਤਰਵਿਆਂ ਦੇ ਅੰਤ ਤਕ ਖੇਤੀਬਾੜੀ ਵਿਚ ਡੀਜ਼ਲ ਦੀ ਖਪਤ 20 ਗੁਣਾਂ ਵਧ ਗਈ ਹੈ। ਡਾਕਟਰ ਪਾਠਕ ਨੇ ਦਸਿਆ ਕਿ ਅਰਹਰ, ਕਪਾਹ ਤੇ ਜੰਤਰ ਦੀਆਂ ਛਿਟੀਆਂ ਨੂੰ ਉਚੇ ਤਾਪਮਾਨ ਤੇ ਸੰਕੁਰਵੀ ਹਵਾ ਨਾਲ ਜਲਾ ਕੇ ਇਹ ਗੈਸ ਤਿਆਰ ਕੀਤੀ ਜਾਂਦੀ ਹੈ। ਗੈਸ ਵਰਤਣ ਤੋਂ ਪਹਿਲਾਂ ਸਾਫ ਕੀਤੀ ਜਾਂਦੀ ਹੈ ਤਾਂ ਕਿ ਕੋਈ ਸਖਤ ਮਾਦਾ ਡੀਜ਼ਲ ਇੰਜਣ ਨੂੰ ਖਰਾਬ ਨਾ ਕਰ ਸਕੇ। ਡੀਜ਼ਲ ਇੰਜਣ ਤੇ ਟਰੈਕਟਰ ਚਲਾਣ ਲਈ 70 ਫੀਸਦੀ ਗੈਸ ਅਤੇ 30 ਫੀਸਦੀ ਡੀਜ਼ਲ ਵਰਤਿਆਂ ਜਾਂਦਾ ਹੈ। ਡਾ: ਪਾਠਕ ਅਨੁਸਾਰ 7.5 ਤੇ 35 ਹਾਰਸ ਪਾਵਰ ਦੇ ਇੰਜਣਾਂ ਨੂੰ ਚਲਾਣ ਦੇ ਸਫਲ ਤਜਰਬੇ ਕੀਤੇ ਜਾ ਚੁਕੇ ਹਨ। ਇਸ ਗੈਸ ਦੀ ਵਰਤੋਂ ਵਿਚ ਆਉਣ ਨਾਲ ਦੇਸ਼ ਦਾ ਭਾਰੀ ਮਾਤਰਾ ਵਿਚ ਡੀਜ਼ਲ ਬਚਾਇਆ ਜਾ ਸਕੇਗਾ ਅਤੇ ਕਿਸਾਨਾਂ ਦੀ ਫਸਲਾਂ ਪੈਦਾ ਕਰਨ ਵਿਚ ਲਾਗਤ ਵੀ ਘਟ ਜਾਵੇਗੀ।

ਮੇਰੇ ਕਾਲਰ 'ਤੇ ਨਾ ਲਾਵੀਂ ਫੁੱਲ ਆਪਣੀ ਮਹਿਕਦਾ,
ਐਵੇਂ ਤੇਰਾ ਖੂਬਸੂਰਤ ਹੱਥ ਮੈਲਾ ਹੋਏਗਾ।

ਉਚ ਅਕਾਲੀ ਆਗੂਆਂ ਨੂੰ ਰੂਪੋਸ਼ ਹੋਣ ਦੀ ਹਦਾਇਤ

ਨਵਾਂ ਐਕਸ਼ਨ 26 ਤੋਂ ਹੀ ?

ਅੰਮ੍ਰਿਤਸਰ—ਸਮਝਿਆ ਜਾਂਦਾ ਹੈ ਕਿ ਅਕਾਲੀ ਮੁਖੀ ਹਰਚੰਦ ਸਿੰਘ ਲੌਂਗੋਵਾਲ ਨੇ ਸੀਨੀਅਰ ਪਾਰਟੀ ਆਗੂਆਂ ਨੂੰ ਗੁਪਤ ਹਦਾਇਤਾਂ ਕੀਤੀਆਂ ਹਨ ਕਿ ਉਹ 26 ਜਨਵਰੀ ਤੋਂ ਪਹਿਲਾਂ ਆਪਣੀਆਂ ਗ੍ਰਿਫਤਾਰੀਆਂ ਟਾਲਣ

ਦਲ ਦੇ ਭਰੋਸੇਯੋਗ ਪਾਰਟੀ ਸੂਤਰਾਂ ਨੇ ਕਿਹਾ ਹੈ ਕਿ ਮੁਖੀ ਨੇ ਸਾਰੀਆਂ ਸਫਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਉਸ ਵਲੋਂ ਗਣਤੰਤਰ ਦਿਵਸ 'ਤੇ ਐਲਾਨੇ ਜਾਣ ਵਾਲੇ ਨਵੇਂ ਐਕਸ਼ਨ ਨੂੰ ਲਾਗੂ ਕਰਨ ਲਈ ਤਿਆਰ ਰਹਿਣ।

ਯਾਦ ਰਹੇ ਸੰਤ ਲੌਂਗੋਵਾਲ ਨੇ ਪਹਿਲਾਂ ਕਿਹਾ ਸੀ ਕਿ ਮੋਰਚਾ 27 ਜਨਵਰੀ ਨੂੰ ਤੇਜ਼ ਕੀਤਾ ਜਾਏਗਾ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ

ਲੁਧਿਆਣਾ—ਪਿਛਲੇ ਹਫਤੇ ਹੋਈਆਂ ਅਕਾਦਮੀ ਦੀਆਂ ਚੋਣਾਂ ਵਿਚ ਨਵੇਂ ਸਾਲ ਲਈ ਡਾਕਟਰ ਮਹਿੰਦਰ ਸਿੰਘ ਰੰਧਾਵਾ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਚੁਣੇ ਗਏ ਹਨ।

ਮੀਤ ਪ੍ਰਧਾਨ ਪ੍ਰਿੰਸੀਪਲ ਸੁਜਾਨ ਸਿੰਘ, ਡਾ: ਪਿਆਰ ਸਿੰਘ, ਡਾ: ਹਰਚਰਨ ਸਿੰਘ, ਨਰਿੰਦਰਪਾਲ ਸਿੰਘ ਅਤੇ ਤਰਲੋਕ ਸਿੰਘ ਭੁਰਜੀ ਚੁਣੇ ਗਏ ਹਨ।

ਅਗਜੈਕਟਿਵ ਕਮੇਟੀ ਵਿਚ ਡਾ: ਗੁਰਚਰਨ ਸਿੰਘ, ਸੁਰਿੰਦਰ ਸਿੰਘ ਨਰੂਲਾ, ਪ੍ਰੋ: ਨਰਿੰਜਨ ਸਿੰਘ ਮਾਨ, ਡਾ: ਉਜਾਗਰ ਸਿੰਘ ਸਿਧੂ, ਡਾ: ਰਵਿੰਦਰ ਸਿੰਘ, ਡਾ: ਜੋਗਿੰਦਰ ਸਿੰਘ, ਪ੍ਰੋ: ਗੁਰਭਜਨ ਗਿੱਲ, ਸ: ਦਿਲਜੰਗ ਸਿੰਘ, ਪਿਆਰਾ ਸਿੰਘ ਭੋਗਲ ਅਤੇ ਪ੍ਰੋ: ਮੋਹਰ ਸਿੰਘ ਚੁਣੇ ਗਏ ਹਨ।

ਪੰਜਾਬਣਾਂ ਦੀ ਮਨੀਪੁਰ ਤੇ ਜਿੱਤ

ਅਮਰਾਵਤੀ — 32ਵੀਂ ਸੀਨੀਅਰ ਕੌਮੀ ਕਬੱਡੀ ਚੈਂਪੀਅਨਸ਼ਿਪ ਦੇ ਮਹਿਲਾ ਵਰਗ ਵਿਚ ਪਿਛਲੇ ਚੈਂਪੀਅਨ ਪੱਛਮੀ ਬੰਗਾਲ ਨੇ ਉਡੀਸਾ ਨੂੰ 154-23 ਤੇ ਰਨਰਜ ਅਪ ਮਹਾਰਾਸ਼ਟਰ ਨੇ ਦਿੱਲੀ ਨੂੰ 603-35 ਨਾਲ ਰੌਂਦਿਆ। ਹਰਿਆਣਾ ਨੇ ਕੇਰਲਾ ਨੂੰ 70-37 ਪੰਜਾਬ ਨੇ ਮਨੀਪੁਰ ਨੂੰ 58-22 ਗੋਆ ਨੇ ਰਾਜਸਥਾਨ ਨੂੰ 111-17 ਰੇਲਵੇ ਨੇ ਪਾਂਡੀਚਰੀ ਨੂੰ 126-29 ਆਂਧਰਾ ਨੇ ਮਧ-ਪ੍ਰਦੇਸ਼ ਨੂੰ 63-30 ਅਤੇ ਹੈਦਰਾਬਾਦ ਨੇ ਗੁਜਰਾਤ ਨੂੰ 77-42 ਨਾਲ ਹਰਾਇਆ।

ਰੀਵਿਊ
ਹਿੰਦੀ ਨਾਵਲ - ਮਹਾਂਭੋਜ

ਲੇਖਕ ਮੰਨੂੰ ਭੰਡਾਰੀ

ਵੈਨਕੂਵਰ ਸੱਥ(ਸਾਧੂ, ਸੁਖਵੰਤ)

ਹਿੰਦੀ ਲੇਖਕ ਮੰਨੂੰ ਭੰਡਾਰੀ ਦੇ ਨਾਵਲ ਮਹਾਂਭੋਜ ਵਿਚ ਭਾਰਤ ਦੇ ਸਿਆਸੀ ਮਾਹੌਲ ਦਾ ਚਿੱਤਰ ਇੰਨੇ ਅਸਲੀ ਰੰਗਾਂ ਵਿਚ ਚਿਤਰਿਆ ਗਿਆ ਹੈ ਕਿ ਪੜ੍ਹਨ ਵਾਲੇ ਦੀਆਂ ਅੱਖਾਂ ਵਿਚ ਹਰ ਤਸਵੀਰ ਸਦਾ ਲਈ ਉਕਰੀ ਰਹਿ ਸਕਣ ਦੀ ਸਮਰਥਾ ਰੱਖਦੀ ਹੈ। ਐਮਰਜੈਂਸੀ ਤੋਂ ਬਾਅਦ ਮੁਰਾਰ ਜੀ ਡੇਸਾਈ ਦੀ ਬਣੀ ਸਰਕਾਰ ਇਸ ਨਾਵਲ ਚੋਂ ਰੂਪਮਾਨ ਹੁੰਦੀ ਹੈ। ਨਾਵਲ ਦੀ ਕਹਾਣੀ ਇਕ ਹੋਣ ਵਾਲੀ ਮੱਧਕਾਲੀ-ਚੋਣ(By Election) ਤੇ ਕੇਂਦਰਤ ਹੈ। ਕਹਾਣੀ ਪਿੰਡ ਦੇ ਇਕ ਨੌਜਵਾਨ ਬਿਸੂ ਦੀ ਮੌਤ ਤੋਂ ਸ਼ੁਰੂ ਹੁੰਦੀ ਹੈ। ਬਿਸੂ ਪਿੰਡ ਦਾ ਇਕ ਪੜ੍ਹਿਆ ਲਿਖਿਆ ਗਰੀਬ ਨੌਜਵਾਨ ਸ਼ਹਿਰੋਂ ਬੀ. ਏ. ਕਰਨ ਬਾਅਦ ਉਹਨੇ ਕੋਈ ਨੌਕਰੀ ਵਗੈਰਾ ਕਰਨ ਦੀ ਬਜਾਏ ਆਪਣੇ ਪਿੰਡ ਵਿਚ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿਤਾ। ਨਾਲ ਨਾਲ ਉਹ ਪਿੰਡ ਦੇ ਲੋਕਾਂ ਨੂੰ ਉਹਨਾਂ ਦੇ ਹੋ ਰਹੇ ਸ਼ੋਸ਼ਣ ਤੋਂ ਚੇਤੰਨ ਕਰਾਉਣ ਦੀ ਕੋਸ਼ਿਸ਼ ਕਰਦਾ। ਇਸ ਬਦਲੇ ਉਹਨੂੰ ਨਕਸਲੀ ਕਹਿ ਕੇ ਚਾਰ ਸਾਲ ਬਿਨਾਂ ਮੁਕੱਦਮਾ ਚਲਾਏ ਜੇਲ 'ਚ ਰੱਖਿਆ ਗਿਆ। ਜਦੋਂ ਵਾਪਸ ਪਿੰਡ ਆਇਆ ਤਾਂ ਉਹਨਾਂ ਦਿਨਾਂ ਦੌਰਾਨ ਪਿੰਡ ਦੇ ਹਰੀਜਨਾਂ ਨੂੰ ਉਹਨਾਂ ਦੀਆਂ ਝੁੱਗੀਆਂ ਵਿਚ ਜਾਲ ਦਿਤਾ ਗਿਆ। ਪੁਲੀਸ ਨੇ ਘਟਨਾ ਦੱਬ ਦਬਾ ਦਿਤੀ। ਬਿਸੂ ਇਸ ਘਟਨਾ ਬਾਰੇ ਜਾਂਚ ਪੜਤਾਲ ਕਰਾਉਣੀ ਚਾਹੁੰਦਾ ਸੀ। ਇਹਦੇ ਲਈ ਤੱਥ ਇਕੱਠੇ ਕਰ ਰਿਹਾ ਸੀ। ਹਰੀਜਨਾਂ ਦਾ ਅਸਲੀ ਕਾਤਲ ਜਗੀਰਦਾਰ ਜ਼ੋਰਾਵਰ ਸਿੰਘ ਬਿਸੂ ਨੂੰ ਕਤਲ ਕਰਵਾ ਦਿੰਦਾ ਹੈ। ਪੁਲੀਸ ਦੀ ਰੀਪੋਰਟ 'ਆਤਮ-ਹੱਤਿਆ' ਕਹਿ ਕੇ ਗੱਲ ਦਬ ਦਿੰਦੀ ਹੈ। ਪਰ ਇਹ ਘਟਨਾ ਕਿਉਂਕਿ ਉਸ ਇਲਾਕੇ 'ਚ ਹੋਣ ਵਾਲੀ ਚੋਣ ਤੋਂ ਕੁਝ ਚਿਰ ਪਹਿਲਾਂ ਵਾਪਰਦੀ ਹੈ ਇਸ ਲਈ ਪਿਛਲੀ ਚੋਣ ਵੇਲੇ ਹਾਰੀ ਹੋਈ ਪਾਰਟੀ ਇਸ ਨੂੰ ਇਕ ਸਿਆਸੀ ਇਸ਼ੂ ਬਣਾ ਲੈਂਦੀ ਹੈ। ਇਸ ਤਰ੍ਹਾਂ ਬਿਸੂ ਦੀ ਮੌਤ ਚੋਣ ਤੱਕ ਬਹੁਤ ਮਹੱਤਵ ਪੂਰਣ ਘਟਨਾ ਰਹਿੰਦੀ ਹੈ।

ਚੋਣ ਜਿਤਣ ਲਈ ਸਿਆਸੀ ਲੀਡਰ ਕਿਵੇਂ ਲੋਕਾਂ ਦੇ ਜਜਬਾਤ ਨਾਲ ਖੇਡਦੇ ਹਨ! ਕਿਵੇਂ ਕੁਰਸੀਆਂ ਲਈ ਸ਼ਰਮਨਾਕ ਤਰੀਕੇ ਨਾਲ ਸੌਦੇਬਾਜ਼ੀ ਹੁੰਦੀ ਹੈ। ਕਿਵੇਂ ਸਰਕਾਰੀ ਪੈਸਾ, ਰੇਡੀਓ, ਅਖਬਾਰਾਂ ਦੀ ਦੁਰ ਵਰਤੋਂ ਹੁੰਦੀ ਹੈ: ਕਿਵੇਂ ਪੁਲੀਸ ਅਫਸਰਾਂ ਨੂੰ ਸਿਆਸੀ ਲੀਡਰਾਂ ਦੇ ਹੱਥ ਕੰਡੇ ਬਣਨ ਬਦਲੇ ਤਰੱਕੀਆਂ ਮਿਲਦੀਆਂ ਹਨ ਤੇ ਕਿਵੇਂ ਅੱਖਾਂ ਦਿਖਾਉਣ ਵਾਲਿਆਂ ਥਲਿਓਂ ਕੁਰਸੀਆਂ ਖਿਚੀਆਂ ਜਾਂਦੀਆਂ ਹਨ। ਸਿਆਸੀ ਲੀਡਰਾਂ ਤੇ ਪੁਲੀਸ ਵਾਲਿਆਂ ਦਾ ਪੇਂਡੂ ਲੋਕਾਂ ਬਾਰੇ ਕੀ ਰਵੱਈਆ ਹੈ। ਇਹ ਤੇ ਹੋਰ ਕਿੰਨਾ ਕੁਝ ਇਸ ਨਾਵਲ ਵਿਚ ਇੰਨੇ ਦਿਲਚਸਪ ਤੇ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਕਿ ਪਾਠਕ ਦੀ ਇਕ ਪਲ ਲਈ ਵੀ ਨਾਵਲ ਚੋਂ ਦਿਲਚਸਪੀ ਨਹੀਂ ਟੁੱਟਦੀ। ਨਾਵਲ ਦੀ ਹਰ ਸਤਰ ਸਿਆਸੀ ਹੈ ਪਰ ਸਿਆਸਤ ਨਾਵਲ ਵਿਚ ਕਿਤੇ ਵੀ ਬੋਝਲ ਨਹੀਂ ਜਾਪਦੀ।

ਨਾਵਲ ਪੜ੍ਹਨ ਉਪਰੰਤ ਕਿੰਨੇ ਹੀ ਪਾਤਰ ਪਾਠਕ ਦੀ ਯਾਦ ਦਾ ਹਿਸਾ ਬਣ ਜਾਂਦੇ ਹਨ। ਸਿਆਸੀ ਲੀਡਰ ਦਾਅ ਸਾਹਿਬ ਦਾ ਬਾਹਰੀ ਵਤੀਰਾ ਹਰ ਕਿਸੇ ਨੂੰ ਬੇਵਕੂਫ ਬਣਾ ਦਿੰਦਾ ਹੈ। ਦਾਅ ਸਾਹਿਬ ਦੀ ਪਤਨੀ ਉਹਨੂੰ ਸੰਤ ਦੀ ਤਰਾਂ ਪੂਜਦੀ ਹੈ। ਪਰ ਦਾਅ ਸਾਹਿਬ ਆਪਣੀ ਕੁਰਸੀ ਪਿਛੇ ਕਿੰਨੀਆਂ ਘਟੀਆ ਕਿਸਮ ਦੀਆਂ ਚਾਲਾਂ ਚੱਲਦੇ ਹਨ। ਹਰ ਕਿਸਮ ਦੀ ਸਿਆਸੀ ਹੇਰਾ ਫੇਰੀ, ਧੱਕੇ ਸ਼ਾਹੀ ਕਰਨ ਦੇ ਉਹ ਹਰ ਤਰ੍ਹਾਂ ਮਾਹਿਰ ਜਾਪਦੇ ਹਨ। ਉਹ ਆਪਣੇ ਆਪ ਨੂੰ ਗਾਂਧੀ ਦੇ ਪਾਏ ਪੂਰਨਿਆਂ 'ਤੇ ਚੱਲਣ ਵਾਲੇ ਸਮਝਦੇ ਹਨ ਤੇ ਇਸ ਵਿਚ ਕੋਈ ਸ਼ੱਕ ਵੀ ਨਹੀਂ ਰਹਿੰਦੀ। ਦਾਅ ਸਾਹਿਬ ਦੀਆਂ ਚਾਲਾਂ ਨੂੰ ਸਿਰੇ ਚਾੜ੍ਹਨ ਵਾਲੇ ਪਾਂਡੇ ਜੀ, ਲੱਖਨ, ਅਖਬਾਰ ਸੰਪਾਦਕ ਦੱਤਾ ਆਦਿ ਪਾਤਰ ਸਭੇ ਅਸਲੀ ਹਨ। ਇਸੇ ਤਰ੍ਹਾਂ ਵਿਰੋਧੀ ਪਾਰਟੀ ਦੇ ਲੀਡਰ ਸੁਕੂਲ ਬਾਬੂ ਤੇ ਉਹਦੇ ਸਾਥੀ, ਪੁਲੀਸ ਡੀ. ਆਈ. ਜੀ. ਸਿਨਹਾ ਤੇ ਛੋਟੇ ਠਾਣੇਦਾਰ। ਇਹਨਾਂ ਸਭਨਾਂ ਵਿਚ ਇਕੋ ਇਕ ਚੀਜ਼ ਦੀ ਸਾਂਝ ਹੈ ਉਹ ਹੈ ਆਪ ਤੋਂ ਉਪਰ ਵਾਲੇ ਨੂੰ ਕੱਸ ਕੇ ਸਲੂਟ ਤੇ ਥੱਲੇ ਵਾਲੇ ਦੇ ਵੱਟ ਕੇ ਬੂਟ।

ਇਹ ਸਾਡੇ ਪਾਤਰ ਹਿੰਦੁਸਤਾਨ ਦੀ ਸਿਆਸਤ ਨੂੰ ਇਸ ਤਰ੍ਹਾਂ ਜਕੜੀ ਬੈਠੇ ਹਨ ਕਿ ਬਚਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ ਤੇ ਸਥਿਤੀ ਕਾਫੀ ਨਿਰਾਸ਼ਾਜਨਕ ਜਾਪਦੀ ਹੈ। ਪਰ ਇਸ ਢਾਂਚੇ ਵਿਰੁੱਧ ਜੂਝਣ ਵਾਲਿਆਂ ਦੀ ਕਤਾਰ ਵੀ ਟੁੱਟਦੀ ਨਹੀਂ। ਬਿਸੂ ਨੂੰ ਖਤਮ ਕਰ ਦਿਤਾ ਜਾਂਦਾ ਹੈ। ਉਹਦਾ ਦੋਸਤ ਬਿੰਦਾ ਜਿਹਨੂੰ ਉਹਦੇ ਕੰਮ ਪੂਰੇ ਕਰਨ ਲਈ ਉਸ ਤੋਂ ਵੀ ਵੱਧ ਜ਼ੋਰ ਲਾਉਂਦਾ ਹੈ ਉਸਦੇ ਹੀ ਕਤਲ ਵਿਚ ਜੇਲ ਕਰ ਦਿਤਾ ਜਾਂਦਾ ਹੈ। ਪਰ ਬਿੰਦੂ ਦਾ ਰੁਕਿਆ ਕੰਮ ਪੁਲੀਸ਼ ਐਸ. ਪੀ. ਸੈਕਸੈਨਾ ਸਾਂਭਦਾ ਹੈ ਜਿਹਨੂੰ ਸੱਚ ਬੋਲਣ ਬਦਲੇ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ। ਨਾਵਲ ਦਾ ਅੰਤ ਬਹੁਤ ਹੀ ਹਾਂ-ਪੱਖੀ ਨੋਟ ਨਾਲ ਹੁੰਦਾ ਹੈ - ਸੈਕਸੈਨਾ ਅੱਗ ਵਾਲੀ ਘਟਨਾ ਦੇ ਤੱਥ, ਬਿਸੂ ਦੀ ਮੌਤ ਦੇ ਤੱਥ ਇਕੱਠੇ ਕਰਕੇ, ਤੇ ਬਿੰਦੇ ਦੀ ਜੇਲ ਬਾਰੇ ਤਫਤੀਸ਼ ਕਰਾਉਣ ਲਈ ਦਿਲੀ ਵੱਲ ਜਾ ਰਿਹਾ ਹੈ। ਬਿਸੂ ਦਾ ਪਿਉ ਹੀਰਾ, ਬਿੰਦੇ ਦੇ ਘਰ ਵਾਲੀ ਰੁਕਮਾ ਪਿੰਡ ਦੇ ਉਹ ਪਾਤਰ ਹਨ ਜਿਹਨਾਂ ਦੇ ਹੰਝੂ, ਜਿਹਨਾਂ ਦੀ ਮਜ਼ਬੂਰੀ ਹਰ ਪਾਠਕ ਦੇ ਅੰਦਰ ਅੱਗ ਮਚਾ ਦੇਣ ਦੀ ਸਮਰੱਥਾ ਰੱਖਦੀ ਹੈ। ਪਿੰਡ ਦੇ ਲੋਕਾਂ ਦੇ ਜੀਵਨ ਬਾਰੇ ਖੋਜ ਕਰਨ ਆਏ ਮਹੇਸ਼ ਨੂੰ ਭੁੱਲਣਾ ਤੇ ਸ਼ਾਇਦ ਮਾਫ ਕਰਨਾ ਪਾਠਕ ਲਈ ਔਖਾ ਹੋਵੇਗਾ। ਇਸ ਪੌਣੇ ਦੋ ਸੌ ਸਫੇ ਦੇ ਨਾਵਲ ਵਿਚ ਇੰਨੇ ਪਾਤਰ, ਇੰਨੀਆਂ ਘਟਨਾਵਾਂ ਹਨ ਕਿ ਉਹਨਾਂ ਰਾਹੀਂ ਸਮੁੱਚੇ ਹਿੰਦੋਸਤਾਨ ਦੀ ਮੌਜੂਦਾ ਸਥਿਤੀ ਦਾ ਠੀਕ ਠੀਕ ਅਨੁਮਾਨ ਲਾਇਆ ਜਾ ਸਕਦਾ ਹੈ।

ਇਹ ਨਾਵਲ 1979 ਵਿਚ ਪਹਿਲੀ ਵਾਰ ਛਪਿਆ ਸੀ। 1983 ਤੱਕ ਇਸ ਦੀਆਂ ਪੰਜ ਕਿਸ਼ਤਾਂ ਛੱਪ ਚੁੱਕੀਆਂ ਹਨ। ਸਮੇਂ ਦਾ ਇਸ ਨਾਵਲ ਉਪਰ ਕੋਈ ਅਸਰ ਨਹੀਂ ਹੁੰਦਾ ਜਾਪਦਾ। ਇਹ ਨਾਵਲ ਵਰਤਮਾਨ ਹੈ ਤੇ ਉਨਾ ਚਿਰ ਵਰਤਮਾਨ ਰਹੇਗਾ ਜਿੰਨਾ ਚਿਰ ਹਿੰਦੋਸਤਾਨ ਚੋਂ ਹਨੇਰਗਰਦੀ ਖਤਮ ਨਹੀਂ ਹੁੰਦੀ। ਹਿੰਦੀ ਦਾ ਇਹ ਨਾਵਲ ਪੰਜਾਬੀ ਪਾਠਕਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ।

ਸੁਰਜੀਤ ਸਿੰਘ ਦੇ ਦੇਹਾਂਤ ਤੇ ਸ਼ੋਕ

ਸੁਰਜੀਤ ਸਿੰਘ ਦੀ ਮੌਤ ਨਾਲ ਦੇਸ਼ ਭਰ ਦੇ ਹਾਕੀ ਪਰੇਮੀਆਂ ਵਿਚ ਸ਼ੋਕ ਦੀ ਲਹਿਰ ਦੌੜ ਗਈ ਹੈ। ਹਾਕੀ ਨਾਲ ਸਬੰਧਤ ਲੋਕਾਂ ਨੇ ਹੀ ਨਹੀਂ, ਸਗੋਂ ਹੋਰ ਵੀ ਮਹੱਤਵਪੂਰਨ ਵਿਅਕਤੀਆਂ ਨੇ ਇਸ ਬੇਮੌਕਾ ਮੌਤ ਉਤੇ ਅਫਸੋਸ ਪ੍ਰਗਟ ਕੀਤਾ ਹੈ।

ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਸੁਰਜੀਤ ਸਿੰਘ ਦੀ ਮੌਤ ਤੇ ਗਹਿਰੇ ਦੁੱਖ ਅਤੇ ਸਦਮੇ ਦਾ ਪ੍ਰਗਟਾਵਾ ਕੀਤਾ ਹੈ। ਇਕ ਸ਼ੋਕ ਸਨੇਹੇ ਵਿਚ ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਇਕ ਬਿਹਤਰੀਨ ਅਤੇ ਸ਼ਾਨਦਾਰ ਖਿਡਾਰੀ ਸੀ ਜਿਸ ਨੇ ਭਾਰਤ ਦਾ ਨਾਂ ਚਮਕਾਉਣ ਵਿਚ ਬਹੁਤ ਯੋਗਦਾਨ ਪਾਇਆ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਾਕੀ ਖਿਡਾਰੀ ਸੁਰਜੀਤ ਸਿੰਘ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਭਾਰਤ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਭਲਿੰਦਰ ਸਿੰਘ ਨੇ ਕਿਹਾ ਕਿ ਇਹ ਬੇਹੱਦ ਅਫਸੋਸ ਦੀ ਗੱਲ ਹੈ ਕਿ ਭਾਰਤ ਦਾ ਇਕ ਮਹਾਨ ਹਾਕੀ ਖਿਡਾਰੀ ਅਣਿਆਈ ਮੌਤੇ ਮਰ ਗਿਆ ਹੈ।

ਦੋ ਮਿੰਨੀ ਕਹਾਣੀਆਂ :
ਦਸੀ

ਸਾਧੂ

ਸਰਦਾਰ ਬਲਵੰਤ ਸਿੰਘ ਨੂੰ ਉਹਦੇ ਮੁੰਡੇ ਨੇ ਦਸ ਵਜੇ ਗੁਰਦੁਆਰੇ ਕਾਰ ਚੋਂ ਉਤਾਰਿਆ। ਉਹਨੇ ਜੋੜੇ ਉਤਾਰ ਮਹਾਰਾਜ ਦੀ ਹਾਜਰੀ 'ਚ ਸਿਰ ਨਿਵਾਇਆ ਤੇ ਇਕ ਪਾਸੇ ਕੰਧ ਨਾਲ ਢੋਹ ਲਾ ਕੇ ਬਹਿ ਗਿਆ। ਉਸ ਤੋਂ ਬਿਨ੍ਹਾਂ ਚਾਰ ਪੰਜ ਬੰਦੇ ਤੇ ਦੋ ਕੁ ਔਰਤਾਂ ਬੈਠੀਆਂ ਸਨ। ਬਲਵੰਤ ਸਿੰਘ ਨੇ ਸਦਾ ਵਾਂਗ ਅੰਤਰਧਿਆਨ ਹੋਣ ਲਈ ਚੌਂਕੜੀ ਮਾਰੀ। ਪਰ ਅੱਖਾਂ ਮੀਟਣ ਤੋਂ ਪਹਿਲਾਂ ਉਹਨੂੰ ਆਪਣੇ ਖੱਬੇ ਗੋਡੇ ਨਾਲ ਪਈ ਇਕ ਦਸੀ ਦਿਸੀ। ਉਹਨੇ ਅੱਖਾਂ ਮੀਟੀਆਂ ਪਰ ਫੇਰ ਪਲ ਕੁ ਬਾਅਦ ਆਪੇ ਹੀ ਉਹਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਹਨੇ ਫੇਰ ਦਸੀ ਵੱਲ ਦੇਖਿਆ। ਉਸ ਤੋਂ ਬਾਅਦ ਉਹਨੇ ਹਜ਼ਾਰ ਕੋਸ਼ਿਸ਼ ਕੀਤੀ ਪਰ ਉਹ ਅੰਤਰਧਿਆਨ ਨਾ ਹੋ ਸਕਿਆ।

ਕੰਮ ਦਾ ਬੰਦਾ

ਇਕ ਨਵੀਂ ਤਰੱਕੀ ਕਰ ਰਹੀ ਕੰਪਨੀ ਦੇ ਪ੍ਰਧਾਨ ਨੇ ਸਾਹਮਣੇ ਬੈਠੇ ਭਲੇ-ਮਾਣਸ ਜਿਹੇ ਦਿਸਦੇ ਬੰਦੇ ਨੂੰ ਪੁਛਿਆ, "ਜਸਵੰਤ ਸਿੰਘਾਂ ਤੂੰ ਉਸ ਭਗਵੰਤ ਸਿੰਘ ਨੂੰ ਜਾਣਦਾ ਏਂ ਜਿਹੜਾ ਕੱਲ ਮੇਰੇ ਕੋਲ ਜਾਬ ਲਈ ਆਇਆ ਸੀ।"

"ਲਓ ਜੀ ਛੱਡੋ, ਕਿਹਦੀ ਗੱਲ ਕਰਦੇ ਹੋ, ਉਹ ਤਾਂ ਹੱਦ ਦਰਜੇ ਦਾ ਬੇਈਮਾਨ ਬੰਦਾ ਆ। ਉਂਝ ਮੂੰਹ ਦਾ ਬੜਾ ਮਿਠਾ। ਆਪ ਅਜੇ ਵਿਜ਼ਿਟਰ ਹੀ ਸੀ ਤਾਂ ਹੋਰਨਾਂ ਤੋਂ ਪੈਸੇ ਵਟੋਰੀ ਫਿਰਦਾ ਸੀ ਫਰੀ ਕਰਾਉਣ ਦਾ ਲਾਰਾ ਲਾ ਕੇ। ਦੋ ਸਾਲ ਗੁਰਦੁਆਰੇ ਦਾ ਸੈਕਟਰੀ ਰਿਹਾ ਦੋਂਹ ਘਰਾਂ ਦਾ ਮਾਲਕ ਬਣ ਗਿਆ ਸਕੇ ਪਿਓ ਤੇ ਭਰਾਵਾਂ ਨੂੰ ਵੀ ਚੰਗਾ ਰਾਹੜਾ ਚਾੜ੍ਹਿਆ। ਆਪਣੀ ਖੁੱਡ ਤੇ ਹਓ ਤਾਂ ਬੰਦਾ ਮਾਰਨ ਤੱਕ ਜਾਊ ਨਹੀਂ ਤਾਂ ਦੂੰਬ ਦਬਾ ਕੇ ਭੱਜਣ 'ਚ ਮਿੰਟ ਨੀ ਲਾਉਂਦਾ। ਦਾਰੂ ਪੀਣ ਲਈ ਕਾਮਰੇਡਾਂ ਨਾਲ ਵੀ ਰਗੀ ਤੇ ਪੂਰਾ ਇੰਨਕਲਾਬੀ ਬਣ ਜਾਊ। ਊਂ ਪਿਛਲੀ ਇਲੈਕਸ਼ਨ ਵੇਲੇ ਸੋਕਰਿਡ ਪਾਰਟੀ ਤੋਂ ਕਾਫੀ ਮਾਲ ਛਕਿਆ ਵੋਟਾਂ ਦਾ ਲਾਲਚ ਦੇ ਕੇ। ਫਾਰਮਾਂ 'ਚ ਠੇਕੇਦਾਰੀ ਵੀ ਕਰਦਾ ਰਿਹਾ ਕਿਸੇ ਦੇ ਮਜ਼ਦੂਰੀ ਦੇ ਪੈਸੇ ਨਹੀਂ ਦਿੱਤੇ .....

ਜਸਵੰਤ ਸਿੰਘ ਅਜੇ ਭਗਵੰਤ ਸਿੰਘ ਬਾਰੇ ਦਸ ਹੀ ਰਿਹਾ ਸੀ ਕਿ ਪ੍ਰਧਾਨ ਟੈਲੀਫੋਨ ਤੇ ਨੰਬਰ ਘੁਮਾਉਣ ਲੱਗਾ। ਆਫਿਸ! ਆਵਾਜ਼ ਆਈ ਤੇ ਬੋਲਿਆ, "ਓ ਬਈ ਭਗਵੰਤ ਸਿੰਘ ਕੱਲ ਤੋਂ ਦਫਤਰ ਆਉਣਾ ਸ਼ੁਰੂ ਕਰ ਦੇ ਤੂੰ ਆਪਣੇ ਕੰਮ ਦਾ ਬੰਦਾ ਲਗਦੈਂ।"

ਸੀ.ਆਈ.ਏ. ਦੇ ਨਕਸ਼ੇ 'ਚ ਹਿੰਦ ਟੋਟੇ--ਟੋਟੇ

ਬੰਬਈ —(ਬਲਿ:) ਅਮਰੀਕਾ ਦੇ ਅੱਤ ਦੇ ਸਜ ਪਿਛਾਖੜੀ ਆਗੂ ਬੈਰੀ ਗੋਲਡ ਵਾਟਰ ਜੋ ਇਕ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਵੀ ਬਣਿਆ ਨੇ ਸੁਝਾਅ ਦਿਤਾ ਕਿ ਸੀ. ਆਈ. ਏ. ਉਸ ਦੇ ਅਨੁਸਾਰ ਜਿਸ ਦਾ ਕਿ 'ਮਾਨ ਭਰਿਆ ਇਤਹਾਸ ਹੈ' ਨੂੰ ਆਪਣੀਆਂ ਪ੍ਰਾਪਤੀਆਂ ਦੀ ਨੁਮਾਇਸ਼ ਕਰਨ ਲਈ ਇਕ ਅਜਾਇਬ ਘਰ ਖੋਲਣਾ ਚਾਹੀਦਾ ਹੈ. 'ਨਿਊ ਟਾਈਮਜ਼' ਨੇ ਇਸ ਉਪਰ ਟਿਪਣੀ ਕਰਦੇ ਆਪਣੇ ਪਿਛਲੇ ਮਹੀਨੇ ਅੰਕ ਵਿਚ ਕਿਹਾ ਹੈ ਕਿ ਇਸ ਅਜਾਇਬ ਘਰ ਉਹਨਾਂ ਨੂੰ ਮਾਹਿਰ ਵਿਅਕਤੀਆਂ ਵਲੋਂ ਕੀਤੇ ਗਏ ਵਿਸ਼ਲੇਸ਼ਣ "ਕਿ ਫੀਡਲ ਕਾਸਟਰੋ, ਇੰਦਰਾ ਗਾਂਧੀ ਅਤੇ ਦੂਸਰੀਆਂ ਸਿਆਸੀ ਹਸਤੀਆਂ ਨੂੰ ਕਤਲ ਕਰਨ ਦੀਆਂ ਕੀਤੀਆਂ ਗਈਆਂ ਸਾਜਿਸ਼ਾਂ ਕਿਉਂ ਫੇਲ੍ਹ ਹੋ ਗਈਆਂ" ਦੇ ਵੇਰਵੇ ਵੀ ਰਖਣੇ ਚਾਹੀਦੇ ਹਨ. ਇਹ ਟਿਪਣੀ ਕਰਦੇ ਸਪਤਾਹਕ ਅਖਬਾਰ ਨੇ ਕਿਹਾ ਹੈ ਕਿ 1961 ਅਤੇ 1981 ਦੇ ਦਰਮਿਆਨ ਸੀ. ਆਈ. ਏ. ਨੇ 1000 ਹਥਿਆਰਬੰਦ ਅਤੇ ਲੁਕਵੀਆਂ ਸਾਜ਼ਿਸ਼ਾਂ ਰਚੀਆਂ ਜਿਹਨਾਂ ਵਿਚ ਪ੍ਰਮੁਖ ਸਿਆਸਤਦਾਨਾਂ ਅਤੇ ਆਗੂਆਂ ਉਪਰ ਕੀਤੇ ਗਏ 30 ਕਾਤਲਾਨਾ ਹਮਲੇ ਵੀ ਸ਼ਾਮਲ ਹਨ.

ਸਪਤਾਹਕ ਨੇ ਪ੍ਰਗਟਾਵਾ ਕੀਤਾ ਹੈ ਕਿ ਸੀ. ਆਈ. ਏ. ਦੇ 16000 ਕੁਲ ਵਕਤੀ ਕਰਮਚਾਰੀ ਹਨ ਅਤੇ ਇਸ ਦਾ ਸਾਲਾਨਾ ਬਜਟ 1.5 ਅਰਬ ਡਾਲਰ ਤੋਂ ਪੰਜ ਅਰਬ ਡਾਲਰ ਦੇ ਵਿਚਕਾਰ ਹੈ.

'ਭਾਰਤ ਵਿਰੁਧ ਸਾਜ਼ਿਸ਼' ਦੇ ਸਿਰਲੇਖ ਹੇਠ ਸਪਤਾਹਕ ਨੇ ਅਗੇ ਪ੍ਰਗਟਾਵਾ ਕੀਤਾ ਹੈ ਕਿ ਸੀ. ਆਈ. ਨੇ 1980 ਦੇ ਸ਼ੁਰੂ ਵਿਚ ਭਾਰਤ ਦੇ ਵਿਰੁਧ ਇਕ ਰਣਨੀਤਕ ਸਾਜ਼ਿਸ਼ ਤਿਆਰ ਕੀਤੀ ਗਈ ਜਿਸ ਦਾ ਉਦੇਸ਼ ਇਸ ਸਦੀ ਦੇ ਅੰਤ ਤਕ ਇਸ ਦੇਸ਼ ਦੀ ਅਜ਼ਾਦ ਬਹੁ-ਨਸਲੀ ਦਿਖ ਨੂੰ ਖਤਮ ਕਰਨਾ ਹੈ.

ਇਸ ਵਿਚ ਇਕ ਅਖਬਾਰ ਦੀ ਰਿਪੋਰਟ ਦਾ ਹਵਾਲਾ ਦਿਤਾ ਗਿਆ ਹੈ ਕਿ 'ਸੀ. ਆਈ. ਏ. ਦੇ ਨਕਸ਼ੇ ਵਿਚ ਭਾਰਤ ਨੂੰ ਜ਼ੋਨਾਂ ਵਿਚ ਵੰਡਿਆ ਗਿਆ ਹੈ, ਹਰੇਕ ਜ਼ੋਨ ਵਿਚ ਅਮਰੀਕੀ ਅਤੇ ਪਾਕਿਸਤਾਨੀ 'ਵਸਨੀਕ' ਮਿਲਕੇ ਕੰਮ ਕਰ ਰਹੇ ਹਨ.

ਇਸ ਜਸੂਸੀ ਜਾਲ ਦਾ ਕੇਂਦਰ ਅਮਰੀਕੀ ਦੂਤਾਵਾਸ ਹੈ, ਜਿਥੇ ਬਹੁਤ ਸਾਰੇ ਸੀ. ਆਈ. ਏ. ਦੇ ਜਸੂਸ ਅਮਰੀਕੀ ਦੂਤਾਂ ਦੀ ਆੜ ਵਿਚ ਕੰਮ ਕਰਦੇ ਹਨ. ਹਫਤਾਵਾਰ ਨੇ ਕੁਝ ਨਾਂਅ ਵੀ ਦਸੇ ਹਨ. ਇਹਨਾਂ ਵਿਚੋਂ ਕਈ ਅਜਿਹੇ ਹਨ ਜੋ ਬੀਤੇ ਵਿਚ ਅਮਰੀਕੀ ਦੂਤਾਵਾਸ ਵਿਚ ਕੰਮ ਕਰ ਚੁਕੇ ਹਨ. ਅਤੇ ਇਸ ਵਿਚ ਭਾਰਤ ਵਿਚ ਅਮਰੀਕਾ ਦੇ ਮੌਜੂਦਾ ਰਾਜਦੂਤ ਦਾ ਨਾਂਅ ਲੈ ਕੇ ਖਾਸ ਵਰਣਨ ਕੀਤਾ ਗਿਆ ਹੈ.

'ਬ੍ਰਹਮ ਪੁਤਰਾ ਯੋਜਨਾ' ਜਿਸ ਅਨੁਸਾਰ ਕਿ ਭਾਰਤ ਦੇ ਉਤਰੀ-ਪੂਰਬੀ ਖੇਤਰ ਨੂੰ ਭਾਰਤ ਨਾਲੋਂ ਅਲਗ ਕੀਤਾ ਗਿਆ ਹੈ ਅਤੇ 'ਅਜ਼ਾਦ ਸਿੱਖ ਸਟੇਟ' ਯੋਜਨਾ ਜੋ ਕਿ ਇਸ ਸਮੇਂ ਖਾਲਿਸਤਾਨ ਅੰਦੋਲਨ ਦੇ ਰੂਪ ਵਿਚ ਖੁਲ੍ਹ ਰਹੀ ਹੈ, ਵਿਚ ਅਗੇ ਕਿਹਾ ਗਿਆ ਹੈ ਕਿ 'ਵਖਰੇਵੇਂ ਦੀਆਂ ਇਹ ਕਾਰਵਾਈਆਂ ਬਹੁਤੇ ਸਮੇਂ ਤਕ ਸਾਜਿਸ਼ੀ ਬੋਰਡ ਦੀਆਂ ਤਸਵੀਰਾਂ ਨਹੀਂ ਬਣੀਆਂ ਰਹਿਣਗੀਆਂ ਦਿਲੀ ਵਿਚ ਸ਼ਾਂਤੀ ਪਥ ਉਪਰ ਸਥਿਤ ਅਮਰੀਕੀ ਦੂਤਾਵਾਸ ਨੂੰ ਜਲਦੀ ਹੀ ਕੰਪਿਊਟਰ ਭੇਜਿਆ ਜਾਣ ਵਾਲਾ ਹੈ ਜਿਸ ਵਿਚ ਦਸ ਲਖ ਗਲਾਂ ਦੀ ਜਾਣਕਾਰੀ ਦਿਤੀ ਗਈ ਹੈ. ਇਸ ਤੋਂ ਬਾਦ ਖਾਲਿਸਤਾਨ ਅਤੇ ਬ੍ਰਹਮਪੁਤਰ ਸ਼ਾਜਿਸ਼ ਲਈ ਸੈਂਕੜੇ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਗੁਪਤ ਸ਼ਬਦ ਅਤੇ ਸੰਦੇਸ਼ ਇਸ ਦੀ ਯਾਦਾਦਾਸ਼ਤ ਵਿਚ ਭਰ ਦਿਤੇ ਜਾਣਗੇ.

ਹਫਤਾਵਾਰ ਨੇ ਕਿਹਾ ਹੈ ਕਿ ਇਸ ਕੰਪਿਊਟਰ ਵਿਚ ਸਿਰਫ ਅਮਰੀਕੀ ਜਾਂ ਭਾਰਤੀ ਨਾਂਅ ਹੀ ਸ਼ਾਮਲ ਨਹੀਂ ਹੋਣਗੇ ਬਲਕਿ ਪਾਕਿਸਤਾਨੀ ਨਾਂਅ ਵੀ ਸਾਮਲ ਕੀਤੇ ਜਾਣਗੇ. ਜਿਸ ਤਰ੍ਹਾਂ ਕਿ ਅਮਰੀਕੀ ਰਸਾਲੇ ਨਿਊਜ਼ਵੀਕ ਨੇ ਕਿਹਾ ਹੈ ਕਿ ਸੀ. ਆਈ. ਏ. ਦੇ ਏਜੰਟਾਂ ਨੂੰ ਵਡੀ ਗਿਣਤੀ ਵਿਚ ਪਾਕਿਸਤਾਨ ਭੇਜਿਆ ਗਿਆ ਹੈ. ਚਕਾਲਾ ਵਿਖੇ ਇਕ ਜਸੂਸੀ ਸਕੂਲ ਇਸ ਸਮੇਂ ਜ਼ੋਰ ਸ਼ੋਰ ਨਾਲ ਕੰਮ ਕਰ ਰਿਹਾ ਹੈ ਅਤੇ ਇਥੋਂ ਸਿਖਿਆ ਪ੍ਰਾਪਤ ਕਰਨ ਵਾਲਿਆਂ ਨੂੰ ਸਰਹਦੋਂ ਪਾਰ ਭਾਰਤ ਵਿਚ ਭੇਜਿਆ ਜਾ ਰਿਹਾ ਹੈ.

ਇਹ ਰਿਪੋਰਟਾਂ ਵੀ ਮਿਲੀਆਂ ਹਨ ਕਿ ਪਿਛਲੇ ਸਮੇਂ ਵਿਚ ਭਾਰਤੀ ਹਵਾਈ ਫੌਜ ਦੇ ਜਿਹੜੇ ਜਹਾਜ਼ ਹਾਦਸਿਆਂ ਦਾ ਸ਼ਿਕਾਰ ਹੋਏ ਉਹ ਇਹਨਾ ਅਮਰੀਕੀ ਏਜੰਟਾਂ ਵਲੋਂ ਕੀਤੀਆਂ ਗਈਆਂ ਸਾਜ਼ਿਸ਼ਾਂ ਦਾ ਹੀ ਸਿਟਾ ਸਨ.



ਕਟਾਣੀ ਕਲਾਂ ਡਾਕੇ ਦੀ ਗੁਥੀ ਹੋਰ ਉਲਝੀ

ਮੁਕਾਬਲੇ 'ਚ ਮਾਰਨ ਵਾਲੇ ਕੌਣ ਸਨ ?

ਲੁਧਿਆਣਾ—ਪੰਜਾਬ ਪੁਲਸ ਦੇ ਡੀ. ਆਈ. ਜੀ.(ਅਮਨ ਤੇ ਕਾਨੂੰਨ) ਸ੍ਰੀ ਪ੍ਰੀਤਮ ਸਿੰਘ ਭਿੰਡਰ ਵਲੋਂ ਦਿਤੇ ਗਏ ਇਸ ਬਿਆਨ ਨਾਲ ਕਿ ਬੈਂਕ ਲੁਟੇਰਿਆਂ ਦੇ ਜੋ ਦੋ ਗਰੋਹ ਫੜੇ ਗਏ ਹਨ, ਉਹਨਾਂ ਵਿਚ ਕਟਾਣੀ ਕਲਾਂ ਵਿਖੇ ਇੰਡੀਅਨ ਓਵਰਸੀਜ਼ ਬੈਂਕ ਵਿਚ ਡਾਕਾ ਮਾਰਨ ਵਾਲੇ ਵੀ ਸ਼ਾਮਲ ਹਨ, ਇਸ ਡਕੈਤੀ ਕਾਂਡ ਦੀ ਗੁੱਥੀ ਹੋਰ ਉਲਝ ਕੇ ਰਹਿ ਗਈ ਹੈ। ਜੇਕਰ ਪੁਲਸ ਨੇ ਇਸ ਡਕੈਤੀ ਦੇ ਦੋਸ਼ੀ ਹੁਣ ਫੜੇ ਹਨ ਤਾਂ ਉਹ ਕੌਣ ਹਨ ਜਿਹਨਾਂ ਨੂੰ ਪੁਲਸ ਨੇ 13-14 ਅਗਸਤ ਦੀ ਰਾਤ ਨੂੰ ਪਿੰਡ ਘਲੋਟੀ ਨੇੜੇ ਇਕ ਮੁਠਭੇੜ ਵਿਚ ਮਾਰਿਆ ਸੀ।

ਇਸ ਪੁਲੀਸ ਮੁਠਭੇੜ ਤੋਂ ਬਾਅਦ ਲੁਧਿਆਣਾ ਪੁਲੀਸ ਦੇ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਸੀ ਕਿ ਮਾਰੇ ਗਏ ਵਿਅਕਤੀਆਂ ਦਾ ਸਬੰਧ ਕਟਾਣੀ ਕਲਾਂ ਬੈਂਕ ਡਕੈਤੀ ਨਾਲ ਹੈ। ਆਪਣੇ ਇਸ ਦਾਅਵੇ ਨੂੰ ਸੱਚਾ ਸਾਬਤ ਕਰਨ ਲਈ ਪੁਲਸ ਨੇ ਨੋਟਾਂ ਦਾ ਉਹ ਬੰਡਲ ਵੀ ਦਿਖਾਇਆ ਸੀ, ਜਿਹੜਾ ਕਿ ਕਥਿਤ ਤੌਰ ਤੇ ਮ੍ਰਿਤਕਾਂ ਕੋਲੋਂ ਬਰਾਮਦ ਹੋਇਆ ਸੀ ਜਿਸ ਤੇ ਉਸ ਬੈਂਕ ਦੀਆਂ ਮੋਹਰਾਂ ਲਗੀਆਂ ਹੋਈਆਂ ਸਨ। ਪੁਲੀਸ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਡਕੈਤੀ ਦੌਰਾਨ ਵਰਤੇ ਗਏ ਆਧੁਨਿਕ ਹਥਿਆਰ ਵੀ ਬਰਾਮਦ ਕਰ ਲਏ ਗਏ ਹਨ। ਇਸ ਕਥਿਤ ਪੁਲੀਸ ਮੁਠਭੇੜ ਵਿਚ ਰਾਜਾ ਅਨਮੋਲ ਸਿੰਘ ਤੇ ਉਸਦਾ ਜੀਜਾ ਨਿਰਮਲ ਸਿੰਘ ਇਕ ਡਾਕਟਰ ਗੁਰਤੇਜ ਸਿੰਘ ਅਤੇ ਦਲੀਪ ਸਿੰਘ ਉਰਫ ਦੀਪਾ ਮਾਰੇ ਗਏ ਸਨ, ਜਦ ਕਿ ਖੁਫੀਆ ਵਿਭਾਗ ਦੀ ਜਾਂਚ ਰਿਪੋਰਟ ਵਿਚ ਇਸ ਮੁਠਭੇੜ ਨੂੰ ਕਤਲ ਕਰਾਰ ਦਿਤਾ ਗਿਆ ਸੀ ਅਤੇ ਇਕ ਸਬ ਇੰਸਪੈਕਟਰ ਇਸ ਸਬੰਧ 'ਚ ਮੁਅਤਲ ਕੀਤਾ ਜਾ ਚੁਕਾ ਹੈ। ਪੰਜਾਬ ਦੇ ਸਾਬਕਾ ਲੋਕ ਉਸਾਰੀ ਮੰਤਰੀ ਬੇਅੰਤ ਸਿੰਘ ਦਾ ਨਾਂ ਵੀ ਇਸ ਕਾਂਡ ਨਾਲ ਜੁੜਿਆ ਸੀ, ਜਿਸ ਤੇ ਉਹਨਾਂ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿਤਾ ਸੀ, ਪਰ ਬਾਅਦ ਵਿਚ ਉਹਨਾਂ ਆਪਣਾ ਅਸਤੀਫਾ ਵਾਪਸ ਲੈ ਲਿਆ ਸੀ।

ਜਲੰਧਰ ਕਤਲ ਕਾਂਡ ਬਾਰੇ ਸੁਰਾਗ ਮਿਲਣ ਦਾ ਦਾਅਵਾ

ਜਲੰਧਰ—ਸਥਾਨਕ ਰੈਣਕ ਬਾਜ਼ਾਰ ਦੇ ਦੁਕਾਨਦਾਰ ਸੋਮਨਾਥ ਨੂੰ ਬੀਤੀ ਰਾਤ ਕਥਿਤ ਤੌਰ 'ਤੇ ਗੋਲੀ ਮਾਰ ਕੇ ਕਤਲ ਕਰਨ ਵਾਲੇ ਜਸਬੀਰ ਸਿੰਘ ਉਰਫ ਭੂਟੋ ਨੂੰ ਫੜਨ ਲਈ ਪੁਲੀਸ ਪਾਰਟੀਆਂ ਵੱਖ ਵੱਖ ਦਿਸ਼ਾਵਾਂ ਵਲ ਭੇਜੀਆਂ ਗਈਆਂ ਹਨ। ਜ਼ਿਲਾ ਪੁਲਸ ਮੁਖੀ ਸ੍ਰੀ ਭੁੱਲਰ ਨੇ ਉਕਤ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਤਲ ਦਾ ਕਾਰਨ ਪੁਰਾਣੀ ਦੁਸ਼ਮਣੀ ਸੀ। ਮ੍ਰਿਤਕ ਦੇ ਭਰਾ ਤੇ ਕਪੂਰਥਲਾ ਜ਼ਿਲੇ ਦੇ ਪਿੰਡ ਭੰਡੇਲ ਬੇਟ ਵਿਚ ਦੇਸੀ ਸ਼ਰਾਬ ਦਾ ਠੇਕਾ ਹੈ ਜਿਥੇ ਕਿ ਦੋ ਭਰਾ ਜੀਤਾ ਅਤੇ ਭੂਟੋ ਨਜਾਇਜ਼ ਸ਼ਰਾਬ ਦਾ ਧੰਦਾ ਕਰਿਆ ਕਰਦੇ ਸਨ। ਸੋਮਨਾਥ ਅਤੇ ਉਸਦੇ ਭਰਾ ਨੇ ਇਸ ਸਬੰਧ 'ਚ ਪੁਲਸ ਨੂੰ ਸੂਚਨਾ ਦਿਤੀ ਅਤੇ ਪੁਲਸ ਨੇ ਜਦ ਛਾਪਾ ਮਾਰਿਆ ਤਾਂ ਭੂਟੋ ਦਾ ਭਰਾ ਜੀਤਾ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਸ੍ਰੀ ਭੁੱਲਰ ਨੇ ਦਸਿਆ ਕਿ ਇਹ ਘਟਨਾ ਪਿਛਲੇ ਸਾਲ ਵਾਪਰੀ ਸੀ।

30 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੰਪਲੈਕਸ ਦੇ ਮੁਖ ਗੇਟ ਦੇ ਬਾਹਰ ਜੋ ਸੰਤਾ ਸਿੰਘ ਦਾ ਕਤਲ ਹੋਇਆ ਸੀ, ਪੁਲੀਸ ਨੇ ਉਸ ਕਾਤਲ ਵਿਚ ਭੂਟੋ ਦਾ ਹਥ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ। ਪਿੰਡ ਭੰਡੇਲ ਬੇਟ ਵਿਚ ਜਿਥੇ ਕਿ ਸੋਮਨਾਥ ਦਾ ਠੇਕਾ ਹੈ, ਉਹ ਥਾਂ ਸੰਤਾ ਸਿੰਘ ਦੀ ਸੀ। ਭੂਟੋ ਨੂੰ ਸ਼ੱਕ ਸੀ ਕਿ ਸੰਤਾ ਸਿੰਘ ਅਤੇ ਸੋਮਨਾਥ ਨੇ ਉਸਦਾ "ਧੰਦਾ" ਬੰਦ ਕਰਵਾਇਆ ਹੈ।

ਪੁਲਸ ਨੂੰ ਕਤਲ ਵਾਲੀ ਥਾਂ ਤੇ ਇਕ ਪਿਸਤੌਲ ਅਤੇ ਚਲਿਆ ਹੋਇਆ ਕਾਰਤੂਸ ਮਿਲਿਆ ਹੈ। ਇਹ ਪਿਸਤੌਲ ਇਕ ਸਫਾਈ ਕਰਮਚਾਰੀ ਨੂੰ ਇਕ ਨਾਲੀ ਦੀ ਸਫਾਈ ਕਰਨ ਸਮੇਂ ਲੱਭਿਆ ਸੀ।

ਰਾੜੇ ਵਾਲੇ ਦੇ ਮਕਾਨ ਨੂੰ ਅੱਗ

ਚੰਡੀਗੜ੍ਹ—ਪੈਪਸੂ ਦੇ ਸਾਬਕਾ ਮੁਖ ਮੰਤਰੀ ਸਵਰਗੀ ਗਿਆਨ ਸਿੰਘ ਰਾੜੇਵਾਲਾ ਦੇ ਪਿੰਡ ਰਾੜੇਵਾਲਾ ਵਿਚ ਉਨ੍ਹਾਂ ਦੀ ਜੱਦੀ ਕੋਠੀ ਨੂੰ ਕਿਸੇ ਨੇ ਅੱਗ ਲਾ ਦਿਤੀ ਜਿਸ ਨਾਲ ਕਾਫੀ ਸਮਾਨ ਸੜ ਗਿਆ ਤੇ ਕੋਠੀ ਨੂੰ ਵੀ ਭਾਰੀ ਨੁਕਸਾਨ ਪੁਜਾ ਹੈ। ਹਾਲੇ ਤਕ ਪੁਲਸ ਨੇ ਉਸ ਸਬੰਧ ਵਿਚ ਕੋਈ ਕਾਰਵਾਈ ਨਹੀਂ ਕੀਤਾ।

.ਗਦਰੀ ਬਾਬਾ ਨਿਰੰਜਨ ਸਿੰਘ ਜੀ ਪੰਡੋਰੀ

.ਗਦਰੀ ਬਾਬਾ ਨਿਰੰਜਨ ਸਿੰਘ ਜੀ ਪੰਡੋਰੀ — ਸੰਘਰਸ਼ ਮਈ ਜੀਵਨ

ਕੇਸਰ ਸਿੰਘ ਨਾਵਲਿਸਟ

ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਲਧਾ ਸਿੰਘ(ਹੁਸ਼ਿਆਰਪੁਰ) ਉਨ੍ਹਾਂ ਫੌਜੀ ਨੌਜਵਾਨਾਂ ਵਿਚੋਂ ਸਨ ਜੋ ਅੰਗਰੇਜ਼-ਸਰਕਾਰ ਦੀ ਚਾਕਰੀ ਨੂੰ ਘ੍ਰਿਣਾ ਕਰਦੇ ਹੋਏ ਸੁਥਰੀ ਸੁਚੱਜੀ ਕਿਰਤ ਦੀ ਭਾਲ ਵਿਚ ਪ੍ਰਦੇਸਾਂ ਵੱਲ ਤੁਰ ਪਏ ਸਨ ਇਹ ਉਹ ਸਮਾਂ ਸੀ ਜਦ ਅੰਗਰੇਜ਼, ਨੌਜਵਾਨ ਸਿਖਾਂ ਨੂੰ ਪੁਲਸ ਵਿਚ ਭਰਤੀ ਕਰਕੇ, ਪੂਰਬੀ ਏਸ਼ੀਆ ਵਿਚ ਆਪਣੀ ਸਲਤਨਤ ਦੀਆਂ ਜੜ੍ਹਾਂ ਹੋਰ ਪੱਕੀਆਂ ਕਰ ਰਹੇ ਸਨ। ਬਰਮਾ, ਮਲਾਯਾ, ਸਿੰਘਾਪੁਰ, ਹਾਂਗਕਾਂਗ ਤੇ ਚੀਨ ਵਿਚ ਕਾਇਮ ਕੀਤੀਆਂ ਬਸਤੀਆਂ, ਉਹ ਸਿਖਾਂ ਦੇ ਬਾਹੂ-ਬਲ ਨਾਲ ਕਾਇਮ ਰਖ ਰਹੇ ਸਨ।

ਸਿਖ ਨੌਜਵਾਨਾਂ ਨੂੰ ਪੰਜਾਬ ਤੋਂ ਬਾਹਰ ਲਿਜਾ ਕੇ ਅੰਗਰੇਜ਼ ਇਕੋ ਸਮੇਂ ਕਈ ਸ਼ਿਕਾਰ ਕਰ ਰਹੇ ਸਨ। ਅੰਗਰੇਜ਼ਾਂ ਨੂੰ ਸਦਾ ਇਹ ਡਰ ਰਹਿੰਦਾ ਸੀ ਕਿ ਕਿਸਾਨ-ਸਿਖ ਮੰਦਹਾਲੀ ਤੇ ਗੁਲਾਮੀ ਦੇ ਕਾਰਨ ਕਿਧਰੇ ਬਲਵੇ ਨਾ ਕਰਨ ਲਗ ਪੈਣਾ। ਪੰਜਾਬੀ-ਕਿਸਾਨ ਨੌਜਵਾਨਾਂ ਨੂੰ ਪੂਰਬੀ ਏਸ਼ੀਆ ਵਿਚ ਲਿਜਾ ਕੇ, ਆਪਣੇ ਇਸ ਡਰ ਦੇ ਮਸਲੇ ਨੂੰ ਹਲ ਕਰ ਲਿਆ। ਉਨ੍ਹਾਂ ਹੀ ਨੌਜਵਾਨ ਸਿੱਖਾਂ ਨੂੰ ਪੱਕੀ ਗੁਲਾਮੀ ਵਿਚ ਜਕੜਨ ਲਈ ਆਪਣੀਆਂ ਬਸਤੀਆਂ ਵਿਚ ਲਿਜਾ ਕੇ, ਘਰੋਂ ਦੂਰ ਕਰ ਦਿਤਾ। ਨਾਲ ਹੀ ਅੰਗਰੇਜ਼ਾਂ ਨੇ ਸਿਖਾਂ ਨੂੰ ਗੁਲਾਮ ਬਣਾ ਕੇ, ਇਨ੍ਹਾਂ ਗੁਲਾਮਾਂ ਦੇ ਬਾਹੂ-ਬਲ ਨਾਲ, ਉਨ੍ਹਾਂ ਦੇਸਾਂ ਦੇ ਵਸਨੀਕਾਂ ਨੂੰ ਗੁਲਾਮ ਬਣਾਈ ਰਖਣ ਦੀ ਸਾਜ਼ਸ਼ ਕੀਤੀ।

ਅਜਿਹੇ ਸਿਖ ਨੌਜਵਾਨਾਂ ਨੂੰ ਮਲਕਾ-ਵਿਕਟੋਰੀਆ ਦੀ ਜੁਬਲੀ ਸਮੇਂ ਸਲਾਮੀ ਦੇਣ ਲਈ ਲੰਡਨ ਭੇਜਿਆ ਗਿਆ। ਹਿੰਦੁਸਤਾਨ ਵਾਪਸ ਮੁੜਨ ਲਈ ਇਨ੍ਹਾਂ ਫੌਜੀਆਂ ਨੂੰ ਕੈਨੇਡਾ ਰਾਹੀਂ ਭੇਜਿਆ ਗਿਆ। ਇਹ ਗਲ 1897 ਦੀ ਹੈ। ਕੈਨੇਡਾ ਦੇ ਪੂਰਬੀ ਸਮੁੰਦਰੀ ਕੰਢੇ ਤੋਂ ਪੱਛਮੀ ਤੱਟ ਤਕ, ਰੇਲਵੇ-ਲਾਈਨ, ਕੁਝ ਹੀ ਸਾਲ ਪਹਿਲੋਂ ਬਣ ਚੁਕੀ ਸੀ। ਇਹ ਫੌਜੀ ਲਗਭਗ ਪੰਜ ਹਜ਼ਾਰ ਮੀਲ ਗੱਡੀ ਦਾ ਸਫਰ ਕਰਕੇ, ਹੈਲੀਫੈਕਸ ਤੋਂ ਵੈਨਕੂਵਰ ਪਹੁੰਚੇ।

ਉਨ੍ਹਾਂ ਪੂਰਬੀ ਕੰਢੇ ਤੋਂ ਪੱਛਮੀ ਕੰਢੇ ਵੱਲ, ਜਾਣ ਸਮੇਂ ਖੁਲ੍ਹੀਆਂ ਜ਼ਮੀਨਾਂ ਤਕੀਆਂ। ਘਣੇ ਜੰਗਲ ਵੇਖੇ। ਨਦੀਆਂ ਦੇ ਸ਼ੂਕਦੇ ਪਾਣੀਆਂ ਦੀਆਂ ਆਵਾਜ਼ਾਂ ਸੁਣੀਆਂ। ਕਿਸਮ ਕਿਸਮ ਦੇ ਜੰਗਲੀ ਜਾਨਵਰਾਂ ਨੂੰ ਖੌਰੂ ਪਾਉਂਦਿਆਂ ਤਕਿਆ। ਜੰਗਲਾਂ ਵਿਚ, ਕਣਕਾਂ ਨਾਲੋਂ ਉੱਚੇ ਘਾਹ ਉਗਦੇ ਤਕੇ। ਆਕਾਸ਼ ਨਾਲ ਗੱਲਾਂ ਕਰਦੇ ਰੁਖਾਂ ਦੇ ਆਲੇ ਦੁਆਲੇ ਰੰਗ ਬਰੰਗੇ ਫੁਲਾਂ ਦੀਆਂ ਸੁਗੰਧੀਆਂ ਮਾਣੀਆਂ। ਪਹਾੜਾਂ ਦੀਆਂ ਚੋਟੀਆਂ ਬਰਫਾਂ ਨਾਲ ਢੱਕੀਆਂ, ਚਿੱਟੀ ਦੁਧ ਧੁਪ ਵਿਚ ਚਮਕਦੀਆਂ ਵੇਖ ਕੇ, ਪੰਜਾਬ ਦੇ ਅਲ੍ਹੜ ਜਵਾਨਾਂ ਦੇ ਦਿਲ ਤੜਪ ਉਠੇ। ਉਨ੍ਹਾਂ ਦੀ ਜ਼ਮੀਨ ਦੀ ਭੁਖ ਤੇ ਸੁਹੱਪਣ ਮਾਣਨ ਦੀ ਤੜਪ ਜਾਗ ਉਠੀ। ਇਸ ਨਵੀਂ ਧਰਤੀ ਨੇ ਉਨ੍ਹਾਂ ਦੇ ਮਨਾਂ ਨੂੰ ਕੀਲ ਲਿਆ। ਉਹ ਇਸ ਧਰਤੀ ਉਤੇ ਕਬਜ਼ਾ ਕਰਕੇ ਸੁਚੀ-ਕਿਰਤ ਕਰਨ ਲਈ ਤੜਪ ਉਠੇ।

ਵਾਪਸ ਮੁੜਨਾ ਉਨ੍ਹਾਂ ਦੀ ਮਜਬੂਰੀ ਸੀ। ਦੇਸ ਮੁੜਦਿਆਂ ਉਹ ਸੰਘਾਈ, ਹਾਂਗਕਾਂਗ, ਸਿੰਘਾਪੁਰ, ਪੀਨਾਂਗ ਤੇ ਰੰਗੂਨ ਰੁਕਦੇ ਗਏ ਸਨ। ਉਹ ਸਭ ਥਾਈਂ ਨਵੀ ਧਰਤੀ, ਕੈਨੇਡਾ, ਦੀਆਂ ਸਿਫਤਾਂ ਕਰਦੇ ਗਏ। ਪੂਰਬੀ ਏਸ਼ੀਆ ਵਿਚ ਵਸਦੇ ਸਾਰੇ ਪੰਜਾਬੀ ਕੈਨੇਡਾ ਦੀਆਂ ਸਿਫਤਾਂ ਸੁਣਕੇ ਕੈਨੇਡਾ ਉਤੇ ਧਾਵਾ ਬੋਲਣ ਲਈ ਕਮਰਕਸੇ ਕਰਨ ਲਗ ਪਏ। ਲੰਡਨ ਤੋਂ ਕੈਨੇਡਾ ਰਾਹੀਂ ਹੋ ਕੇ ਵਾਪਸ ਗਏ ਕਈ ਫੌਜੀ ਨਾਮ ਕਟਾ ਕੇ ਕੈਨੇਡਾ ਵਲ ਮੁੜਨ ਲਗ ਪਏ। ਉਨ੍ਹਾਂ ਆਪਣੇ ਪੇਂਡੂ, ਰਿਸ਼ਤੇਦਾਰ ਤੇ ਫੌਜੀ ਸਾਥੀ ਨਾਲ ਤੋਰ ਲਏ। ਪੂਰਬੀ-ਏਸ਼ੀਆ ਦੇ ਖਾਸ ਕਰਕੇ ਸਿਖਾਂ ਤੇ ਆਮ ਕਰਕੇ ਪੰਜਾਬੀਆਂ ਵਿਚ ਰੌਲਾ ਪੈ ਗਿਆ—"ਕੈਨੇਡਾ ਖੁਲ੍ਹ ਗਿਆ ਹੈ।" ਨਾਮ ਕਟੇ ਫੌਜੀ ਧੜਾਧੜ ਕੈਨੇਡਾ ਪਹੁੰਚਣ ਲਗ ਪਏ।

ਵੀਹਵੀਂ ਸਦੀ ਦੇ ਆਰੰਭ ਵਿਚ ਹਜ਼ਾਰਾਂ ਸਿਖ ਤੇ ਗਿਣਤੀ ਮਿਣਤੀ ਦੇ ਹਿਦੂ, ਮੁਸਲਮਾਨ ਪੰਜਾਬੀ, ਵਿਕਟੋਰੀਆ ਤੇ ਵੈਨਕੂਵਰ ਦੀਆਂ ਬੰਦਰਗਾਹਾਂ ਉਤੇ ਆ ਉਤਰੇ। ਇਨ੍ਹਾਂ ਨਾਮਕਟੇ ਫੌਜੀਆਂ ਵਿਚ ਇਕ ਨੌਜਵਾਨ ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ ਵੀ ਸੀ। ਉਸ ਦਾ ਉਚਾ ਲੰਮਾ ਕਦ, ਰੰਗ ਗੋਰਾ ਨਸ਼ੋਅ, ਕਾਲੀਸ਼ਾਹ ਨੌਜਵਾਨ ਦਾੜ੍ਹੀ ਤੇ ਮੁਛਹਿਰੇ, ਸਿਰ ਉਤੇ ਫੌਜੀ-ਢੰਗ ਦੀ ਬੱਧੀ ਵਡੀ ਸਾਰੀ ਦਸਤਾਰ, ਪਛਮੀ ਢੰਗ ਦਾ ਥਰੀਅ ਪੀਸ ਕਾਲਾ ਸੂਟ-ਪਤਲੂਨ, ਵਾਸਟਕ ਤੇ ਕੋਟ, ਪੈਰੀਂ ਕਾਲੇ ਸ਼ਾਹ ਲਿਸ਼ਕਦੇ ਬੂਟ ਤੇ ਹੱਥ ਵਿਚ ਛੱਤਰੀ। ਉਹ ਇਕ ਫੌਜੀ ਅਫਸਰ ਲਗਦਾ।

ਕਿਰਤ ਦੀ ਮਹਾਨਤਾ ਜਾਣਨ ਵਾਲੇ ਫੌਜੀਆਂ ਨੂੰ ਜੋ ਕੰਮ ਲੱਭਾ, ਉਹੋ ਕਰ ਲਿਆ। ਉਨ੍ਹਾਂ ਦਿਨਾਂ ਵਿਚ ਹੋਰ ਰੇਲਾਂ ਵਿੱਛ ਰਹੀਆਂ ਸਨ। ਵਿਕਟੋਰੀਆ ਤੋਂ ਨਨਾਇਮੋਂ ਵਲ ਜਾਂਦੀ ਰੇਲ ਰੋਡ ਉਤੇ ਨੌਜਵਾਨ ਨਿਰੰਜਨ ਸਿੰਘ ਨੇ ਕੰਮ ਲਭ ਲਿਆ। ਕੁਝ ਸਮਾਂ ਅੰਗਰੇਜ਼ਾਂ ਦੀ ਫੌਜ ਵਿਚ ਰਹਿਣ ਕਰਕੇ ਉਹ ਅੰਗਰੇਜ਼ੀ ਬੋਲ ਤੇ ਸਮਝ ਲੈਂਦਾ ਸੀ। ਉਸ ਨੇ ਦੁਭਾਸ਼ੀਏ ਦਾ ਕੰਮ ਵੀ ਕਰਨਾ ਸ਼ੁਰੂ ਕਰ ਦਿਤਾ। ਪ੍ਰਬੰਧਕਾਂ ਨੇ ਉਸਦੇ ਠਰ੍ਹਮੇ ਤੇ ਮਿਠ ਬੋਲੜੇ ਸੁਭਾਅ ਦੇ ਅਸਰ ਹੇਠ ਆ ਕੇ ਉਸ ਨੂੰ ਪੰਜਾਬੀ ਮਜ਼ਦੂਰਾਂ ਉਤੇ ਫੋਰਮੈਨ ਲਾ ਦਿਤਾ।


ਇਹ ਉਹ ਸਮਾਂ ਜੀ ਜਦ ਬ੍ਰਿਟਿਸ਼ ਕੋਲੰਬੀਆ ਵਿਚ ਸਿਖਾਂ ਦੀ ਵਸੋਂ ਲਗਭਗ ਤਿੰਨ ਹਜ਼ਾਰ ਤਕ ਪਹੁੰਚ ਚੁਕੀ ਸੀ। ਭਾਈ ਵਰਿਆਮ ਸਿੰਘ ਨਥੋਕੇ, ਭਾਈ ਭਾਗ ਸਿੰਘ ਭਿਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ ਤੇ ਭਾਈ ਅਰਜਨ ਸਿੰਘ ਮਲਕ ਦੀ ਅਗਵਾਈ ਵਿਚ, ਸਿੰਘ, ਗੁਰਦੁਆਰੇ ਦੀ ਇਮਾਰਤ ਬਣਾਉਣ ਦੇ ਯਤਨ ਵਿਚ ਸਨ। ਇਸ ਸਮੇਂ ਵਿਚ ਨੌਜਵਾਨ ਨਿਰੰਜਨ ਸਿੰਘ ਨੇ ਆਪਣੇ ਸਾਥੀਆਂ ਤੋਂ ਮਾਹਵਾਰੀ ਚੰਦਾ ਇਕੱਠਾ ਕਰਕੇ ਭੇਜਣਾ ਜਾਰੀ ਰਖਿਆ।

ਇਸ ਦੌਰਾਨ ਕੈਨੇਡੀਅਨ ਗੋਰਿਆਂ ਦੇ ਵਾਵੇਲਾ ਕਰਨ ਤੇ ਸਿਖਾਂ ਦੀ ਆਮਦ ਉਤੇ ਸਰਕਾਰ ਨੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਜਿਥੇ ਜਿਥੇ ਵੀ ਸਿਖ ਮਜ਼ਦੂਰ ਕੰਮ ਕਰਦੇ ਸਨ ਉਨ੍ਹਾਂ ਆਪਣੀਆਂ ਜਥੇਬੰਦੀਆਂ ਤਿਆਰ ਕਰ ਲਈਆਂ। ਨਿਰੰਜਨ ਸਿੰਘ ਆਪਣੀ ਇਕਾਈ ਦਾ ਆਗੂ ਸੀ। ਉਸ ਦੀ ਅਗਵਾਈ ਵਿਚ ਮਜ਼ਦੂਰਾਂ ਨੇ ਗੋਰਿਆਂ ਦੇ ਹਮਲਿਆਂ ਦਾ ਡਟ ਕੇ ਮੁਕਾਬਲਾ ਕੀਤਾ।

1908 ਵਿਚ ਗੁਰਦੁਆਰਾ ਵੈਨਕੋਵਰ ਤੇ 1912 ਵਿਚ ਗੁਰਦੁਆਰਾ ਵਿਕਟੋਰੀਆ ਬਣ ਜਾਣ ਕਰਕੇ ਸਿਖ ਮਜ਼ਦੂਰਾਂ ਦੀ ਜਥੇਬੰਦੀ ਮਜ਼ਬੂਤ ਹੋ ਗਈ। ਵਿਰਲੇ ਵਿਰਲੇ ਹਿੰਦੂ ਮੁਸਲਮਾਨ ਵੀ ਇਸ ਮਜ਼ਦੂਰ ਜਥੇਬੰਦੀ ਦਾ ਅੰਗ ਸਨ। ਇਸ ਮਜ਼ਬੂਤ ਜਥੇਬੰਦੀ ਨੂੰ ਕਮਜ਼ੋਰ ਕਰਨ ਲਈ ਤੇ ਸਿੱਖਾਂ ਨੂੰ ਕੈਨੇਡਾ ਵਿਚੋਂ ਕੱਢ ਕੇ ਬ੍ਰਿਟਿਸ਼ ਹਾਂਡੂਰਸ ਭੇਜਣ ਦੇ ਯਤਨ ਕੀਤੇ ਗਏ। ਜਦ ਇਹ ਨਿਸਫਲ ਰਹੇ ਤਾਂ ਸਰਕਾਰ ਨੇ ਕੁਝ ਸਰਕਾਰਪ੍ਰਸਤ ਆਪਣੇ ਹੱਥ ਵਿਚ ਲੈ ਕੇ ਧੜੇ ਬਣਾਉਣੇ ਸ਼ੁਰੂ ਕਰ ਦਿਤੇ।

ਹਿੰਦੀ ਮਜ਼ਦੂਰਾਂ ਨੂੰ ਕੈਨੇਡਾ ਆ ਕੇ ਇਕ ਨਵਾਂ ਤਜਰਬਾ ਹੋਇਆ ਸੀ ਜਿਸ ਕਰਕੇ ਉਨ੍ਹਾਂ ਦੀ ਗੁਲਾਮੀ ਉਨ੍ਹਾਂ ਨੂੰ ਚੁੱਭਣ ਲਗ ਪਈ। ਪੂਰਬੀ ਏਸ਼ੀਆ ਦੇ ਮੁਲਕਾਂ ਵਿਚ ਉਹ, ਅੰਗਰੇਜ਼ਾਂ ਪਿਛੋਂ, ਦੂਜੇ ਦਰਜੇ ਦੇ ਹੁਕਮਰਾਨ ਮੰਨੇ ਜਾਂਦੇ ਸਨ। ਕੈਨੇਡਾ ਵਿਚ ਮਜ਼ਦੂਰੀਆਂ ਕਰਕੇ ਉਨ੍ਹਾਂ ਨੂੰ ਆਪਣੀ ਅਸਲੀ ਕੀਮਤ ਦਾ ਪਤਾ ਲਗਾ, ਗੁਲਾਮ ਹੋਣ ਕਰਕੇ ਉਨ੍ਹਾਂ ਨੂੰ ਸਭ ਪਾਸਿਆਂ ਤੋਂ ਦੁਰਕਾਰਿਆ ਜਾਣ ਲਗਾ। ਗੁਰਦੁਆਰੇ ਦੇ ਇਕ ਦੀਵਾਨ ਵਿਚ ਜਦ ਇਹ ਫੈਸਲਾ ਕੀਤਾ ਗਿਆ ਕਿ ਜਦ ਤਕ ਗੁਲਾਮੀ ਦਾ ਤੌਕ ਨਹੀਂ ਲਹਿੰਦਾ ਉਨ੍ਹਾਂ ਦੀਆਂ ਤਕਲੀਫਾਂ ਵਧਦੀਆਂ ਹੀ ਜਾਣਗੀਆਂ, ਤਾਂ ਸਿੰਘ ਦੇਸ ਜਾ ਕੇ ਅਜ਼ਾਦੀ ਦੀ ਲੜਾਈ ਲੜਨ ਦੀਆਂ ਵਿਚਾਰਾਂ ਕਰਨ ਲਗ ਪਏ।

ਇਨ੍ਹਾਂ ਦਿਨਾਂ ਵਿਚ ਗਦਰ ਲਹਿਰ ਜ਼ੋਰ ਪਕੜ ਰਹੀ ਸੀ। ਨਵੰਬਰ 1913 ਵਿਚ '.ਗਦਰ' ਅਖਬਾਰ ਛਪਣਾ ਸ਼ੁਰੂ ਹੋ ਗਿਆ। ਪਹਿਲੇ ਪਰਚੇ ਵਿਚ ਹੀ ਮਜ਼ਦੂਰਾਂ ਨੂੰ ਲਲਕਾਰਿਆ ਗਿਆ ਕਿ ਦੇਸ ਜਾ ਕੇ ਅਜ਼ਾਦੀ ਦੀ ਜੰਗ ਸ਼ੁਰੂ ਕੀਤੀ ਜਾਏ। ਪਹਿਲੀ ਲਲਕਾਰ ਉਤੇ ਹੀ ਦੋ ਨੌਜਵਾਨ ਕੈਨੇਡਾ ਤੋਂ ਦੇਸ ਨੂੰ ਜਾਦ ਲਈ ਤਿਆਰ ਹੋ ਪਏ। ਇਕ ਸੀ ਭਾਈ ਕਰਮ ਸਿੰਘ ਦੌਲਤਪੁਰ, ਜੋ ਮਗਰੋਂ ਬਬਰ ਅਕਾਲੀ ਲਹਿਰ ਵਿਚ ਸ਼ਹੀਦ ਹੋਏ। ਦੂਜਾ ਨੌਜਵਾਨ ਸੀ ਭਾਈ ਨਿਰੰਜਨ ਸਿੰਘ ਪੰਡੋਰੀ ਲਧਾ ਸਿੰਘ। ਭਾਈ ਕਰਮ ਸਿੰਘ ਦੌਲਤਪੁਰ ਨੂੰ ਪੁਲਸ ਨੇ ਪਿੰਡ ਵਿਚ ਹੀ ਨਜ਼ਰਬੰਦ ਕਰ ਦਿਤਾ। ਭਾਈ ਨਿਰੰਜਨ ਸਿੰਘ ਨੂੰ ਪੰਜਾਬ ਦੀ .ਗਦਰ ਲਹਿਰ ਵਿਚ ਹਿੱਸਾ ਪਾਉਣ ਦਾ ਮੌਕਾ ਮਿਲ ਗਿਆ। ਉਹ .ਗਦਰੀ ਆਗੂਆਂ ਵਿਚੋਂ ਇਕ ਚੁਣਵੇਂ ਆਗੂ ਸਨ।



".ਗਦਰ ਸਾਜ਼ਸ਼ ਦੀ ਵਿਥਿਆ" ਸਫਾ 117 ਦਾ ਹਵਾਲਾ ਦੇ ਕੇ ਕਾਮਰੇਡ ਗੁਰਚਰਨ ਸਿੰਘ ਸਹਿਸਰਾ, ਪ੍ਰਕਾਸ਼ਕ ".ਗਦਰ ਪਾਰਟੀ ਦਾ ਇਤਿਹਾਸ" ਨੇ ਲਿਖਿਆ ਹੈ—"ਪੰਝੀ ਮਈ ਦੀ ਮੀਟਿੰਗ ਵਿਚ ਭਾਈ ਪ੍ਰੇਮ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ, ਭਾਈ ਈਸ਼ਰ ਸਿੰਘ ਢੁਡੀਕੇ ਤੇ ਹੋਰ .ਗਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲ੍ਹਾਖਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ। ਭਾਈ ਨਿਰੰਜਨ ਸਿੰਘ ਪੰਡੋਰੀ ਲਧਾ ਸਿੰਘ ਤੇ ਭਾਈ ਅਮਰ ਸਿੰਘ ਉਸਮਾਨਪੁਰੀਏ ਨੂੰ ਪੰਜਾਹ ਸੱਠ ਬੰਦੇ ਲੈ ਜਾਣ ਲਈ ਤਿਆਰ ਕਰਨ ਵਾਸਤੇ ਹੁਕਮ ਹੋਇਆ।"

ਕਈ ਕਾਰਨਾਂ ਕਰਕੇ ਇਹ ਹਮਲਾ ਸਿਰੇ ਨਹੀਂ ਸੀ ਚੜ੍ਹ ਸਕਿਆ। ਤਰੀਕਾਂ ਬਦਲਣੀਆਂ ਪਈਆਂ ਸਨ। ਪਰ ਇਹ ਜ਼ਰੂਰ ਸਾਬਤ ਹੁੰਦਾ ਹੈ ਕਿ .ਗਦਰੀਆਂ ਨੂੰ ਭਾਈ ਨਿਰੰਜਨ ਸਿੰਘ ਤੇ ਭਾਈ ਅਮਰ ਸਿੰਘ ਦੀ ਅਗਵਾਈ ਉਤੇ ਕਿੰਨਾ ਭਰੋਸਾ ਸੀ।

ਜਦ ਮੁਖਬਰਾਂ ਨੇ .ਗਦਰ ਲਹਿਰ ਨੂੰ ਕਮਜ਼ੋਰ ਕਰ ਦਿਤਾ ਤਾਂ .ਗਦਰ ਪਾਰਟੀ ਨੇ ਭਾਈ ਨਿਰੰਜਨ ਸਿੰਘ ਨੂੰ ਹੁਕਮ ਦਿਤਾ ਕਿ ਉਹ ਯਕਦਮ ਨਿਕਲ ਕੇ ਕੈਲੇਫੋਰਨੀਆ ਪਹੁੰਚ ਜਾਏ ਤੇ ਉਥੇ ਜਾ ਕੇ ਪਾਰਟੀ ਦਾ ਕੰਮ ਸੰਭਾਲੇ। ਉਸ ਸਮੇਂ ਯੌਰਪ ਦੀ ਜੰਗ ਬੜੇ ਜ਼ੋਰਾਂ ਉਤੇ ਸੀ। 1916 ਵਿਚ ਦੇਸੋਂ ਭੱਜ ਕੇ ਕੈਲੋਫੋਰਨੀਆ ਪਹੁੰਚਣਾ ਅਤੀ ਕਠਿਨ ਸੀ ਪਰ ਨਿਰੰਜਨ ਸਿੰਘ ਬੜਾ ਜੁਗਤੀ ਤੇ ਦਲੇਰ ਹੋਣ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਕੈਲੇਫੋਰਨੀਆ ਪਹੁੰਚ ਗਿਆ।

1917 ਵਿਚ ਅਮਰੀਕਾ ਦੀ ਯੋਰਪ ਦੀ ਜੰਗ ਵਿਚ ਕੁਦ ਪਿਆ। ਨਾਲ ਹੀ ਅਮਰੀਕਨ ਸਰਕਾਰ ਨੇ .ਗਦਰੀਆਂ ਦੇ ਖਿਲਾਫ ਕਦਮ ਚੁਕ ਲਿਆ। ਵੱਡੇ ਵੱਡੇ .ਗਦਰੀ ਗ੍ਰਿਫਤਾਰ ਕੀਤੇ ਗਏ। ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਗਈਆਂ। ਨਿਰੰਜਨ ਸਿੰਘ ਦੇਸੋਂ ਵਾਪਸ ਆਉਣ ਕਰਕੇ ਤੇ ਆਪਣੀ ਜੁਗਤ ਨਾਲ ਲਾਂਭੇ ਹੋ ਜਾਣ ਕਰਕੇ ਅਮਰੀਕਨ ਸਰਕਾਰ ਦੀ ਚੁੰਗਲ ਤੋਂ ਬਚ ਗਿਆ। ਜਦ .ਗਦਰੀ ਜੇਲ੍ਹਾਂ ਵਿਚ ਸਨ ਨਿਰੰਜਨ ਸਿੰਘ ਨੇ ਕੁਝ ਹੋਰ ਸਾਥੀਆਂ ਨਾਲ ਮਿਲਕੇ .ਗਦਰ ਲਹਿਰ ਦੀ ਜੋਤ ਨਾ ਬੁਝਣ ਦਿਤੀ।

ਜਦ .ਗਦਰੀ ਯੋਧੇ ਜੇਲ੍ਹਾਂ ਵਿਚੋਂ ਰਿਹਾ ਹੋ ਕੇ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਜਲਾਵਤਨ ਕੀਤੇ ਜਾਣ ਦੇ ਨਿਸਫਲ ਜਤਨ ਕੀਤੇ ਗਏ। ਨਿਰੰਜਨ ਸਿੰਘ ਤੇ ਉਨ੍ਹਾਂ ਦੇ ਸਾਥੀ ਖੇਤੀਬਾੜੀ ਕਰ ਰਹੇ ਸਨ। ਉਨ੍ਹਾਂ ਦਾ ਡੇਰਾ .ਗਦਰੀਆਂ ਦਾ ਨਵਾਂ ਅੱਡਾ ਬਣ ਗਿਆ ਪਰ ਸਿਆਸੀ ਸਰਗਰਮੀਆਂ ਦਾ ਵੇਲਾ ਨਾ ਜਾਣਕੇ ਆਪਣੀ ਕਿਰਤ-ਕਮਾਈ ਵਿਚ ਡਟੇ ਰਹੇ। ਆਪਣੇ ਸਾਥੀਆਂ ਦੀ ਸੇਵਾ ਸੰਭਾਲ ਵਿਚ ਲਗੇ ਰਹੇ। ਉਸ ਸਮੇਂ ਨਿਰੰਜਨ ਸਿੰਘ ਦਾ ਮੈਕਸੀਕਨ ਨਾਮ Jose Lopez ਤੇ Tony Lopez ਸੀ।

ਹਿੰਦੁਸਤਾਨ ਦੀ ਅਜ਼ਾਦੀ ਦਾ ਘੋਲ ਖੱਤੇ ਵਿਚ ਪੈ ਜਾਣ ਕਰਕੇ .ਗਦਰ ਲਹਿਰ ਨੇ ਆਪਣਾ ਮੂੰਹ ਸੋਸ਼ਲਿਜ਼ਮ ਵਲ ਮੋੜ ਲਿਆ। ਅਸਲੀਅਤ ਤਾਂ ਇਹ ਹੈ ਕਿ .ਗਦਰ' ਅਖਬਾਰ ਦੇ ਸ਼ੁਰੂ ਹੋਣ ਤੋਂ ਹੀ ਰੂਸੀ .ਗਦਰੀਆਂ ਨਾਲ ਹਮਦਰਦੀ ਦੇ ਲੇਖ ਛਾਪੇ ਜਾ ਰਹੇ ਸਨ। ਰੂਸੀ ਲੋਕ 1905 ਦੇ .ਗਦਰ ਵਿਚ ਸਫਲ ਨਹੀਂ ਸਨ ਹੋ ਸਕੇ। .ਗਦਰ ਲਹਿਰ ਦੀ ਰੂਸੀ ਦੇਸਭਗਤਾਂ ਨਾਲ ਹਮਦਰਦੀ ਸੀ। ਰੂਸੀ ਦੇਸਭਗਤਾਂ ਦੇ ਦੁਖਾਂ ਤੇ ਕੁਰਬਾਨੀਆਂ ਦੀ ਕਹਾਣੀ .ਗਦਰ ਲਹਿਰ ਦਾ ਇਕ ਹਿਸਾ ਬਣ ਚੁਕੀ ਸੀ। 1913-1914 ਵਿਚ ਹੀ .ਗਦਰ ਲਹਿਰ ਨੇ ਸੋਸ਼ਲਿਜ਼ਮ ਨੂੰ ਅਪਣਾਅ ਲਿਆ ਸੀ। ਇਸ ਦੇ ਸਬੂਤ ਲਈ ".ਗਦਰ" ਅਖਬਾਰ ਦੇ ਪਰਚੇ ਗਵਾਹ ਹਨ।

1917 ਵਿਚ ਹਿੰਦੀ .ਗਦਰੀਆਂ ਉਤੇ ਮੁਕਦਮੇ ਚਲ ਰਹੇ ਸਨ। ਉਨ੍ਹਾਂ ਹੀ ਦਿਨਾਂ ਵਿਚ ਰੂਸ ਦੀ ਅਜ਼ਾਦੀ ਦਾ ਝੰਡਾ ਰੂਸ ਦੀ ਧਰਤੀ ਉਤੇ ਖੜਾ ਹੋ ਚੁਕਾ ਸੀ। ਰੂਸੀ ਲੋਕਾਂ ਦੀ ਜਦੋਜਹਿਦ ਦਾ ਅਸਰ ਹਿੰਦੀ .ਗਦਰੀਆਂ ਉਤੇ ਹੋਣਾ ਕੁਦਰਤੀ ਸੀ। ਪਹਿਲੇ .ਗਦਰ ਵਿਚ ਹਿੰਦੁਸਤਾਨੀ .ਗਦਰੀ ਦੇਸ ਦੀ ਅਜ਼ਾਦੀ ਪ੍ਰਾਪਤ ਨਹੀਂ ਸਨ ਕਰ ਸਕੇ। .ਗਦਰ ਲਹਿਰ ਅਰੰਭ ਤੋਂ ਹੀ ਸਪੱਸ਼ਟ ਸੀ ਕਿ ਕੇਵਲ ਹਥਿਆਰਬੰਦ ਜਮਾਤ ਹੀ ਫਰੰਗੀਆਂ ਨੂੰ ਹਰਾ ਸਕਦੀ ਹੈ। ਇਸ ਲਈ .ਗਦਰੀਆਂ ਨੇ ਹਿੰਦੁਸਤਾਨ ਦੀ ਹੱਦ ਉਤੇ ਬਹਿਕੇ .ਗਦਰ ਕਰਨ ਦਾ ਫੈਸਲਾ ਕਰ ਲਿਆ। ਇਹ ਕਦਮ ਚੁਕਣ ਨਾਲ ਹੀ .ਗਦਰੀਆਂ ਨੇ ਰੂਸ ਜਾ ਕੇ ਹਥਿਆਰਬੰਦ ਟਰੇਨਿੰਗ ਲੈਣ ਦਾ ਇਰਾਦਾ ਬਣਾ ਲਿਆ।

ਇਤਿਹਾਸ ਦੱਸਦਾ ਹੈ ਕਿ ਸਭ ਤੋਂ ਪਹਿਲੋਂ ਮੌਲਵੀ ਬਰਕਤ ਉਲਾ, ਜੋ .ਗਦਰ ਪਾਰਟੀ ਦਾ ਮੀਤ ਪ੍ਰਧਾਨ ਸੀ, 1922 ਵਿਚ ਰੂਸ ਜਾ ਕੇ ਲੈਨਨ ਨੂੰ ਮਿਲਿਆ। ਉਸ ਤੋਂ ਬਾਦ ਉਹ ਅਮਰੀਕਾ ਪਾਰਟੀ ਪਾਸ ਆ ਗਿਆ। ਕਾਮਰੇਡ ਗੁਰਚਰਨ ਸਿੰਘ ਸਹਿਸਰਾ ਵਲੋਂ ਸਰਦਾਰ ਗੁਰਦੇਵ ਸਿੰਘ ਢਿੱਲੋਂ, ਸਪੁੱਤਰ ਬਾਬਾ ਨਿਰੰਜਨ ਸਿੰਘ ਜੀ ਵਲ 16-8-67 ਨੂੰ ਲਿਖੀ ਇਕ ਚਿੱਠੀ ਵਿਚ ਵੀ ਇਸ ਗੱਲ ਦਾ ਜ਼ਿਕਰ ਆਉਂਦਾ ਹੈ।

1914-1918 ਦੇ ਦਰਮਿਆਨ ਰਾਜਾ ਮਹਿੰਦਰੋ ਪ੍ਰਤਾਪ ਨੇ ਆਰਜ਼ੀ ਅਜ਼ਾਦ ਹਿੰਦ ਸਰਕਾਰ ਬਣਾਈ ਹੋਈ ਸੀ। ਇਸ ਦਾ ਅੱਡਾ ਅਫਗਾਨਸਤਾਨ ਵਿਚ ਸੀ। ਉਨ੍ਹਾਂ ਦੇ ਨਾਲ ਦੇ ਕਈ ਯੋਧੇ ਸ਼ਹੀਦੀਆਂ ਪ੍ਰਾਪਤ ਕਰ ਚੁਕੇ ਸਨ। ਉਹ ਆਪ ਅੰਗਰੇਜ਼ੀ ਸਰਕਾਰ ਤੋਂ ਬਚਦੇ ਬਚਾਂਦੇ 1926 ਵਿਚ ਕੈਲੇਫੋਰਨੀਆ ਪਹੁੰਚ ਗਏ। ਉਨ੍ਹਾਂ ਨੇ ਇਕ ਅੱਡਾ ਨੇਪਾਲ ਵਿਚ ਬਣਾਉਣ ਦੀ ਤਜਵੀਜ਼ .ਗਦਰ ਪਾਰਟੀ ਦੇ ਸਾਹਮਣੇ ਰਖੀ। ਉਨ੍ਹਾਂ ਦੀ ਸਲਾਹ ਮੰਨ ਕੇ .ਗਦਰ ਪਾਰਟੀ ਨੇ ਉਨ੍ਹਾਂ ਨੂੰ ਸਤ .ਗਦਰੀ—ਦਸੌਂਧਾ ਸਿੰਘ ਢਾਡਾ ਕਲਾ, ਗੈਂਦਾ ਸਿੰਘ ਬੜਾ ਸਰਹਾਲਾ, ਦੂਲਾ ਸਿੰਘ ਖੇੜਾ, ਚਰਨ ਸਿੰਘ ਧੁਲੇਤਾ, ਬਿਸ਼ਨ ਸਿੰਘ ਬੁਰਜ, ਇੰਦਰ ਸਿੰਘ ਟੂਟੋਮਾਜਰਾ ਤੇ ਸਮਸ਼ੇਰ ਸਿੰਘ ਢਿੱਲੋਂ ਸੁਰ ਸਿੰਘ—ਦੇ ਦਿਤੇ। ਇਸ .ਗਦਰੀ ਜਥੇ ਦਾ ਹਾਲ, ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਨੇ ਆਪਣੇ ਬਿਆਨਾਂ ਵਿਚ ਲਿਖਿਆ ਹੈ।

.ਗਦਰ ਪਾਰਟੀ ਦੀ ਮੁਹਾਰ ਸੋਸ਼ਲਿਜ਼ਮ ਵਲ ਪੱਕੀ ਹੋ ਚੁੱਕੀ ਸੀ। ਇਸ ਸਮੇਂ ਡਾਕਟਰ ਭਾਗ ਸਿੰਘ ਦੇਸੋਂ ਪੜ੍ਹਨ ਦਾ ਪਾਸਪੋਰਟ ਲੈ ਕੇ .ਗਦਰ ਪਾਰਟੀ ਦਾ ਕੰਮ ਕਰਨ ਕੈਲੇਫੋਰਨੀਆ ਪਹੁੰਚੇ। ਕੌਮਾਗਾਟਾ ਮਾਰੂ ਦਾ ਮਸ਼ਹੂਰ ਮੁਸਾਫਰ ਗੁਰਮੁਖ ਸਿੰਘ ਲਲਤੋਂ ਹਥਕੜੀਆਂ ਤੋੜ ਕੇ ਕਾਬਲ ਪਹੁੰਚਿਆ ਹੋਇਆ ਸੀ .ਗਦਰ ਪਾਰਟੀ ਦੇ ਹੁਕਮ ਅਨੁਸਾਰ ਉਹ ਵੀ ਕੈਲੇਫੋਰਨੀਆ ਪਹੁੰਚ ਗਿਆ। 1930 ਵਿਚ .ਗਦਰੀ ਆਗੂ ਤੇਜਾ ਸਿੰਘ ਸੁਤੰਤਰ ਕਈ ਦੇਸਾਂ ਵਿਚ ਘੁੰਮਦਾ ਘੁਮਾਂਦਾ ਕੈਲੇਫੋਰਨੀਆ ਪਹੁੰਚ ਅਿਗਾ। ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਉਤੇ ਚਲ ਰਹੇ ਕੇਸ ਦੀ ਪੈਰਵੀ ਕਰਨ ਲਈ ਤੇਜਾ ਸਿੰਘ ਸੁਤੰਤਰ ਤੇ ਬਾਬਾ ਨਿਰੰਜਨ ਸਿੰਘ ਉਗਰਾਹੀ ਕਰਨ ਲਈ ਪਾਨਾਮਾ ਗਏ।

1953 ਵਿਚ ਕੈਲੇਫੋਰਨੀਆ ਦੀ ਸੈਨਟ ਨੇ ਇਕ ਕਮੇਟੀ ਨਿਯਤ ਕੀਤੀ ਜਿਸ ਦਾ ਕੰਮ ਸੀ ਕਿ .ਗਦਰ ਪਾਰਟੀ ਦੇ ਸੰਬੰਧ ਵਿਚ ਇਕ ਰਪੋਰਟ ਤਿਆਰ ਕਰਨੀ। ਇਹ ਰਿਪੋਰਟ Un-American Activities in California ਦੇ ਸਿਰਲੇਖ ਹੇਠਾਂ ਛਾਪੀ ਗਈ। ਇਸ ਰਪੋਰਟ ਵਿਚ .ਗਦਰ ਪਾਰਟੀ ਦੇ ਉਲਟ ਖਬਰਾਂ ਦੇਣ ਵਾਲੇ ਮੁਖਬਰਾਂ ਦੀਆਂ ਮੌਤਾਂ ਦਾ ਜ਼ਿਕਰ ਹੈ। ਇਹ ਸਾਰੀਆਂ ਮੌਤਾਂ 1925 ਤੋਂ 1931 ਦੇ ਦਰਮਿਆਨੇ ਸਮੇਂ ਵਿਚ ਹੋਈਆਂ ਇਨ੍ਹਾਂ .ਗਦਾਰਾਂ ਨੂੰ ਮਾਰਨ ਵਾਲਿਆਂ ਦਾ ਸਰਕਾਰ ਨੂੰ ਕੋਈ ਸੁਰ ਪਤਾ ਨਾ ਲਗਾ ਪਰ ਇਸ ਸੈਨਟ-ਕਮੇਟੀ ਨੇ ਸ਼ਕੀ ਬੰਦਿਆਂ ਦੀ ਲਿਸਟ ਵਿਚ ਸਭ ਤੋਂ ਪਹਿਲਾ ਨਾਮ ਬਾਬਾ ਨਿਰਜੰਨ ਸਿੰਘ ਪੰਡੋਰੀ ਦਾ ਲਿਖਿਆ। ਹੋਰ ਸ਼ੱਕੀ .ਗਦਰੀਆਂ ਦੇ ਨਾਮ ਇਸ ਤਰ੍ਹਾਂ ਸਨ—"ਜੋਗਾ ਸਿੰਘ, ਅਰਜਨ ਸਿੰਘ, ਨਿਧਾਨ ਸਿੰਘ, ਭਾਨ ਸਿੰਘ, ਕਿਸ਼ਨ ਸਿੰਘ, ਸੁੰਦਰ ਸਿੰਘ ਤੇ ਕਿਹਰ ਸਿੰਘ। ਸੋਲਾਂ ਹੋਰ .ਗਦਰੀਆਂ ਦੇ ਨਾਮ ਇਸ ਲਿਸਟ ਵਿਚ ਦਰਜ ਨਹੀਂ ਕੀਤੇ ਗਏ।

ਮਾਰੇ ਜਾਣ ਵਾਲੇ ਮੁਖਬਰਾਂ ਦੇ ਨਾਮ ਤਰੀਕਵਾਰ ਇਸ ਤਰ੍ਹਾਂ ਦਰਜ ਹਨ :—

1. ਅਕਤੂਬਰ 29, 1926 ਨੂੰ ਜੁਆਲਾ ਸਿੰਘ ਕਤਲ ਕੀਤਾ ਗਿਆ ਉਸ ਦੀ ਲਾਸ਼ ਵਾਲਨਟ ਗਰੋਵ ਦੇ ਜੰਗਲ ਵਿਚੋਂ ਲੱਭੀ।

2. 1927 ਵਿਚ ਭਾਲਾ ਸਿੰਘ ਅਚਾਨਕ ਗੁੰਮ ਹੋ ਗਿਆ। ਉਸ ਦੀ ਲਾਸ਼ ਵੀ ਨਾ ਮਿਲੀ।

3. ਜੁਲਾਈ 1927 ਨੂੰ ਅਮਰ ਸਿੰਘ ਆਪਣੇ ਰੈਂਚ ਵਿਚ, Biggs ਦੇ ਨੇੜੇ ਖੇਤਾਂ ਨੂੰ ਪਾਣੀ ਲਾਉਣ ਗਿਆ। ਮੁੜ ਨਹੀਂ ਮੁੜਿਆ। ਨਾ ਹੀ ਉਸਦਾ ਕੋਈ ਪਤਾ ਲਭਾ।

4. ਮਈ 29, 1928 ਨੂੰ ਐਚ. ਆਰ. ਮਹਿਰਾ ਨੂੰ ਗੋਲੀ ਮਾਰਕੇ ਕਿਸੇ ਨੇ ਦਰਿਆ ਵਿਚ ਸੁਟ ਦਿਤਾ।

5. 1929—ਨਿਰੰਜਨ ਸਿੰਘ ਫਰੈਜਨੋ ਦੀ ਲਾਸ਼ ਮਿਲੀ।

6. 1929 ਵਿਚ ਕਿਸ਼ਨ ਸਿੰਘ ਦੀ ਲਾਸ਼ ਸੰਤਾ ਫੇ ਡੀਪੋ(ਸਟਾਕਟਨ) ਦੇ ਨੇੜੇ ਇਕ ਛਪੜ ਵਿਚੋਂ ਮਿਲੀ।

7. 1929 ਵਿਚ ਸ਼ੇਰ ਸਿੰਘ ਨੂੰ Butte city ਲਾਗੇ ਕਿਡਨੈਪ ਕੀਤਾ ਗਿਆ। ਉਸ ਦੀ ਲਾਸ਼ ਵੀ ਨਾ ਮਿਲੀ।

8. 1929 ਦਸਵੰਧਾ ਸਿੰਘ ਨੂੰ ਮੈਰਿਸਵਿਚ ਦੇ ਨੇੜੇ ਇਕ ਰੈਂਚ ਵਿਚ ਗਲਾ ਘੁਟ ਕੇ ਮਾਰ ਦਿਤਾ ਗਿਆ।

9. 1930 ਵਿਚ ਅਮਰ ਸਿੰਘ ਯੂਬਾ ਸਿਟੀ ਨੇੜੇ ਮਰਿਆ ਲਭਿਆ।

10. ਅਗਸਤ 1930—ਬੂਝਾ ਸਿੰਘ ਦੂਜਾ ਨਾਮ ਡਾਕੂ ਸਿੰਘ ਨੂੰ ਗਲਾ ਘੁਟ ਕੇ ਵਾਲਨਟ ਗਰੋਵ ਦੇ ਨੇੜੇ, ਮਾਰ ਦਿਤਾ ਗਿਆ।

11. ਬੋਲਾ ਸਿੰਘ ਨੂੰ ਵਾਲਨਟ ਗਰੋਵ ਨੇੜੇ ਗੋਲੀ ਮਾਰਕੇ ਮਾਰ ਦਿਤਾ ਗਿਆ। ਕਤਲ ਦੇ ਦੋਸ਼ ਵਿਚ ਵਿਕਟੋਰੀਆ, ਬ੍ਰਿਟਿਸ਼ ਕੋਲੰਬੀਆ ਕੈਨੇਡਾ ਤੋਂ ਬਸੰਤ ਸਿੰਘ ਫੜਿਆ ਗਿਆ। ਉਸ ਦੀ ਜੇਲ੍ਹ ਵਿਚ ਮੌਤ ਹੋ ਗਈ।

12. 1931—ਨਗੀਨਾ ਰਾਮ ਧਾਰੀ ਅਮਰੀਕਨ ਸਰਕਾਰ ਨਾਲ ਦੁਭਾਸ਼ੀਏ ਦਾ ਕੰਮ ਕਰਦਾ ਸੀ। ਉਸਨੂੰ ਸੈਕਰਾਮੈਂਟੋ ਸ਼ਹਿਰ ਵਿਚ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਗਿਆ। ਕਤਲ ਦੀ ਤਰੀਕ 9 ਫਰਵਰੀ 1931 ਤੇ ਕਾਤਲ ਦਾ ਨਾਮ Marian Singh ਲਿਖਿਆ ਹੋਇਆ ਹੈ। ਇਹ ਨਾਂ ਠੀਕ ਨਹੀਂ ਜਾਪਦਾ।

13. 1931—ਸੰਤ ਰਾਮ ਪਾਂਡੇ ਕੈਲੇਫੋਰਨੀਆ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਜੋ .ਗਦਰ ਪਾਰਟੀ ਦੇ ਉਲਟ ਰਪੋਰਟਾਂ ਦੇਂਦਾ ਸੀ, ਉਸ ਦੀ ਲਾਸ਼ 3 ਮਾਰਚ 1931 ਨੂੰ Cache Slough ਦੇ ਨੇੜੇ ਮਿਲੀ। ਉਸਦੀ ਲਾਸ਼, ਸਿਰ ਤੋਂ ਬਿਨਾਂ ਪੁਲਸ ਨੂੰ ਮਿਲੀ।

ਬਾਬਾ ਨਿਰੰਜਨ ਸਿੰਘ ਜੀ ਨੇ ਮਾਸਕੋ ਜਾਣ ਦਾ ਜ਼ਿਕਰ ਆਪਣੇ ਬਿਆਨਾਂ ਵਿਚ ਕੀਤਾ ਹੈ। ਕੁਝ ਹੋਰ ਹਾਲ ਬਾਬਾ ਜੀ ਦੇ ਪੋਤਰੇ ਜਗਜੀਤ ਸਿੰਘ ਢਿਲੋਂ ਦੇ ਬਿਆਨਾਂ ਵਿਚ ਆ ਜਾਂਦੇ ਹਨ। ਰੂਸ ਤੋਂ ਦੇਸ ਜਾਣ, ਦੇਸ

(ਬਾਕੀ ਪੰਨਾ 13 ਤੇ)

.ਗਦਰੀ ਤੇ ਕਾਮਾ

ਬਾਬਾ ਨਿਰੰਜਨ ਸਿੰਘ ਪੰਡੋਰੀ ਦੀ ਆਪਣੀ ਜ਼ਬਾਨੀ

ਮੇਰਾ ਜਨਮ 1882 ਮੋਰਾਂਵਾਲੀ ਨਾਨਕੇ ਪਿੰਡ ਮਾਈ ਭੋਲੀ ਤੇ ਹਵਾਲਦਾਰ ਪ੍ਰਤਾਪ ਸਿੰਘ ਦੇ ਘਰ ਹੋਇਆ। ਨਾਨੇ ਨਾਨੀ ਦੇ ਘਰ ਕੋਈ ਮੁੰਡਾ ਔਲਾਦ ਨਾ ਹੋਣ ਕਰਕੇ ਉਨ੍ਹਾਂ ਆਪਣੀ ਬੜੀ ਲੜਕੀ ਭੋਲੀ ਨੂੰ ਆਪਣੇ ਪਿੰਡ ਹੀ ਆਪਣੀ ਸੇਵਾ ਲਈ ਰਖ ਲਿਆ। ਨਾਨੇ ਤੇ ਨਾਨੀ ਜੀ ਦੇ ਅਕਾਲ ਚਲਾਣੇ ਤੇ ਅਸੀਂ ਆਪਣੇ ਪਿੰਡ ਪੰਡੋਰੀ ਲਧਾ ਸਿੰਘ ਵਿਚ ਆ ਵਸੇ।

ਮੇਰੀ ਨੌ ਸਾਲ ਦੀ ਉਮਰ ਵਿਚ ਪਿਤਾ ਜੀ ਫੀਰੋਜ਼ਪੁਰ ਛਾਉਣੀ ਵਿਚ ਗੁਜ਼ਰ ਗਏ। ਪਿਤਾ ਜੀ ਪੰਦਰਾਂ ਸਿਖ ਵਿਚ ਨੌਕਰ ਸਨ। ਪਿੰਡ ਦੇ ਹੋਰ ਸੱਜਣ ਵੀ ਇਨ੍ਹਾਂ ਪੰਦਰਾਂ ਸਿਖ ਵਿਚ ਨੌਕਰ ਕਰਵਾਏ ਹੋਏ ਸਨ। ਅਠਾਰਾਂ ਸਾਲ ਦੀ ਉਮਰ ਵਿਚ ਹੀ ਖੇਤੀਬਾੜੀ ਵਿਚ ਕੁਝ ਨਾ ਬਣਦਾ ਵੇਖ ਕੇ ਮੈਂ ਆਪਣੇ ਪਿਤਾ ਜੀ ਦੀ ਪਲਟਨ ਪੰਦਰਾਂ ਸਿਖ, 1900 ਵਿਚ ਭਰਤੀ ਹੋ ਗਿਆ। ਮੈਂ ਵੀ ਆਪਣੇ ਪਿਤਾ ਵਾਂਗੂ ਰੋਮਨ ਦਾ ਮਾਹਰ ਹੋਣ ਕਰਕੇ ਫੌਜ ਵਿਚ ਸਿਗਨਲ ਦਾ ਕੰਮ ਕਰਦਾ ਰਿਹਾ।

ਫੌਜ ਦਾ ਘਟ ਤਨਖਾਹ ਤੇ ਗੋਰੇ ਅਫਸਰਾਂ ਦੀ ਆਕੜ ਤੋਂ ਅੱਕ ਕੇ, 1905 ਵਿਚ ਫੌਜ ਵਿਚੋਂ ਨਾਮ ਕਟਵਾ ਕੇ ਕਲਕਤੇ ਪਹੁੰਚਕੇ ਦਾਰਡੀਨ ਕੰਪਨੀ ਦਾ ਜਹਾਜ਼ ਫੜ ਲਿਆ। ਹਾਂਗਕਾਂਗ ਤੋਂ ਯੋਕੋਹਾਮਾ ਜਹਾਜ਼ ਬਦਲਕੇ 1906 ਦੇ ਚੜ੍ਹਾ ਵਿਚ ਵੈਨਕੋਵਰ ਕੈਨੇਡਾ ਆ ਉਤਰੇ।

ਨਵੀਆਂ ਰੇਲਾਂ ਵਿਛਾਈਆਂ ਜਾ ਰਹੀਆਂ ਸਨ। ਰੇਲ ਰੋਡ ਉਤੇ ਕੰਮ ਕਰਦਿਆਂ ਪਹਾੜੀਆਂ ਨੂੰ ਬਾਰੂਦ ਨਾਲ ਤੋੜਨਾ ਹੁੰਦਾ ਸੀ। ਇਕ ਵਾਰੀ ਕਾਫੀ ਸੱਟਾਂ ਵਜੀਆਂ। ਇਕ ਅੱਖ ਦੀ ਰੌਸ਼ਨੀ ਵੀ ਘੱਟ ਗਈ।

1913 ਵਿਚ ਕੋਈ ਖਾਸ ਖਿਚਾਂ ਦਿਲ ਵਿਚੋਂ ਉੱਠੀਆਂ ਜੋ ਦੇਸ ਨੂੰ ਲੈ ਤੁਰੀਆਂ। ਇਕ ਜਾਪਾਨੀ ਜਹਾਜ਼ ਵਿਚ ਸਵਾਰ ਹੋ ਕੇ ਦੇਸ ਨੂੰ ਤੁਰ ਪਏ। ਰਾਹ ਵਿਚ ਕਾਮਾ ਗਾਟਾ ਮਾਰੂ ਦੇ ਵੈਨਕੋਵਰ ਪਹੁੰਚਣ ਦੀ ਤਿਆਰੀ ਹੁੰਦੀ ਵੇਖੀ। ਹਾਂਗਕਾਂਗ ਤੋਂ ਇਕ ਹੋਰ ਜਾਪਾਨੀ ਜਹਾਜ਼ ਵਿਚ ਚੜ੍ਹਕੇ ਬੰਬਈ ਆ ਉਤਰੇ

ਦੇਸ ਪਹੁੰਚਕੇ ਜੋ ਕੁਝ ਕਰ ਸਕੇ ਉਹ ਸਭ ਹਾਲ ਗੁਰਚਰਨ ਸਿੰਘ ਸਹਿਸਰਾ ਜੀ ਨੂੰ ਦਸ ਚੁਕੇ ਹਾਂ।

1915 ਵਿਚ ਕਿਸੇ ਤਰ੍ਹਾਂ ਬੰਬਈ ਤੋਂ ਜਹਾਜ਼ ਚੜ੍ਹਕੇ ਨੀਊਯਾਰਕ ਆ ਪਹੁੰਚੇ। ਉਥੋਂ ਕੈਲੇਫੋਰਨੀਆ ਪਹੁੰਚ ਗਏ। ਮੁੜਕੇ ਜਦ ਕੈਨੇਡਾ ਆਉਣ ਲਈ ਹੱਦ ਉਤੇ ਪਹੁੰਚੇ ਤਾਂ ਇਮੀਗਰੇਸ਼ਨ ਦੇ ਮਹਿਕਮੇ ਨੇ ਕਹਿ ਦਿਤਾ ਕਿ ਤੇਰਾ .ਗਦਰ ਪਾਰਟੀ ਨਾਲ ਸਬੰਧ ਹੈ ਇਸੇ ਲਈ ਤੂੰ ਕੈਲੇਫੋਰਨੀਆ ਵਿਚੋਂ ਹੋ ਕੇ ਆਇਆ ਹੈਂ। ਇਸ ਲਈ ਕੈਨੇਡਾ ਵਿਚ ਦਾਖਲ ਨਹੀਂ ਹੋ ਸਕਦਾ।

ਕੈਲੇਫੋਰਨੀਆ ਵਿਚ ਰਹਿੰਦਿਆਂ ਜੋ ਕੁਝ ਹੋਇਆ ਉਸ ਦਾ ਕਿੱਸਾ ਗੁਰਚਰਨ ਸਿੰਘ ਸਹਿਸਰਾ ਜੀ ਨੂੰ ਦਸਿਆ ਹੋਇਆ ਹੈ। ਤੇ ਬਾਕੀ ਤੇਜਾ ਸਿੰਘ ਸੁਤੰਤਰ ਹੋਰਾਂ ਨੂੰ ਪਤਾ ਹੈ।

ਜੋ ਕੁਝ ਕੀਤਾ ਇਨਸਾਨੀ ਫਰਜ਼ ਕਰਕੇ ਕੀਤਾ।

ਪਾਰਟੀ ਦੇ ਹੁਕਮ ਅਨੁਸਾਰ 1934 ਵਿਚ ਕੈਲੇਫੋਰਨੀਆ ਨੂੰ ਛਡਣਾ ਪਿਆ।

1942 ਤੋਂ 1964 ਤਕ ਦੇਸ ਵਿਚ ਰਹਿੰਦਿਆਂ, ਜੋ ਇਨਸਾਨੀ ਫਰਜ਼ ਸਮਝਿਆ, ਨਿਭਾਇਆ। ਪਿੰਡ ਦਾ ਸਕੂਲ; ਪਿੰਡ ਵਾਲਿਆਂ ਦੀ ਮਿਲਵਰਤਨ ਦੀ ਇਕ ਨਿਸ਼ਾਨੀ ਹੈ।

ਬੁਢੇਪੇ ਤੇ ਸਿਹਤ ਦੀ ਖਰਾਬੀ ਦੇ ਕਾਰਨ ਪਰਵਾਰ ਦੇ ਸਾਰੇ ਬੰਦਿਆਂ ਨੇ ਮਜਬੂਰ ਕਰਕੇ ਮਿਲਣ ਲਈ ਵੈਨਕੋਵਰ ਬੁਲਾ ਲਿਆ। ਸਾਥੀ ਗੁਰਦਿਆਲ ਸਿੰਘ ਤੇਜਾ ਝਿੰਗੜ ਦੀ ਮਦਦ ਨਾਲ ਵੈਨਕੋਵਰ ਪੁਜਾ। ਸਿਹਤ ਨੇ ਮੁੜ ਕੇ ਦੇਸ, ਜਨਮ ਭੂਮੀ ਦੀ ਸੇਵਾ ਕਰਨ ਦੀ ਇਜਾਜ਼ਤ ਨਾ ਦਿਤੀ।

ਉਮਰ ਦਾ ਬਹੁਤਾ ਹਿਸਾ ਪਾਰਟੀ ਦਾ ਲਾਈਫ-ਮੈਂਬਰ ਰਿਹਾ ਹਾਂ। ਆਪਣੇ ਮਨ ਦੇ ਵਲਵਲੇ "ਹਿੰਦ ਸੇਵਕ" ਦੇ ਤਖੱਲਸ ਹੇਠ ਲਿਖਦਾ ਰਿਹਾ ਹਾਂ। 1934 ਵਿਚ ਕੈਲੇਫੋਰਨੀਆ ਛਡਣ ਸਮੇਂ—"ਆ ਚਲੀਏ ਸੇਵਕਾ ਖੇੜਿਆਂ ਨੂੰ ਆਸ਼ਕ ਪਏ ਨੇ ਜਿਥੇ ਕੁਹਾ ਹੁੰਦੇ" ਦੀ ਸੁਰਖੀ ਹੇਠ ਕਵਿਤਾ ਲਿਖੀ ਸੀ। ਮੈਂ ਆਖਰੀ ਵਕਤ ਸਭ ਪਾਰਟੀ ਮੈਂਬਰਾਂ ਅਗੇ ਬੇਨਤੀ ਕਰਦਾ ਹਾਂ ਕਿ ਲੰਬੜਦਾਰੀਆਂ ਦੀ ਭੁਖ ਨੂੰ ਛੱਡਕੇ, ਇਨਸਾਨ ਜਾਤੀ ਉਤੇ ਤਰਸ ਕਰਕੇ ਇਤਫਾਕ ਕਰੋ। ਪੀੜੀ ਜਾ ਰਹੀ ਇਨਸਾਨੀਅਤ ਨੂੰ ਰਾਖਸ਼ਾਂ ਤੋਂ ਛਡੌਣ ਲਈ ਜਥੇਬੰਦ ਹੋਵੋ।

ਇਸ ਸੰਸਾਰ ਦੀ ਯਾਤਰਾ ਤੋਂ ਵਿਦਾ ਹੁੰਦਾ ਹੋਇਆ ਆਪ ਦਾ ਸਾਥੀ

ਲੇਖਕ—ਨਿਰੰਜਨ ਸਿੰਘ ਪੰਡੋਰੀ

(ਪੰਨਾ 12 ਦੀ ਬਾਕੀ)

ਰਹਿਕੇ ਕੰਮ ਕਰਨ ਤੇ ਅਖੀਰਲੇ ਦਿਨਾਂ ਵਿਚ ਆਪਣੇ ਪਰਵਾਰ ਪਾਸ ਕੈਨੇਡਾ ਆ ਜਾਣ ਦਾ ਜ਼ਿਕਰ ਵੀ ਇਨ੍ਹਾਂ ਲਿਖਤਾਂ ਵਿਚ ਆ ਜਾਂਦਾ ਹੈ।

ਬਾਬਾ ਨਿਰੰਜਨ ਸਿੰਘ ਜੀ ਮੋਢੀ .ਗਦਰੀਆਂ ਵਿਚੋਂ ਸਨ। ਜਦ .ਗਦਰ ਪਾਰਟੀ ਨੇ ਆਪਣਾ ਰੁਖ ਸੋਸ਼ਲਿਜ਼ਮ ਵਲ ਕਰ ਲਿਆ ਤਾਂ ਉਸ ਵੇਲੇ ਦੇ ਮੋਢੀਆਂ ਵਿਚ ਵੀ ਬਾਬਾ ਜੀ ਸ਼ਾਮਲ ਸਨ। ਇਸ ਤਰ੍ਹਾ ਬਾਬਾ ਜੀ ਨੇ .ਗਦਰ ਲਹਿਰ ਦੀ ਅਗਵਾਈ ਵਿਚ ਪਹਿਲਾਂ ਕੈਨੇਡਾ ਤੋਂ ਦੇਸ ਜਾ ਕੇ, ਫਿਰ ਪਾਰਟੀ ਦੇ ਹੁਕਮ ਅਨੁਸਾਰ ਦੇਸੋਂ ਕੈਲੇਫੋਰਨੀਆ ਪਹੁੰਚਕੇ ਤੇ ਕੈਲੇਫੋਰਨੀਆ ਤੋਂ ਮਾਸਕੋ ਜਾ ਕੇ ਦੇਸ ਦੀ ਆਜ਼ਾਦੀ ਦੇ ਘੋਲ ਵਿਚ ਨਿਗਰ ਹਿਸਾ ਪਾਇਆ।

.ਗਦਰੀ ਦੀ ਦਰਿੜ੍ਹਤਾ ਅਤੇ ਤਾਕਤ

ਬੈਂਤ

ਬਾਬਾ ਨਿਰੰਜਨ ਸਿੰਘ ਪੰਡੋਰੀ

ਹਿੰਦੁਸਤਾਨੀਓ ਵਿਖਰੇ ਪਏ ਫਿਰਦੇ ਝੁੱਗਾ ਅਸਾਂ ਵਾਲਾ ਪਿਆ ਪੱਟ ਹੋਵੇ।
ਪਈ ਹਿੰਦ ਅੰਦਰ ਰਾਤ ਜ਼ੁਲਮ ਵਾਲੀ ਦੁਨੀਆਂ ਵਿਚ ਸਾਰੇ ਲਟ ਲਟ ਹੋਵੇ।
ਚੋਰਾਂ ਡਾਕੂਆਂ ਕਾਤਲਾਂ ਜ਼ੋਰ ਪਾਇਆ ਹਿੰਦੀ ਬਿਨਾਂ ਕਸੂਰ ਤੋਂ ਫੱਟ ਹੋਵੇ।
ਭੁਲ ਗਈ ਸੁਤੰਤਰਤਾ ਹਿੰਦੀਆਂ ਨੂੰ ਕੁਟ ਖਾਂਮਦੇ ਜਿਉਂ ਪਈ ਰੱਟ ਹੋਵੇ।
ਵਿਚ ਫਰਕ ਇਨਸਾਨ ਹਵਾਨ ਕੀ ਏ ਚੁਕੀ ਫਿਰੇ ਗੁਲਾਮੀ ਦੀ ਛੱਟ ਹੋਵੇ।
ਜਿੰਦ ਜਾਨ ਨੂੰ ਤੁਰਤ ਮਲੂਮ ਹੁੰਦਾ ਜੇਕਰ ਵਜਦੀ ਜ਼ਰਾ ਕੁ ਸੱਟ ਹੋਵੇ।
ਖੁਸੇ ਹੱਕ ਜਮਾਂਦਰੂ ਬਣੇ ਗੀਦੀ ਜਿਧਰ ਜਾਂਮਦੇ ਹੋ ਪਈ ਫੱਟ ਹੋਵੇ।
ਮਿਲੇ ਸ਼ਾਂਤੀ ਨਾਲ ਅਜ਼ਾਦੜੀ ਨਾ ਰਕੜ ਵਿਚ ਜ਼ਮੀਨ ਜਿਉਂ ਜੱਟ ਹੋਵੇ।
ਮਿਲੇ ਪੀਰ ਬਣਕੇ ਗੋਰਿਆਂ ਨੂੰ, ਨਹੀਂ ਜ਼ੁਲਮ ਫਰੰਗੀ ਦਾ ਘੱਟ ਹੋਵੇ।
ਕਦੇ ਮੰਨਦੇ ਇਹ ਪਲੋਸਿਆਂ ਤੋਂ, ਜਿਚਰ ਨਾਲ ਸ਼ਮਸ਼ੇਰ ਨਾ ਕੱਟ ਹੋਵੇ।
ਖੂਨਖਾਰ ਨੂੰ ਰਹਿਮ ਦੀ ਬਾਣ ਕਿਥੇ, ਪੀਂਦਾ ਖੂਨ ਜਿਹੜਾ ਗੱਟ ਗੱਟ ਹੋਵੇ।
ਭੰਨੇ ਬਿਨਾਂ ਬੁਖਾੜ ਨਾ ਸੂਤ ਆਵੇ, ਜਿਹੜਾ ਵਿਚ ਹੰਕਾਰ ਦੇ ਢੱਟ ਹੋਵੇ।
ਖੜਕੇ ਨਾਲ ਦਰੰਗੀਆਂ ਜ਼ਾਲਮਾਂ ਦੇ, ਗਲ ਏਸ ਹੀ ਤੋਂ ਖੱਟ ਖੱਟ ਹੋਵੇ।
ਮਾਰੋ ਵੈਰੀਆਂ ਨੂੰ ਬਬਰ ਸ਼ੇਰ ਵਾਂਗੂ, ਬਾਜ਼ੀ ਪਾਉਣ ਵੇਲੇ ਜਿਵੇਂ ਨੱਟ ਹੋਵੇ।
.ਗਦਰ ਮਚਾ ਕਰੋ ਤੰਗ ਜ਼ਾਲਮਾਂ ਨੂੰ, ਜਿਧਰ ਜਾਣ ਪਟੱਕ ਪਟੱਕ ਹੋਵੇ।
ਆਉਣ ਸੂਤ ਫਰੰਗੜੇ "ਹਿੰਦ ਸੇਵਕ" ਜਦੋਂ ਚਾਰ ਚੁਫੇਰਿਓਂ ਲਟ ਲਟ ਹੋਵੇ

ਇੱਟ ਦੇ ਜਵਾਬ ਵਿਚ ਪੱਥਰ ਚਲਾਈ ਦਾ

ਕਬਿਤ

ਉੱਠੋ ਜੱਟੋ ਪੁਟੋ ਜੜ੍ਹ ਜ਼ਾਲਮਾਂ ਫਰੰਗੀਆਂ ਦੀ,
ਮਿਲੂਗਾ ਜ਼ਰੂਰ ਫਲ ਕੀਤੀਓ ਕਮਾਈ ਦਾ।
ਲੁੱਟੋ ਕੁੱਟੋ ਛੁੱਟੋ ਤਾਂ ਹੀ ਫਰੰਗੀਆਂ ਤੋਂ,
ਹੋਵੇ ਸਾਵਧਾਨ ਜਿਮੇਂ ਨਾਗ ਹੱਥ ਪਾਈ ਦਾ।
ਸ਼ੁਰੂ ਕੰਮ ਜੁੱਟੋ ਘੁਟੋ ਗਲ ਜਾਂ ਫਰੰਗੀਆਂ ਦਾ,
ਬੋਲੀਏ ਨਾ ਬੁੱਟੋਂ ਕੰਮ ਕਰੀਏ ਸਫਾਈ ਦਾ।
ਕੱਟੋ ਸਿਰ ਕੱਪੋ ਕਰੋ ਹੱਲਾ ਪਰ ਵੈਰੀਆਂ ਦੇ,
ਇੱਟ ਦੇ ਜਵਾਬ ਵਿਚ ਪੱਥਰ ਚਲਾਈ ਦਾ।
ਜਿਥੇ ਆਵੇ ਹੱਥ ਤੇ ਪਟੱਕ ਮੂੰਹ ਤੇ ਵਟ ਮਾਰੋ,
ਫਰੰਗੀ ਦਾ ਇਲਾਜ ਨਹੀਂ ਸ਼ਾਂਤੀ ਨਾਲ ਪਾਈ ਦਾ।
"ਹਿੰਦ ਵਾਲੇ ਸੇਵਕਾ" ਫਰੰਗੜੇ ਨੇ ਸੂਤ ਔਣਾ,
ਤਲਣੇ ਦੇ ਲਈ ਕੜਾਹਾ ਕਿਉਂ ਨਹੀਂ ਤਾਈ ਦਾ।

ਬਾਬਾ ਜੀ ਦਾ ਅੰਤਮ ਸੁਨੇਹਾ

ਜਨਰਲ ਸੈਕਟਰੀ,
ਹਿੰਦ ਕਮਿਊਨਿਸਟ ਪਾਰਟੀ
ਪੰਜਾਬ।

ਜੈ ਜਨਤਾ,


ਮੈਂ ਹਿੰਦ ਕਮਿਊਨਿਸਟ ਪਾਰਟੀ ਦਾ ਸਿਪਾਹੀ ਹਾਂ। ਇਹ ਖਤ ਆਪਣੀ ਜ਼ਿੰਦਗੀ ਦੇ ਆਖਰੀ ਦਿਨੀਂ ਲ਼ਿਖਵਾ ਰਿਹਾ ਹਾਂ। ਮੈਂ ਪਾਰਟੀ ਦੀ ਛਤਰ ਛਾਇਆ ਥੱਲੇ ਆਪਣੇ ਵਲੋਂ ਬਗੈਰ ਕਿਸੀ ਵਿਤਕਰੇ ਦੇ ਕੰਮ ਕੀਤਾ। ਕੰਮ ਕਰਦਿਆਂ ਕਈ ਵਾਰ ਗਲਤੀਆਂ ਹੋ ਜਾਂਦੀਆਂ ਹਨ। ਮੈਂ ਆਪ ਜਾਣਕੇ ਕੋਈ ਨਹੀਂ ਕੀਤੀ ਜੇਕਰ ਕੋਈ ਹੋ ਗਈ ਹੋਵੇ ਉਹ ਮੁਆਫ ਕਰ ਦੇਣੀ।

ਜਦੋਂ ਤਾਈਂ ਦੇਸ ਦੀ ਆਮ ਜਨਤਾ ਖੁਸ਼ਹਾਲ ਨਹੀਂ ਹੁੰਦੀ, ਜਿਸਨੇ ਅਸਲੀ ਇਨਕਲਾਬ ਤੋਂ ਬਿਨਾਂ ਨਹੀਂ ਹੋਣਾ, ਮੇਰਾ ਯਕੀਨ ਹੈ ਕਿ ਪਾਰਟੀ ਦਾ ਹਰ ਸਿਪਾਹੀ ਆਖਰੀ ਦਮ ਤਕ ਲੜਦਾ ਰਹੇਗਾ। ਮੇਰੇ ਅਧੂਰੇ ਕੰਮ ਮੇਰੇ ਸਾਥੀ ਪੂਰੇ ਕਰਨਗੇ। ਮੇਰੀ ਰੂਹ ਹਰ ਵੇਲੇ ਤੁਹਾਡੇ ਨਾਲ ਹੋਵੇਗੀ।

ਇਹ ਖਤ ਮੈਂ ਲਿਖਵਾ ਕੇ ਘਰਦਿਆਂ ਪਾਸ ਦਿਤਾ ਹੋਇਆ ਹੈ ਕਿ ਮੇਰੀ ਮੌਤ ਪਿਛੋਂ ਦਫਤਰ ਪੁਜਦਾ ਕਰ ਦੇਣਾ।

ਸਾਰੇ ਸਾਥੀਆਂ ਨੂੰ ਮੇਰੀ ਆਖਰੀ ਲਾਲ ਸਲਾਮ।

ਨਿਰੰਜਨ ਸਿੰਘ





ਬਾਬਾ ਜੀ ਦੇ ਨਾਂ ਤੇ ਬਣੀ ਯਾਦਗਾਰੀ ਇਮਾਰਤ (ਪੰਡੋਰੀ ਲੱਧਾ ਸਿੰਘ)

ਦਿਵਸ ਚਾਰ ਜੇ ਕਰ ਨਾਲ ਸ਼ਾਨ ਰਹਿਣਾ

ਹਰ ਕੋਈ ਆਖਦਾ ਮੇਰਾ ਹੈ ਮਜ਼ਹਬ ਉਚਾ,
ਸੱਚੇ ਮਜ਼ਹਬ ਦੀ ਕਿਸੇ ਨੂੰ ਸਾਰ ਹੈ ਨਹੀਂ।
ਗੀਤਾ ਪਾਠ ਕੁਰਾਨ ਤੇ ਪੜ੍ਹਨ ਬਾਣੀ,
ਤਾਂ ਭੀ ਕੁਟਲ ਹਿਰਦੇ ਹੁੰਦੇ ਠਾਰ ਹੈ ਨਹੀਂ।
ਇਕ ਦੂਸਰੇ ਨੂੰ ਕਾਫਰ, ਨੀਚ, ਆਖੇ,
ਮਾਣਸ ਜਾਤ ਦੇ ਨਾਲ ਪਿਆਰ ਹੈ ਨਹੀਂ।
ਬੇੜਾ ਡੋਬਦਾ ਮਜ਼ੱਹਬ ਸਮੁੰਦ ਅੰਦਰ,
ਆਪੋ ਵਿਚ ਲੜਦੇ ਲਗਦਾ ਪਾਰ ਹੈ ਨਹੀਂ।

ਇਜ਼ਤ ਡੰਗਰਾਂ ਦੀ ਨਫਰਤ ਬੰਦਿਆਂ ਤੋਂ
ਭਲਾ ਦੱਸੋ ਖਾਂ ਦੋਸਤੋ ਵੱਜਬ ਇਹ ਹੈ।
ਸ਼ੂਦਰ ਮਨ੍ਹਾ ਨੇ ਜਾਣ ਤੋਂ ਮੰਦਰੋਂ ਮੇਂ ਨਹੀਂ,
ਆਗਿਆ ਵੇਖਿਆ ਅੱਜਬ ਇਹ ਹੈ।
ਹਿੰਦੂ ਖਾਲਸਾ ਫਿਰੇ ਕੋਈ ਖਾਨ ਬਣਿਆ,
ਬਾਕੀ ਸਭ ਥੱਲੇ ਡਿਠਾ ਗੱਜਬ ਇਹ ਹੈ।
ਜਿਥੇ ਕਦਰ ਨਹੀਂ ਹੱਕ ਬ੍ਰਾਬਰੀਦੀ,
ਨਿਮਸਕਾਰ ਉਹਨੂੰ ਚੰਗਾ ਮਜ਼ੱਹਬ ਇਹ ਹੈ।

ਅਖਾਂ ਖੋਹਲ ਕੇ ਵੇਖ ਜਹਾਨ ਸਾਰਾ,
ਲੋਕੀ ਖੁਸ਼ੀ ਵਸਦੇ ਮੌਜਾਂ ਮਾਣਦੇ ਨੇ।
ਐਪਰ ਹਿੰਦ ਵਾਸੀ ਬਦ ਨਸੀਬ ਬੰਦੇ,
ਬਣੇ ਬਜ਼ੱਹਬ ਪਿਛੇ ਦੁਸ਼ਮਣ ਪ੍ਰਾਣ ਦੇ ਨੇ।
ਪ੍ਰਾਧੀਨ ਹੋਏ ਊਚ ਨੀਚ ਬਣ ਕੇ,
ਬਹਿਸ਼ਤ ਨਰਕ ਵਾਲੀ ਪਰਖ ਜਾਣਦੇ ਨੇ।
ਮਰਨ ਬਾਦ ਗੁਲਾਮਾਂ ਨੂੰ ਸੁਰਗ ਕਿਥੋਂ
ਜੀਉਂਦੇ ਜੱਗ ਉਤੇ ਘੱਟਾ ਛਾਣਦੇ ਨੇ।

ਆਯੂ ਲੰਘੀ ਗੁਲਾਮੀ ਦੇ ਵਿਚ ਸਾਰੀ,
ਖੁਸ਼ ਕਿਵੇਂ ਤੈਤੋਂ ਅੱਲਾ ਪਾਕ ਹੋਊ?
ਕਾਫਰ ਨੀਚ ਤੂੰ ਆਖਿਆ ਬੰਦਿਆਂ ਨੂੰ,
ਸਿਧੀ ਨਿਗਾਹ ਕਰਕੇ ਕਿਕੂ ਝਾਕ ਹੋਊ?
ਸਾਂਝੀਵਾਲ ਸਭੇ, ਬਾਹਰ ਨਹੀਂ ਕੋਈ,
ਕਿਸੇ ਆਖਿਆ ਸੀ ਚੇਤੇ "ਵਾਕ" ਹੋਊ?
ਝੇੜੇ ਹੋਰ ਛੇੜੇ ਜੱਮਣ ਭੌਂ ਭੁਲੀ,
ਮਰਨ ਬਾਦ ਕਿਥੇ ਤੇਰੀ ਖਾਕ ਹੋਊ?

ਛੱਡਿਆ ਨਾ ਜੇ ਇਹਨਾਂ ਬਖੇੜਿਆਂ ਨੂੰ,
ਕਰਮ ਧਰਮ ਨਾ ਕਿਸੇ ਦਾ ਮਾਨ ਰਹਿਣਾ।
ਪੂਜਾ ਪਾਠ ਵੀ ਕਿਸੇ ਨੂੰ ਤਾਰਨਾ ਨਾ, ਹਿੰਦੂ, ਸਿਖ,
ਸ਼ੂਦਰ ਨਾ ਕੋਈ ਖਾਨ ਰਹਿਣਾ।
ਜਿਨਾਂ ਚਿਰ ਗੁਲਾਮੀ ਦਾ ਦਾਗ ਮੱਥੇ,
ਕਾਇਮ ਨਹੀਂ ਇਹ ਧਰਮ ਇਨਸਾਨ ਰਹਿਣਾ।
"ਯਕਦਮ" ਛੱਡ ਖਹਿੜਾ ਕੌਮ ਬਣੋਂ ਹਿੰਦੀ,
ਦਿਵਸ ਚਾਰ ਜੇ ਕਰ ਨਾਲ ਸ਼ਾਨ ਰਹਿਣਾ।

"ਯਕਦਮ"

ਸਫੀਰ ਨੂੰ ਸਾਹਿਤ ਅਕਾਡਮੀ ਐਵਾਰਡ

ਨਵੀਂ ਦਿੱਲੀ—ਆਖਿਰ ਸਾਹਿਤ ਅਕਾਡਮੀ ਨੂੰ ਏਨੇ ਵਰ੍ਹਿਆਂ ਬਾਦ ਯਾਦ ਆ ਹੀ ਗਿਆ ਹੈ ਕਿ ਪ੍ਰੀਤਮ ਸਿੰਘ ਸਫੀਰ ਸਾਹਿਤ ਅਕਾਡਮੀ ਐਵਾਰਡ ਦਾ ਹੱਕਦਾਰ ਹੈ। 1983 ਲਈ ਸਾਹਿਤ ਅਕਾਡਮੀ ਨੇ ਉਨ੍ਹਾਂ ਦੀ ਪੁਸਤਕ "ਅਨਿਕ ਵਿਸਤਾਰ" ਨੂੰ ਐਵਾਰਡ ਲਈ ਚੁਣ ਲਿਆ ਹੈ। ਕਈਆਂ ਸਾਲਾਂ ਬਾਦ ਇਹ ਮੌਕਾ ਹੈ ਕਿ ਸਾਹਿਤ ਅਕਾਡਮੀ ਨੇ ਠੀਕ ਚੋਣ ਕੀਤੀ ਹੈ। ਇਹ ਫੈਸਲਾ ਅਕਾਡਮੀ ਦੇ ਕਾਰਜਕਾਰੀ ਬੋਰਡ ਨੇ ਆਪਣੀ ਮੀਟਿੰਗ ਵਿਚ ਕੀਤਾ।

ਇਸ ਐਵਾਰਡ ਵਜੋਂ ਦਸ ਹਜ਼ਾਰ ਰੁਪਏ ਦੀ ਰਕਮ ਸ਼੍ਰੀ ਪ੍ਰੀਤਮ ਸਿੰਘ ਸਫੀਰ ਨੂੰ ਸਨਮਾਨ ਵਜੋਂ ਦਿਤੀ ਜਾਵੇਗੀ। 'ਕੈਨੇਡਾ ਦਰਪਣ' ਪ੍ਰੀਤਮ ਸਿੰਘ ਸਫੀਰ ਨੂੰ ਉਨ੍ਹਾਂ ਦੇ ਇਸ ਐਵਾਰਡ ਜਿੱਤਣ ਤੇ ਵਧਾਈ ਪੇਸ਼ ਕਰਦਾ ਹੈ।

ਧਾਰਮਿਕ ਦਰਪਣ

ਗੁਰੂ ਨਾਨਕ ਦੇਵ ਜੀ ਦੀ ਬਾਣੀ ਸਦਾਚਾਰਕ ਤੱਤ

☐ ਗੁਰਦੀਪ ਸਿੰਘ

ਭਾਈ ਗੁਰਦਾਸ ਜੀ ਸਿਖ ਸਮਾਜ ਵਿਚ ਇਕ ਪ੍ਰਤਿਸ਼ਟ ਸਥਾਨ ਰਖਦੇ ਹਨ। ਉਨ੍ਹਾਂ ਨੂੰ ਸਿਖ ਸੰਸਾਰ ਵਿਚ ਉਹੋ ਹੀ ਸਥਾਨ ਪ੍ਰਾਪਤ ਹੈ ਜੋ ਹਿੰਦੂਆਂ ਵਿਚ ਵੇਦ ਵਿਆਸ, ਈਸਾਈਆਂ ਵਿਚ ਸੇਂਟ ਪਾਲ ਤੇ ਮੁਸਲਮਾਨੀ ਧਰਮ ਵਿਚ ਅਮਾਮ ਆਜ਼ਮ ਨੂੰ ਪ੍ਰਾਪਤ ਹੈ। ਉਹ ਇਕ ਪ੍ਰਸਿਧ ਪ੍ਰਚਾਰਕ ਤੇ ਉੱਚ ਕੋਟੀ ਦੇ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਪਹਿਲੀ ਵਾਰ ਸਿਖ-ਸਿਧਾਤਾਂ ਦੀ ਵਿਆਖਿਆ ਬੜੇ ਸੁਚੱਜੇ ਤੇ ਸੁਖਨ ਢੰਗ ਨਾਲ ਕੀਤੀ ਹੈ। ਆਪ ਪੰਜਾਬੀ, ਹਿੰਦੀ ਸੰਸਕ੍ਰਿਤ ਤੇ ਫ਼ਾਰਸੀ ਆਦਿ ਭਾਸ਼ਾਵਾਂ ਦੇ ਸਾਹਿਤਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਆਪ ਜੀ ਦੀ ਬਾਣੀ ਨੂੰ ਗੁਰੂ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਵਰ ਮਿਲਿਆ ਹੋਇਆ ਹੈ। ਆਪ ਨੇ ਪੰਜਾਬੀ ਵਿਚ ੩੯ ਵਾਰਾਂ ਲਿਖੀਆਂ ਹਨ, ਜਿਨ੍ਹਾਂ ਸਚਾਈ, ਨੇਕੀ, ਪਰ-ਉਪਕਾਰ, ਪ੍ਰਭੂ ਭਗਤੀ, ਨਿਮਰਤਾ ਆਦਿ ਗੁਣਾਂ ਦਾ ਇਜ਼ਹਾਰ ਕੀਤਾ ਹੈ।

ਭਾਈ ਸਾਹਿਬ ਆਪਣੀ ੩੦ਵੀਂ ਵਾਰ ਵਿਚ ਦੇਸ਼ ਦੀ ਪ੍ਰਚਲਤ ਰਾਜਨੀਤਕ ਤੇ ਸਮਾਜਿਕ ਅਵਸਥਾ ਦਾ ਬਿਆਨ ਇਸ ਪ੍ਰਕਾਰ ਕਰਦੇ ਹਨ—

ਕਲ ਆਈ ਕੁਤੇ ਮੁਹੀ,
ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ,
ਉਲਟੀ ਵਾਰ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ,
ਕੂੜ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ਼ ਵਜਾਇਦੇ ਨਚਨ,
ਗੁਰੂ ਬਹੁਤ ਬਿਧੀ ਭਾਈ॥

ਭਾਵ ਕਿ ਦੇਸ਼ ਵਿਚ ਆਪਾਧਾਪੀ ਪਈ ਹੋਈ ਸੀ। ਦੁਨੀਆਂ ਵਿਚ ਪਾਪਾਂ ਦਾ ਜ਼ੋਰ ਵਧ ਰਿਹਾ ਸੀ, ਪਰਜਾ ਗਿਆਨ ਵਿਹੂਣੀ ਹੋ ਕੇ ਫਜ਼ੂਲ ਵਹਿਮਾਂ ਵਿਚ ਫਸੀ ਹੋਈ ਸੀ। ਜਦ ਵਾੜ ਵੀ ਖੇਤ ਨੂੰ ਖਾਣਾ ਸ਼ੁਰੂ ਕਰ ਦੇਵੇ ਤਾਂ ਫਿਰ ਖੇਤ ਦੀ ਬਰਬਾਦੀ ਹੋਣੀ ਸ਼ੁਰੂ ਹੋ ਜਾਂਦੀ ਹੈ। ਉਹ ਹਰਿਆ ਭਰਿਆ ਤੇ ਲਹਿਲਹਾਉਂਦਾ ਖੇਤ ਸੁੱਕ ਸੜ ਜਾਂਦਾ ਹੈ, ਕਿਉਂ ਕਿ ਕੋਈ ਉਸ ਖੇਤ ਵਿਚ ਗਿਆਨ ਅੰਮ੍ਰਿਤ ਦੀਆਂ ਛਿੱਟਾਂ ਵਾਲਾ ਮੀਂਹ ਨਹੀਂ ਵਰ੍ਹਾਉਂਦਾ। ਜਦ ਪਾਪਾ ਬੁਰਾਈਆਂ, ਵੈਰ ਵਿਰੋਧ ਤੇ ਅਤਿਆਚਾਰਾਂ ਦੀ ਹੱਦ ਹੋ ਜਾਂਦੀ ਹੈ ਤਾਂ ਧਰਤੀ ਕੋਲੋਂ ਇਹ ਸਭ ਭਾਰ ਸਹਾਰ ਨਹੀਂ ਹੁੰਦਾ ਤੇ ਅਕਾਲ ਪੁਰਖ ਦੇ ਦਰਬਾਰ ਵਿਚ ਅਰਜ਼ੋਈ ਕਰਦੀ ਹੈ ਕਿ ਧਰਤੀ ਤੇ ਠੰਡ ਵਰਤਾਉਣ ਲਈ ਕੋਈ ਮਹਾਨ ਹਸਤੀ ਭੇਜ ਜੋ ਕਿ ਦੁਖਾਂ ਦੇ ਭਾਂਬੜ ਨੂੰ ਆਪਣੇ ਸੀਤ ਬਚਨਾਂ ਦੁਆਰਾ ਸੁਖਾਂ ਦੀ ਕਣੀ ਵਿਚ ਬਦਲ ਦੇਵੇ।

ਅਰਦਾਸ ਮਨਜ਼ੂਰ ਹੋ ਗਈ। ਜਲਦੀ ਹੀ ਇਕ ਉੱਚ ਆਤਮਾ ਦਾ ਇਸ ਧਰਤੀ ਤੇ ਪ੍ਰਵੇਸ਼ ਹੋਣ ਵਾਲਾ ਹੈ। ਕੱਤਕ ਦੀ ਪੂਰਨਮਾਸ਼ੀ ਦਾ ਚੰਦਰਮਾ ਆਪਣੇ ਪੂਰੇ ਜ਼ੋਬਨ ਕੇ ਝਲਕਾਂ ਮਾਰ ਰਿਹਾ ਸੀ ਜਦੋਂ ਰਾਇ ਭੋਇ ਦੀ ਤਲਵੰਡੀ ਦੀ ਪਾਵਨ ਧਰਤੀ ਤੇ ਇਕ ਨੂਰੀ ਜੋਤ ਦਾ ਪ੍ਰਕਾਸ਼ ਹੋਇਆ। ਸਭ ਪਾਸੇ ਇਕ ਅਦੁਤੀ ਪ੍ਰਕਾਸ਼ ਦਾ ਝਲਕਾਰਾ ਪਿਆ। ਪਿੰਡ ਦੇ ਹਾਕਮ ਰਾਏ ਬੁਲਾਰ ਨੇ ਆਪਣੀ ਪਾਪੀ ਪਾਰਖੂ ਅੱਖ ਨਾਲ ਜਾਚ ਲਿਆ ਕਿ ਇਹ ਕੋਈ ਸਾਧਾਰਨ ਬਾਲਕ ਨਹੀਂ ਬਲਕਿ ਇਕ ਉੱਚ ਹਸਤੀ ਹੈ।



ਗੁਰੂ ਨਾਨਕ ਦੇਵ ਜੀ ਦੀ ਰੁਚੀ ਮੁਢ ਤੋਂ ਹੀ ਪ੍ਰਭੂ ਭਗਤੀ ਵਲ ਸੀ ਤੇ ਉਹ ਇਕ ਪ੍ਰਮਾਤਮਾ ਤੇ ਯਕੀਨ ਰਖਦੇ ਸਨ। ਹੋਣਹਾਰ ਬਿਰਵਾਨ ਕੇ ਹੋਤ ਹੈ ਚਿਕਨੇ ਪਾਤ, ਅਨੁਸਾਰ ਉਹ ਬਚਪਨ ਵਿਚ ਹੀ ਆਪਣੇ ਉੱਚ ਖਿਆਲਾਂ ਦਾ ਪ੍ਰਗਟਾਵਾ ਕਰਨ ਲਗ ਪਏ ਸਨ। ਜਨੇਊ ਪਾਉਣ ਦੀ ਰਸਮ ਵੇਲੇ ਜਦੋਂ ਉਨ੍ਹਾਂ ਨੇ ਪੰਡਤ ਦਾ ਹੱਥ ਫੜ ਲਿਆ ਤਾਂ ਸਾਰੇ ਪ੍ਰਵਾਰ ਦੇ ਜੀ ਹੱਕੇ ਬੱਕੇ ਰਹਿ ਗਏ। ਉਸ ਵੇਲੇ ਆਪ ਨੇ ਇਹ ਸ਼ਬਦ ਉਚਾਰਨ ਕਰਕੇ ਪੰਡਤ ਨੂੰ ਸਿੱਧੇ ਰਸਤੇ ਪਾਇਆ:—

'ਦਇਆ ਕਪਾਹ ਸੰਤੋਖ ਸੂਤਿ,
ਜਤਿ ਗੰਢ ਸਤ ਵੱਟ
ਇਹ ਜਨੇਊ ਜੀਅ ਕਾ,
ਹਈ ਤਾਂ ਪਾਂਡੇ ਘੱਤ।
ਨਾ ਇਹ ਤੂਟੇ ਨਾ ਮਲ ਲਾਗੇ,
ਨ ਇਹ ਜਲੇ ਨ ਜਾਇ।
ਧੰਨ ਸੁ ਮਾਣਸੁ ਨਾਨਕਾ,
ਜੁ ਗਲ ਚਲੇ ਪਾਇ।'

ਕਿੰਨੇ ਸੁਹਣੇ ਸ਼ਬਦਾਂ ਵਿਚ ਗੁਰੂ ਜੀ ਨੇ ਅਸਲੀ ਜਨੇਊ ਗੁੰਦਿਆ ਹੈ ਪ੍ਰੰਤੂ ਇਹ ਨਕਲੀ ਜਨੇਊ ਪਾਉਣ ਵਾਲੇ ਕਿਵੇਂ ਇਸ ਦੀ ਮਹੱਤਤਾ ਨੂੰ ਸਮਝ ਸਕਦੇ ਸਨ। ਪੰਡਤ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ।

ਗੁਰੂ ਸਾਹਿਬ ਜਿਥੇ ਇਕ ਮਹਾਨ ਸੁਧਾਰਕ, ਮਨੁੱਖਤਾ ਦੇ ਚਾਨਣ ਮੁਨਾਰੇ ਤੇ ਧਾਰਮਕ ਆਗੂ ਸਨ ਉਥੇ ਇਕ ਮਹਾਨ ਕਵੀ ਵੀ ਸਨ। ਆਪ ਨੇ ਲਗ ਪਗ ੯੭੬ ਸ਼ਬਦ ਉਚਾਰੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਜੀਵਨ ਦੀਆਂ ਸਦੀਵੀ ਸਮੱਸਿਆਵਾਂ ਤੇ ਚਾਨਣਾ ਪਾਇਆ ਹੈ। ਉਨ੍ਹਾਂ ਸਦਾਚਾਰਕ ਤੇ ਉੱਚਾ ਸੁੱਚਾ ਜੀਵਨ ਭਰਮਣ ਤੇ ਬਰਾਬਰੀ ਨਾਲ ਰਹਿਣ ਤੇ ਧਰਮ ਤੇ ਸਦਾਚਾਰਕ ਅਸੂਲਾਂ ਦੀ ਏਕਤਾ ਤੇ ਜ਼ੋਰ ਦਿਤਾ ਹੈ। ਗੁਰੂ ਸਾਹਿਬ ਨੇ ਸਮਾਜ ਦੇ ਹਰ ਪੱਖ ਤੇ ਰੋਸ਼ਨੀ ਪਾਈ ਹੈ। ਜਿਥੇ ਉਹ ਮਨੁਖ ਨੂੰ ਘਰ ਬਾਰ ਤਿਆਗ ਸਾਧੂ ਬਣ ਜਾਣ ਨਾਲੋਂ ਇਕ ਚੰਗਾ ਗ੍ਰਹਿਸਤੀ ਬਣਨ ਲਈ ਪ੍ਰੇਰਦੇ ਹਨ ਕਿਉਂਕਿ ਹੱਸਦਿਆਂ, ਖੇਡਦਿਆਂ, ਖਵੰਦਿਆਂ, ਪੀਵੰਦਿਆਂ ਵਿਚੇ ਹੋਏ ਮੁਕਤ ਉਥੇ ਉਹ ਮਨੁੱਖ ਨੂੰ ਪ੍ਰਮਾਤਮਾ ਨੂੰ ਹਮੇਸ਼ਾਂ ਯਾਦ ਰਖਣ ਲਈ ਵੀ ਪ੍ਰੇਰਦੇ ਹਨ:—

ਮੋਤੀ ਤਾ ਮੰਦਰ ਉਸਰਹਿ,
ਰਤਨੀ ਤਾ ਹੋਹਿ ਜੜਾਊ।
ਕਸਤੂਰੀ ਕੁੰਗੂ ਅਗਰਿ ਚੰਦਨਿ,
ਲੀਪ ਆਵੈ ਚਾਉ।
ਮਤੁ ਦੇਖਿ ਭੂਲਾ ਵੀਸਰੈ,
ਤੇਰਾ ਚਿਤ ਨ ਆਵੈ ਨਾਉ।

ਰਿਸ਼ਵਤ ਲੈਣੀ, ਵਢੀ ਖੋਰੀ ਤੇ ਪਰਾਏ ਹਕ ਤੇ ਛਾਪਾ ਮਾਰਨਾ ਜੇਹੀਆਂ ਇਨਸਾਨੀ ਬੁਰਾਈਆਂ ਨੂੰ ਵੀ ਭੰਡਿਆ ਹੈ। ਹਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ॥ ਗੁਰ ਪੀਰ ਹਾਮਾ ਤਾ ਭਰੇ, ਜਾ ਮੁਰਦਾਰ ਨਾ ਖਾਇ॥...

ਗੁਰੂ ਸਾਹਿਬ ਨੇ ਫਜ਼ੂਲ ਵਹਿਮਾਂ ਭਰਮਾਂ, ਪਾਖੰਡਾਂ ਦਾ ਤਿਆਗ ਕਰ ਕੇ ਇਕ ਸਦਾਚਾਰਕ ਤੇ ਨੇਕੀ ਭਰਪੂਰ ਜੀਵਨ ਜੀਉਣਾ ਦਸਿਆ ਹੈ:—

ਗਊ ਬ੍ਰਾਹਮਣ ਕਉ ਕਰੁ ਲਾਵਹੁ,
ਗੋਬਰਿ ਤਰਣੁ ਨਾ ਜਾਈ।
ਧੋਤੀ ਟਿਕਾ ਤੇ ਜਮਪਾਲੀ,
ਧਾਨ ਮਲੇਛਾਂ ਖਾਂਈ।
ਅੰਤਰਿ ਪੂਜਾ ਪੜਹਿ ਕਤੇਬਾ,
ਸੰਜਮੁ ਤੁਰਕਾ ਭਾਈ।
ਛੋਡੀਲੈ ਪਾਖੰਡਾ॥
ਨਾਮ ਲਇਐ ਜਾਹਿ ਤਰੰਦਾ॥

ਇਸ ਪ੍ਰਕਾਰ ਗੁਰੂ ਸਾਹਿਬ ਜੀ ਦੀ ਜ਼ਿਆਦਾ ਬਾਣੀ ਮਨੁਖੀ ਜੀਵਨ ਲਈ ਸਦਾਚਾਰਕ ਸਿਖਿਆਵਾਂ ਨਾਲ ਭਰਪੂਰ ਹੈ। ਆਪ ਨੇ ਜੀਵਨ ਦੇ ਹਰ ਪਖ ਦੇ ਸੁਧਾਰ ਲਈ ਪ੍ਰੇਰਨਾ ਕੀਤੀ ਹੈ।

ਬਾਬਾ ਸ੍ਰੀ ਚੰਦ ਜੀ

ਉਦਾਸੀਨ ਸੰਪ੍ਰਦਾਇ ਦਾ ਸਿਖ ਇਤਿਹਾਸ ਨਾਲ ਹੱਡ ਮਾਸ ਦਾ ਰਿਸ਼ਤਾ ਹੈ! ਇਹ ਸੰਬੰਧ ਢੇਰ ਚਿਰ ਪੁਰਾਣਾ ਹੈ ਅਤੇ ਇਸ ਸੰਪ੍ਰਦਾਇ ਦੇ ਸ਼ਿਸ਼ਾਂ ਜਦ ਸਿਖਾਂ ਤੇ ਬਿਪਤਾ ਪਈ ਤਾਂ ਔਖੇ ਸਮੇਂ ਸਹਾਇਤਾ ਕੀਤੀ। ਜਦ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾ ਗਏ ਤਾਂ ਸਿਖਾਂ ਨੂੰ ਕਾਹਨੂੰਵਾਨ, ਛੰਭ ਸ਼ਿਵਾਲਕ ਦੀਆਂ ਪਹਾੜੀਆਂ ਅਤੇ ਰਾਜਸਥਾਨ ਦੇ ਰੇਗਿਸਥਾਨਾਂ ਵਿਚ ਸ਼ਰਨ ਲੈਣੀ ਪਈ ਤਾਂ ਸਿਖਾਂ ਦੇ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ ਉਹਨਾਂ ਉਦਾਸੀ ਸੰਤਾਂ ਨੇ ਸੰਭਾਲੀ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਜਦੋਂ ੧੯੨੦ ਵਿਚ ਗੁਰਦੁਆਰਾ ਸੁਧਾਰ ਲਹਿਰ ਪੰਜਾਬ ਵਿਚ ਚਲੀ ਤਾਂ ਲਗ ਭਗ ਸਾਰੇ ਗੁਰ-ਦੁਆਰਿਆਂ ਦਾ ਪ੍ਰਬੰਧ ਉਦਾਸੀ ਮਹੰਤਾਂ ਕੋਲ ਹੀ ਸੀ। ਸਿਖਾਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਉਦਾਸੀ ਸੰਪ੍ਰਦਾਇ ਦੇ ਅਵਤਾਰ ਬਾਬਾ ਸ੍ਰੀ ਚੰਦ ਜੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਪੁਤਰ ਸਨ ਜਿਹਨਾਂ ਨੇ ਬੇਦੀ ਵੰਸ ਨੂੰ ਜੱਗ ਵਿਚ ਚਾਰ ਚੰਨ ਲਾਏ। ਇਤਿ-ਹਾਸ ਇਸ ਗਲ ਦਾ ਗਵਾਹ ਹੈ ਕਿ ਜਦ ਨਾਨਕ ਮਤੇ ਵਿਖੇ ਰੋਹ ਵਿਚ ਆਏ ਜੋਗੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਪਿਪਲ ਜਲਾ ਦਿਤਾ ਤਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਉਦਾਸੀ ਬਾਬਾ ਅਲਮਸਤ ਜੀ ਨੂੰ ਯਾਦਗਾਰੀ ਸਥਾਨ ਦੀ ਸੇਵਾ ਲਈ ਭੇਜਿਆ ਸੀ ਪਰੰਤੂ ਅਜ ਸਿਖਾਂ ਤੇ ਉਦਾਸੀਆਂ ਦੇ ਸੰਬੰਧ ਪਹਿਲਾਂ ਵਾਲੇ ਨਹੀਂ ਰਹੇ। ਉਦਾਸੀ ਸੰਪ੍ਰਦਾਇ ਵਾਲੇ ਆਪਣੇ ਆਪ ਨੂੰ ਸਿਖ਼ ਕਹਾਉਣ ਤੋਂ ਆਕੀ ਹੋ ਗਏ ਹਨ ਅਤੇ ਆਪਣੇ ਆਪ ਨੂੰ ਹਿੰਦੂ ਕਹਾਉਣਾ ਜ਼ਿਆਦਾ ਪਸੰਦ ਕਰਦੇ ਹਨ ਜਦੋਂ ਕਿ ਉਹਨਾ ਦੇ ਡੇਰਿਆ ਵਿਚ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਹੁੰਦਾ ਹੈ। ਪਿਛੇ ਜਿਹੇ ਗੁਰਦੁਆਰਾ ਐਕਟ ਬਣਨ ਦਾ ਰੌਲਾ ਪਿਆ ਤਾ ਉਦਾਸੀ ਮੁਖੀਆ ਦੇ ਬਿਆਨ "ਉਦਾਸੀ ਸਿਖ ਨਹੀਂ ਹਨ" ਅਖਬਾਰਾਂ ਵਿਚ ਛਪੇ। ਇਹ ਠੀਕ ਨਹੀਂ ਹੈ, ਪਿਛਲੇ ਇਤਿਹਾਸ ਨੂੰ ਵੇਖ-ਦਿਆਂ ਹੋਇਆਂ ਮੁੜ ਉਦਾਸੀਆਂ ਨੂੰ ਪੰਥ ਵਿਚ ਅਭੇਦ ਹੋਣਾ ਚਾਹੀਦਾ ਹੈ ਅਤੇ ਪੰਥ ਦੇ ਮੁਦਈਆਂ ਨੂੰ ਵੀ ਚਾਹੀਦਾ ਹੈ ਕਿ ਉਹ ਉਦਾਸੀ ਭਰਾਵਾਂ ਦੀਆਂ ਮੁਸ਼-ਕਲਾਂ ਵਲ ਧਿਆਨ ਦੇਣ ਅਤੇ ਵਖਵਾਦ ਦੇ ਨਾਹਰੇ ਲਾਉਣੇ ਛਡ ਦੇਣ।

ਬ੍ਰਹਮ ਗਿਆਨੀ ਬਾਬਾ ਸ੍ਰੀ ਚੰਦ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਸੁਲਖਨੀ ਦੀ ਕੁਖੋਂ ਭਾਦਰੋਂ ਸਦੀ ੯ ਸੰਮਤ ੧੫੫੧ ਬਿਕਰਮੀ (੧੪੯੪ ਈਸਵੀ) ਨੂੰ ਸੁਲਤਾਨ ਪੁਰ ਲੋਧੀ ਵਿਖੇ ਹੋਇਆ ਸੀ। ਉਹਨਾਂ ਦਿਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਉਥੋਂ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਵਿਚ ਮੋਦੀ ਦੇ ਤੌਰ ਤੇ ਕੰਮ ਕਰ ਰਹੇ ਸਨ। ਉਹਨਾਂ ਦੀ ਤੁਰੇ ਮਸ਼ਹੂਰੀ ਵੀ ਬਹੁਤ ਹੋਈ ਕਿਉਂ ਕਿ ਇਕ ਤਾਂ ਆਪ ਜੀ ਨੇ ਨਾਜ ਦੇ ਮੋਦੀ ਖਾਨੇ ਦਾ ਕਾਰ ਸੰਭਾਲਿਆ ਸੀ ਅਤੇ ਦੂਜਾ ਤੋਲਦੇ ਬਰਾਬਰ ਸਨ। ਸੋ ਸ਼ਾਹੀ ਮੋਦੀ ਹੋਣ ਦੇ ਨਾਤੇ ਆਪ ਜੀ ਨੂੰ ਇਕ ਚੰਗਾ ਨਿਵਾਸ ਸਥਾਨ ਮਿਲਿਆ ਹੋਇਆ ਸੀ ਜੋ ਅਜ ਕਲ "ਗੁਰੂ ਕੇ ਬਾਗ" ਨਾਮ ਨਾਲ ਪ੍ਰਸਿਧ ਹੈ। ਬੀਬੀ ਨਾਨਕੀ ਦੀ ਪੱਕੀ ਅਲੱਮ ਹਵੇਲੀ ਸੀ ਜੋ ਕਿ ਸੁਲਤਾਨਪੁਰ ਵਿਖੇ ਛੀਬਿਆਂ ਦੇ ਮਹੱਲੇ ਵਿਚ ਸਥਿਤ ਹੈ। ਸੋ ਉਸ "ਗੁਰੂ ਕੇ ਬਾਗ" ਨਾਮ ਨਿਵਾਸ ਸਥਾਨ ਵਿਖੇ ਬ੍ਰਹਮਚਾਰੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਹੋਇਆ। ਉਦਾਸੀਨ ਸੰਪ੍ਰਦਾਇ ਦੀ ਇਕ ਪਰੰਪਰਾ ਆਪ ਜੀ ਦੇ ਸਿਰ ਬਵਰਾਨ (ਜਟਾਂ) ਅਤੇ ਕੰਨਾਂ ਵਿਚ ਮਾਸ ਦਾ ਮੁੰਦਰਾ ਜਨਮ ਸਮੇਂ ਹੀ ਸੁਭਾਇਮਾਨ ਸੀ। ਬਾਬਾ ਸ੍ਰੀ ਚੰਦ ਜੀ ਦੇ ਉਦਾਸੀ ਸੰਪ੍ਰਦਾਇ ਅਨੁਸਾਰ ਕਸ਼ਮੀਰ ਵਿਖ ਪਰਸ਼ੋਤਮ ਦਾਸ ਕੋਲ ਤੋਂ ਵਿਦਿਆ ਪੜ੍ਹੀ ਅਤੇ ਸ੍ਰੀ ਅਵਿਨਾਸ਼ੀ ਮੁਨੀ ਜੀ ਤੋਂ ਗੁਰ-

←



ਦੀਖਿਆ ਪ੍ਰਾਪਤ ਕੀਤੀ। ਆਪ ਜੀ ਨੇ ਆਪਣਾ ਬਚਪਨ ਦਾ ਕਾਫੀ ਸਮਾਂ ਸੁਲਤਾਨਪੁਰ ਵਿਖੇ ਬੂਆ ਨਾਨਕੀ ਜੀ ਕੋਲ ਗੁਜ਼ਾਰਿਆ ਅਤੇ ਫਿਰ ਜਦ ਨਾਨਕੀ ਜੀ ਅਤੇ ਜੈ ਰਾਮ ਜੀ ਸੁਰਗਵਾਸ ਹੋ ਗਏ ਤਾਂ ਗੁਰੂ ਜੀ ਦੇ ਆਦੇਸ਼ ਨਾਲ ਬਾਬਾ ਸ੍ਰੀ ਚੰਦ ਆਪਣੇ ਛੋਟੇ ਭਰਾ ਲਖਮੀ ਚੰਦ ਅਤੇ ਮਾਤਾ ਸੁਲੱਖਣੀ ਜੀ ਸਮੇਤ ਪਖੋ ਕੇ ਰੰਧਾਵੇ ਵਿਖੇ ਅਜਿਤੇ ਰੰਧਾਵੇ ਕੋਲ ਰਹੇ ਤੇ ਫਿਰ ਨਵੇਂ ਨਗਰ ਕਰਤਾਰਪੁਰ ਚਲੇ ਗਏ।

☐ ਦਵਿੰਦਰ ਸਿੰਘ ਗਿਲ



ੴ

SIKH SOCIETY OF MANITOBA

INCORPORATED

221-Cathcart Street WINNIPEG Manitoba R3R, OS1

(204)889-3096
(Sundays only)

January 8, 1984

KHALSA JI, BEWARE!

The election of the office-bearers of the Sikh Society of Manitoba, Winnipeg, took place on January 30, 1983. A short time after this, articles of defamatory nature, in relation to the Executive and ordinary members of the Sikh Society, started appearing in the Indo-Canadian Times, Punjabi Weekly, Vancouver.

Without going into much details, we the undersigned, affirm that

THERE IS NO TRUTH AT ALL

in the allegations that are being indiscriminately levelled against the ordinary members and office-bearers of the Society.

We also think it necessary to mention here that we firmly believe the **real author of this defamatory material is a welleducated individual, whereas the material is currently being published under the name of a much less educated person.**

WE ARE

1. Sd.——————————
Lahora S. Brar, - President, Year 1983
2. Sd. ——————————
Surjit S. Grewal - President, Year 1982
3. Sd. ——————————
Kultar Singh Sachdev, President, Year 1981
4. Sd. ——————————
Baldev S. Bedi, President, Year 1980
5. Sd.——————————
Sukhdev S. Brar, Secretary, Year 1978
(Note : Dr. Kundan S. Dhillon, President of the Society for the year 1979 has left Canada. Hence the name of Secretary here.)
6. Sd. ——————————
Mohinder S. Sra, - President, Year 1978
7. Sd.——————————
Didar S. Grewal, - President, Year 1977
8. Sd. ——————————
Harbans S. Sidhu, President, Year 1976

ਭਾਜਪਾ ਵਲੋਂ ਪਾਰਟੀ ਵਰਕਰਾਂ ਨੂੰ ਆਮ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ

ਇੰਦੌਰ—ਭਾਜਪਾ ਦੇ ਪ੍ਰਧਾਨ ਅਟਲ ਬਿਹਾਰੀ ਵਾਜਪਾਈ ਨੇ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਸੱਦਾ ਦਿੱਤਾ ਹੈ ਕਿ ਆਮ ਚੋਣਾਂ ਮਿਥੇ ਸਮੇਂ ਤੇ ਹੋਣ ਅਤੇ ਭਾਵੇਂ ਇਹ ਮਿਥੇ ਸਮੇਂ ਤੋਂ ਪਹਿਲਾਂ ਹੋਣ, ਉਹ ਇਹਨਾਂ ਚੋਣਾਂ ਲਈ ਤਿਆਰ ਰਹਿਣ। ਭਾਜਪਾ ਦੀ ਕੌਮੀ ਕੌਂਸਲ ਮੀਟਿੰਗ ਵਿਚ ਆਪਣੇ ਸਮਾਪਤੀ ਭਾਸ਼ਣ ਵਿਚ ਸ੍ਰੀ ਵਾਜਪਾਈ ਨੇ ਕਿਹਾ ਕਿ ਅਸੀਂ ਆਪਣੇ ਕਥਿਤ ਅਸੂਲਾਂ ਦੀ ਕੁਰਬਾਨੀ ਦਿਤੇ ਬਗੈਰ ਸਮਾਨ ਸੋਚ ਵਾਲੀਆਂ ਜਮਹੂਰੀ ਪਾਰਟੀਆਂ ਨਾਲ ਚੋਣ ਗਠਜੋੜ ਲਈ ਅਤੇ ਕੌਮੀ ਜਮਹੂਰੀ ਗਠਜੋੜ (ਐਨ. ਡੀ. ਏ.) ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕਰਾਂਗੇ।

ਭਾਜਪਾ ਦੀ ਕੌਮੀ ਕੌਂਸਲ ਦਾ ਤਿੰਨ ਦਿਨਾਂ ਸੈਸ਼ਨ ਇੰਦੌਰ ਵਿਚ ਬਾਅਦ ਦੁਪਹਿਰ ਸਮਾਪਤ ਹੋ ਗਿਆ। ਹਾਸੇ ਵਾਲੇ ਮਹੌਲ ਦੇ ਦੌਰਾਨ ਵਾਜਪਾਈ ਨੇ ਕਿਹਾ ਕਿ ਇਹ ਸਿਰਫ ਸ੍ਰੀਮਤੀ ਇੰਦਰਾ ਗਾਂਧੀ ਹੀ ਜਾਣਦੀ ਹੈ ਕਿ ਚੋਣਾਂ ਕਦੋਂ ਹੋਣਗੀਆਂ। ਪਰ ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਅਸੀਂ ਨਿਸ਼ਚਿਤ ਤੌਰ ਤੇ ਅੰਦਾਜ਼ਾ ਲਾ ਸਕਦੇ ਹਾਂ।

ਪਾਰਟੀ ਦੀਆਂ ਸੂਬਾ ਇਕਾਈਆਂ ਦੇ ਲੀਡਰਾਂ ਅਤੇ ਆਹੁਦੇਦਾਰਾਂ ਦੀ ਇਕ ਮੀਟਿੰਗ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ਕੌਮੀ ਜਮਹੂਰੀ ਗਠਜੋੜ(ਐਨ. ਡੀ. ਏ.) ਦੀਆਂ ਭਾਈਵਾਲ ਲੋਕ ਦਲ ਅਤੇ ਭਾਜਪਾ ਵਿਚਕਾਰ ਸੀਟਾਂ ਦੀ ਵੰਡ ਬਾਰੇ ਵੀ ਵਿਚਾਰ ਕੀਤੀ। ਇਹ ਗੱਲ ਭਾਜਪਾ ਦੇ ਸਕਤਰ ਵਿਜੈ ਕੁਮਾਰ ਮਲਹੋਤਰਾ ਨੇ ਦਸੀ ਹੈ। ਇਸ ਮੀਟਿੰਗ ਵਿਚ ਹੋਰਾਂ ਤੋਂ ਇਲਾਵਾ ਸ੍ਰੀ ਵਾਜਪਾਈ ਤੇ ਐਲ. ਕੇ. ਅਡਵਾਨੀ ਸ਼ਾਮਲ ਸਨ। ਭਾਜਪਾ ਨੇ ਕਣਕ ਤੇ ਜੌਆਂ ਦੀ ਸਪੋਰਟ ਕੀਮਤ ਵਿਚ ਵਾਧੇ ਨੂੰ ਨਿਗੂਣਾ ਦਸਦਿਆਂ ਇਸ ਬਾਰੇ ਸਰਕਾਰ ਨੂੰ ਮੁੜ ਵਿਚਾਰ ਕਰਨ ਲਈ ਕਿਹਾ ਹੈ।

ਬੱਸ ਲੁੱਟ ਲਈ

ਅੰਮ੍ਰਿਤਸਰ—ਦੇਰ ਨਾਲ ਮਿਲੀ ਖਬਰ ਅਨੁਸਾਰ ਦੋ ਦਿਨ ਪਹਿਲਾਂ 7 ਵਜੇ ਸ਼ਾਮ ਮਾਨਾਵਾਲਾ ਦੇ ਨੇੜੇ ਜੀ. ਟੀ. ਰੋਡ ਤੇ ਬਸ ਮੁਸਾਫਰਾਂ ਨੂੰ ਤਿੰਨ ਡਾਕੂਆਂ ਨੇ ਰਿਵਾਲਵਰ ਵਿਖਾ ਕੇ ਲੁੱਟ ਲਿਆ। ਦਸਿਆ ਜਾਂਦਾ ਹੈ ਕਿ ਤਿੰਨ ਨੌਜਵਾਨ ਬਸ ਵਿਚ ਸਵਾਰ ਹੋ ਗਏ ਅਤੇ ਡਰਾਈਵਰ ਨੂੰ ਬਸ ਖੜੀ ਕਰਨ ਲਈ ਕਿਹਾ ਅਤੇ ਸਭ ਮੁਸਾਫਰ ਜਿਨਾਂ ਵਿਚ ਕੁਝ ਔਰਤਾਂ ਵੀ ਸੀ ਨੂੰ ਲੁੱਟ ਲਿਆ। ਲੁਟੇਰਿਆਂ ਨੇ ਮੁਸਾਫਰਾਂ ਨੂੰ ਕਿਹਾ ਕਿ ਜੇ ਜਾਨ ਦੀ ਖੈਰ ਚਾਹੁੰਦੇ ਹੋ ਤਾਂ ਉਹਨਾਂ ਦੇ ਥੈਲੇ ਵਿਚ ਜੇਵਰ ਘੜੀਆਂ ਅੰਗੂਠੀਆਂ, ਨਕਦੀ ਵਗੈਰਾ ਪਾਉਂਦੇ ਜਾਓ, ਔਰਤਾਂ ਨੇ ਆਪਣੇ ਜੇਵਰ ਉਤਾਰ ਕੇ ਥੈਲੇ ਵਿਚ ਪਾ ਦਿਤੇ ਇਕ ਕਾਰ ਬਸ ਦੇ ਪਿਛੇ ਆ ਰਹੀ ਸੀ ਜੋ ਲੁਟੇਰਿਆਂ ਦੀ ਸੀ। ਉਹ ਕੰਡਕਟਰ ਅਤੇ ਡਰਾਈਵਰ ਤੋਂ ਵੀ ਨਕਦੀ ਖੋਹ ਕੇ ਲੈ ਗਏ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ।

ਐਸ. ਐਂਡ ਐਸ. ਇਨਸ਼ੋਰੈਂਸ, ਨਾਇਬ ਸਿੰਘ ਬਰਾੜ ਤੇ ਬੈਂਸ ਅਕਾਊਂਟਿੰਗ ਨਵੇਂ ਥਾਂ ਮੂਵ

ਵੈਨਕੂਵਰ—ਪੰਜਾਬੀ ਮਾਰਕਿਟ ਵਿਚ ਐਸ. ਐਂਡ ਐਸ. ਇਨਸ਼ੋਰੈਂਸ, ਨਾਇਬ ਸਿੰਘ ਬਰਾੜ ਨੋਟਰੀ ਪਬਲਿਕ ਤੇ ਬੈਂਸ ਟੈਕਸ ਐਂਡ ਅਕਾਊਂਟਿੰਗ ਤਿੰਨੇ ਬਿਜ਼ਨਿਸ ਹੁਣ ਇਕੋ ਥਾਂ ਤੇ ਮੂਵ ਹੋ ਗਏ। ਐਸ. ਐਂਡ. ਐਸ. ਇਨਸ਼ੋਰੈਂਸ ਤੋਂ ਤੁਸੀਂ ਆਪਣੀਆਂ ਹਰ ਤਰ੍ਹਾਂ ਦੀਆਂ ਇਨਸ਼ੋਰੈਂਸ ਲੋੜਾਂ ←

ਪੂਰੀਆਂ ਕਰ ਸਕਦੇ ਹੋ, ਉਥੇ ਨਾਲ ਹੀ ਸ. ਨਾਇਬ ਸਿੰਘ ਬਰਾੜ ਨੋਟਰੀ ਪਬਲਿਕ ਤੁਹਾਨੂੰ ਹਰ ਤਰ੍ਹਾਂ ਦੀਆਂ ਮਾਰਗੇਜ ਦੇ ਕਾਗਜ਼, ਜਾਇਦਾਦ ਲੈਣ ਦੇਣ ਸਬੰਧੀ ਵਡਮੁੱਲੀ ਰਾਇ ਤੇ ਹੋਰ ਕਈ ਸੇਵਾਵਾਂ ਲਈ ਹਾਜ਼ਰ ਮਿਲਣਗੇ। ਬੈਂਸ ਅਕਾਊਂਟਿੰਗ ਦੇ ਸ੍ਰੀ ਰਣਜੀਤ ਸਿੰਘ ਬੈਂਸ ਤੁਹਾਡੇ ਇਨਕਮ ਟੈਕਸ ਫਾਰਮ ਭਰਨ ਲਈ ਤੁਹਾਨੂੰ ਉਤਸੁਕਤਾ ਨਾਲ ਮਿਲਣਗੇ। ਤਿੰਨਾਂ ਸੇਵਾਵਾਂ ਦਾ ਇਕੋ ਥਾਂ ਹੋਣਾ ਪੰਜਾਬੀ ਮਾਰਕਿਟ ਵਿਚ ਆਉਣ ਵਾਲੇ ਵਿਅਕਤੀਆਂ ਲਈ ਵਡਮੁੱਲਾ ਸਮਾਂ ਬਚਾ ਸਕੇਗਾ।

ਮਾਨ ਮਿਊਜ਼ਿਕ ਵੀਡੀਓ ਐਂਡ ਫ਼ੋਟੋ ਸਟੂਡੀਓ

6512 ਮੇਨ ਸਟਰੀਟ, ਵੈਨਕੂਵਰ, ਬੀ. ਸੀ.
(ਪੰਜਾਬੀ ਮਾਰਕਿਟ)

321-6667 **321-6667**

ਪੂਰੀ ਬੀ. ਸੀ. ਵਿਚ ਸਭ ਤੋਂ ਵੱਧ ਹਿੰਦੀ, ਪੰਜਾਬੀ ਗਾਣਿਆਂ ਦੀ ਸਲੈਕਸ਼ਨ ਵਧੀਆ ਕੁਆਲਟੀ LNX SONY Or HITACHI ਦੀਆਂ ਟੇਪਾਂ ਤੇ ਮਿਲ ਸਕਦੀ ਹੈ।

ਸ਼ਬਦ,ਮਸਕੀਨ ਸਾਹਿਬ ਦੀਆਂ ਗੁਰਬਾਣੀ ਵਿਚਾਰ ਅਤੇ ਜਪੁਜੀ ਸਾਹਿਬ ਦੀਆਂ ਪੌੜੀਆਂ ਦੇ ਅਰਥਾਂ ਦੀਆਂ ਟੇਪਾਂ ਬਹੁਤ ਹੀ ਕਲੀਅਰ ਸਟੂਡੀਓ ਵਿਚ ਰਿਕਾਰਡਿਡ ਮਿਲ ਸਕਦੀਆਂ ਹਨ(25 ਟੇਪਾਂ ਦਾ ਸੈਟ), ਧਾਰਮਿਕ ਗੀਤ, ਢਾਡੀਆਂ ਦੀਆਂ ਵਾਰਾਂ, ਦੇਸ਼ ਪਿਆਰ ਦੇ ਗੀਤ, ਪਾਕਿਸਤਾਨੀ ਸਿੰਗਰ ਸਦੀਕ ਸਰੀਫ ਦੀਆਂ ਟੇਪਾਂ, ਡਿਸਕੋ ਗੀਤ, ਫਿਲਮੀ ਗਾਣਿਆਂ ਦੀਆਂ ਟੀਊਨਾਂ ਜਾਣੀ ਸਿਰਫ ਮਿਊਜ਼ਿਕ ਅਤੇ ਗਜ਼ਲਾਂ ਦੀਆਂ ਟੇਪਾਂ ਵਧੀਆ ਕੁਆਲਟੀ ਅਤੇ ਵਧੀਆ ਰਿਕਾਰਡਿੰਗ ਵਿਚ ਖਰੀਦ ਸਕਦੇ ਹੋ।

"ਆਪਣੇ ਮਨ ਪਸੰਦ ਦੇ ਗਾਣਿਆਂ ਦੀ ਲਿਸਟ ਬਣਾ ਕੇ ਲੈ ਆਓ ਜਾਂ ਮੇਲ ਕਰੋ,
ਵਧੀਆ ਕੁਆਲਟੀ ਦੀਆਂ ਟੇਪਾਂ ਭਰ ਕੇ ਦੇਵਾਂਗੇ"

FOR BEST RECORDING

ALWAYS REMEMBER MANN MUSIC

"YOU NAME IT WE HAVE IT"

ਪਾਸਪੋਰਟ ਫ਼ੋਟੋ ਕਲਰ ਜਾਂ ਬਲੈਕ ਐਂਡ ਵਾਈਟ ਸਿਰਫ ਪੰਜ ਮਿੰਟ ਵਿਚ ਖਿਚਵਾਓ ਵਿਆਹ ਸ਼ਾਦੀਆਂ ਦੇ ਮੌਕੇ ਤੇ ਫ਼ੋਟੋ ਖਿਚਵਾਓ ਜਾਂ ਵੀਡੀਓ ਮੂਵੀ ਬਨਵਾਉਣ ਲਈ 'ਗੁਰਪਾਲ ਮਾਨ' ਨੂੰ ਅੱਜ ਹੀ ਫੋਨ ਕਰੋ ਜਾਂ ਮਾਨ ਫੋਟੋ ਸਟੂਡੀਓ ਵਿਚ ਅਜ ਹੀ ਆਓ ਬਾਹਰਲੇ ਟਾਊਨਾਂ ਵਿਚ ਜਾ ਕੇ ਵੀਡੀਓ ਮੂਵੀ ਜਾਂ ਫ਼ੋਟੋ ਖਿਚਣ ਦਾ ਇੰਤਜ਼ਾਮ ਵੀ ਹੈ।

"WE STAND FOR QUALITY"

ਹਰ ਹਫਤੇ ਨਵੀਆਂ ਵੀਡੀਓ ਫਿਲਮਾਂ ਸਾਥੋਂ ਰੈਂਟ ਕਰੋ, ਐਕਸਚੇਂਜ ਕਰੋ ਜਾਂ ਖਰੀਦ ਸਕਦੇ ਹੋ


ਨਵੀਆਂ ਪੰਜਾਬੀ ਫਿਲਮਾਂ :—

ਦੋ ਮਦਾਰੀ — ਮੇਹਰ ਮਿੱਤਲ ਦੀ
ਲਾਜੋ — ਮੇਹਰ ਮਿੱਤਲ ਦੀ
ਰਾਂਝਾ ਇਕ ਤੇ ਹੀਰਾਂ ਦੋ — ਮੇਹਰ ਮਿੱਤਲ ਦੀ
ਹੋਰ ਜਾਣਕਾਰੀ ਲਈ :

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ

ਹਰ ਐਤਵਾਰ ਨੂੰ 12.25 - 1.00 P.M.
8.05 - 9.00 P.M.

800 AM DIAL 3



ਗੁਰਪਾਲ ਮਾਨ

ਐਡ ਦੇਣ ਲਈ ਟੈਲੀਫੋਨ :—

(604)321-6667

(ਪੇਜ 18 ਦੀ ਬਾਕੀ)

"ਕਿਸਾਨਾਂ ਨੇ ਸਾਡੀ ਮਦਦ ਤਾਂ ਕੀਤੀ ਹੀ ਨਹੀਂ ਜਦੋਂ ਕਿ ਉਹਨਾਂ ਲਾਠੀ ਆਦਿ ਲੈ ਕੇ ਸੰਨਿਆਸੀਆਂ ਨਾਲ ਰਲਕੇ ਲੜਾਈ ਕੀਤੀ। ਜੋ ਬਰਤਾਨਵੀ ਫੌਜੀ ਜੰਗਲ ਦੀ ਲੰਮੀ ਘਾਹ ਵਿਚ ਲੁੱਕੇ ਹੋਏ ਸਨ। ਕਿਸਾਨਾਂ ਨੇ ਉਹਨਾਂ ਨੂੰ ਲੱਭਕੇ ਮੌਤ ਦੇ ਘਾਟ ਉਤਾਰ ਦਿਤਾ। ਜੋ ਵੀ ਬਰਤਾਨਵੀ ਫੌਜੀ ਪਿੰਡਾਂ ਵਿਚ ਵੜੇ ਕਿਸਾਨਾਂ ਨੇ ਉਹਨਾਂ ਦਾ ਕਤਲ ਕੀਤਾ ਤੇ ਬੰਦੂਕਾਂ ਉਤੇ ਕਬਜ਼ਾ ਕਰ ਲਿਆ।"

ਕਿਸਾਨ ਕਿਵੇਂ ਬਾਗੀਆਂ ਦਾ ਸਾਥ ਦਿੰਦੇ ਸਨ, ਇਹ ਚਿੱਠੀ ਇਸਦਾ ਜ਼ਿੰਦਾ ਸਬੂਤ ਹੈ। 1 ਮਾਰਚ 1773 ਨੂੰ ਤਿੰਨ ਹਜ਼ਾਰ ਬਾਗੀਆਂ ਨੇ ਮੈਮਨ ਸਿੰਘ ਜ਼ਿਲੇ ਵਿਚ ਬਰਤਾਨਵੀ ਸੈਨਾਪਤੀ ਕੈਪਟਨ ਐਡਵਰਡਜ਼ ਦੀ ਸੈਨਾ ਨਸ਼ਟ ਕਰ ਦਿਤੀ। ਖੁਦ ਐਡਵਰਡ ਮਾਰਿਆ ਗਿਆ। ਕੁਲ ਬਾਰਾਂ ਸੈਨਿਕ ਬਚਕੇ ਭਜ ਸਕੇ। ਇਸ ਲੜਾਈ ਵਿਚ ਇਬ ਸੂਬੇਦਾਰ ਅਤੇ ਇਕ ਦੇਸ਼ੀ ਐਡਜੁਟੈਂਟ ਨੇ ਕਈ ਸਿਪਾਹੀਆਂ ਨੂੰ ਨਾਲ ਲੈ ਕੇ ਬਾਗੀਆਂ ਦੀ ਮਦਦ ਕੀਤੀ। ਬਾਅਦ ਵਿਚ ਇਹ ਦੋਨੋਂ ਅੰਗਰੇਜ਼ਾਂ ਦੇ ਹੱਥ ਆ ਗਏ ਅਤੇ ਤੋਪ ਨਾਲ ਉਡਾ ਦਿਤੇ ਗਏ।

ਬਾਗੀਆਂ ਦੇ ਕੰਮਾਂ ਅਤੇ ਇਹਨਾਂ ਨਾਲ ਕਿਸਾਨਾਂ ਦੇ ਸਹਿਯੋਗ ਨੂੰ ਵਧਦਾ ਦੇਖਕੇ ਗਵਰਨਰ ਜਨਰਲ ਹੇਸਟਿੰਗਜ਼ ਨੇ ਐਲਾਨ ਕੀਤਾ ਕਿ ਜਿਸ ਪਿੰਡ ਦੇ ਕਿਸਾਨ ਬਾਗੀਆਂ ਦੇ ਵਾਰੇ ਬਰਤਾਨਵੀ ਹਾਕਮਾਂ ਨੂੰ ਜਾਣਕਾਰੀ ਦੇਣ ਤੋਂ ਇਨਕਾਰ ਕਰਨਗੇ ਅਤੇ ਬਾਗੀਆਂ ਦੀ ਮਦਦ ਕਰਨਗੇ ਉਹਨਾਂ ਨੂੰ ਗੁਲਾਮਾਂ ਦੀ ਤਰਾਂ ਵੇਚ ਦਿਤਾ ਜਾਵੇਗਾ। ਇਸ ਐਲਾਨ ਦੇ ਮੁਤਾਬਿਕ ਕਈ ਹਜ਼ਾਰ ਕਿਸਾਨਾਂ ਨੂੰ ਗੁਲਾਮ ਬਣਾ ਦਿਤਾ ਗਿਆ। ਕਿੰਨੇ ਹੀ ਕਿਸਾਨਾਂ ਨੂੰ ਪਿੰਡ ਵਿਚ ਹੀ ਫਾਂਸੀ ਦਿਤੀ ਗਈ ਅਤੇ ਉਹਨਾਂ ਦੀਆਂ ਲਾਸ਼ਾਂ ਨੂੰ ਲਟਕਾ ਕੇ ਰਖਿਆ ਗਿਆ ਤਾਂਕਿ ਕਿਸਾਨ ਡਰ ਜਾਣ। ਬਾਗੀ ਹੋਣ ਜਾਂ ਬਾਗੀਆਂ ਨਾਲ ਮੇਲ ਰੱਖਣ ਦਾ ਸ਼ੱਕ ਹੁੰਦੇ ਹੀ ਬਿਨਾਂ ਮਾਮਲਾ-ਮੁਕੱਦਮਾ ਤੇ ਫਾਹੇ ਲਾਉਣ ਦੀਆਂ ਬਹੁਤ ਸਾਰੀਆਂ ਵਾਰਦਾਤਾਂ ਮਿਲਦੀਆਂ ਹਨ। ਜਿਨਾਂ ਨੂੰ ਫਾਂਸੀ ਦਿਤੀ ਜਾਂਦੀ ਉਹਨਾਂ ਦੇ ਪਰਿਵਾਰ ਦੇ ਸਾਰੇ ਜੀਆਂ ਨੂੰ ਗੁਲਾਮ ਬਣਾ ਦਿਤਾ ਜਾਂਦਾ। ਬਰਤਾਨਵੀ ਹਾਕਮਾਂ ਦੇ ਇਹਨਾਂ ਜ਼ੁਲਮਾਂ ਨਾਲ ਕਿਸ ਭਾਰਤਵਾਸੀ ਦਾ ਖ਼ੂਨ ਉਬਾਲੇ ਨਹੀਂ ਖਾਵੇਗਾ?

1774-75 ਵਿਚ ਮਜਨੂੰਸ਼ਾਹ ਨੇ ਬਿਹਾਰ ਅਤੇ ਬੰਗਾਲ ਦੇ ਬਾਗੀਆਂ ਫੇਰ ਤੋਂ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ। 15 ਨਵੰਬਰ 1776 ਨੂੰ ਮਜਨੂੰਸ਼ਾਹ ਦੀ ਫੌਜ ਅਤੇ ਬਰਤਾਨਵੀ ਫੌਜ ਵਿਚ ਉਤਰੀ ਬੰਗਾਲ ਵਿਚ ਟੱਕਰ ਹੋਈ। ਅੰਗਰੇਜ਼ ਫੌਜ ਚੁਪ ਚੁਪੀਤੇ ਬਾਗੀਆਂ ਦੇ ਪੜਾਅ ਕੋਲ ਪਹੁੰਚ ਗਈ ਸੀ। ਬਾਗੀ ਪਹਿਲਾਂ ਪਿਛੇ ਹਟੇ ਅਤੇ ਬਰਤਾਨਵੀ ਫੌਜ ਨੂੰ ਜੰਗਲ ਵਿਚ ਲੈ ਗਏ ਫੇਰ ਅਚਾਨਕ ਮੁੜ ਕੇ ਅੰਗਰੇਜ਼ਾਂ ਉਤੇ ਹੱਲਾ ਕੀਤਾ। ਕਈ ਅੰਗਰੇਜ਼ ਫੌਜੀ ਮਾਰੇ ਗਏ ਅਤੇ ਅੰਗਰੇਜ਼ ਸੈਨਾਪਤੀ ਗੋਲੀ ਦੀ ਮਾਰ ਨਾਲ ਨਕਾਰਾ ਹੋ ਗਿਆ। ਇਸ ਤਰਾਂ ਬਰਤਾਨਵੀ ਫੌਜ ਦੇ ਹੱਥ ਵਿਚੋਂ ਨਿਕਲ ਜਾਣ ਵਿਚ ਮਜਨੂੰਸ਼ਾਹ ਸਫਲ ਹੋਇਆ। ਮਜਨੂੰਸ਼ਾਹ ਨੇ ਕਈ ਸਾਲ ਬੰਗਾਲ ਅਤੇ ਬਿਹਾਰ ਵਿਚ ਘੁੰਮ ਘੁੰਮ ਕੇ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਫੌਜ ਲਈ ਕਿੰਨੇ ਹੀ ਜ਼ਿਮੀਂਦਾਰਾਂ ਤੋਂ ਕਰ(ਟੈਕਸ) ਵਸੂਲ ਕੀਤਾ। ਅੰਗਰੇਜ਼ੀ ਹਾਕਮਾਂ ਨੇ ਉਸਨੂੰ ਵਾਰ ਵਾਰ ਫੜਨ ਦੀ ਕੋਸ਼ਿਸ਼ ਕੀਤੀ ਪਰ ਅਫਸਲ ਰਹੇ।

29 ਦਸੰਬਰ 1786 ਅੰਗਰੇਜ਼ਾਂ ਨਾਲ ਲੜਦੇ ਹੋਏ ਉਹਨਾਂ ਦਾ ਘੇਰਾ ਤੋੜ ਕੇ ਨਿਕਲਦੇ ਹੋਏ ਮਜਨੂੰਸ਼ਾਹ ਸਖਤ ਜ਼ਖਮੀ ਹੋਇਆ ਅਤੇ ਇਕ ਅਧ ਦਿਨ ਬਾਅਦ ਹੀ ਇਸ ਸੰਨਿਆਸੀ ਬਗਾਵਤ ਦੇ ਸ਼ਾਨਦਾਰ ਯੋਧੇ ਦੀ ਮੌਤ ਹੋ ਗਈ।

ਇਸ ਤੋਂ ਬਾਅਦ ਸੰਨਿਆਸੀ ਬਗਾਵਤ ਤੋਂ ਤਕਰੀਬਨ ਵਖ ਹੋ ਗਏ, ਕਿੰਤੂ ਮੂਸਾ ਸ਼ਾਹ ਜੋ ਮਜਨੂੰਸ਼ਾਹ ਦੇ ਭਾਈ ਅਤੇ ਚੇਲੇ ਸਨ ਦੀ ਸਰਦਾਰੀ ਵਿਚ ਬਗਾਵਤਾਂ ਹੁੰਦੀਆਂ ਰਹੀਆਂ। ਮਜਨੂੰਸ਼ਾਹ ਦੇ ਦੋ ਹੋਰ ਚੇਲੇ ਫੇਰਾਗੁਲਸ਼ਾਹ ਅਤੇ ਚਿਰਾਗਅਲੀਸ਼ਾਹ ਦੇ ਨਾਂ ਵੀ ਮਹੱਤਵਪੂਰਨ ਹਨ। ਸਰਦਾਰੀ ਦੀ ਦੁਸ਼ਮਣੀ ਕਾਰਨ ਫੇਰਾਗੁਲ ਸ਼ਾਹ ਨੇ ਮੂਸਾ ਸ਼ਾਹ ਨੂੰ ਮਾਰ ਦਿਤਾ ਸੀ।

ਜੂਨ 1787 ਤੋਂ ਬਾਗੀਆਂ ਦੇ ਮਸ਼ਹੂਰ ਨੇਤਾ ਭਵਾਨੀ ਪਾਠਕ ਅਤੇ ਦੇਵਕੀ ਚੌਧਰਾਣੀ ਦਾ ਨਾਂ ਵੀ ਆਉਂਦਾ ਹੈ। ਅੰਤ ਵਿਚ ਇਕ ਦਿਨ ਭਵਾਨੀ ਪਾਠਕ ਅਤੇ ਉਹਨਾਂ ਦੀ ਛੋਟੀ ਟੁਕੜੀ ਦੇ ਸਾਥੀ ਅੰਗਰੇਜ਼ਾਂ ਦੀ ਵਿਸ਼ਾਲ ਫੌਜ ਦੇ ਘੇਰੇ ਵਿਚ ਆ ਗਿਆ। ਜੱਲ-ਯੁੱਧ ਵਿਚ ਭਵਾਨੀ ਪਾਠਕ ਅਤੇ ਉਸਦੇ ਸਾਥੀ ਮਾਰੇ ਗਏ। ਦੇਵਕੀ ਚੌਧਰਾਣੀ ਇਸ ਤੋਂ ਬਾਅਦ ਵੀ ਲੜਦੀ ਰਹੀ, ਪਰ ਆਖਿਰ ਵਿਚ ਉਸਦਾ ਕੀ ਹੋਇਆ ਕੋਈ ਨਹੀਂ ਜਾਣਦਾ। ਸਤਾਰ੍ਹਵੀਂ ਸਦੀ ਦੇ ਅਖੀਰ ਤਕ ਇਸ ਬਗਾਵਤ ਦਾ ਜ਼ਿਕਰ ਆਉਂਦਾ ਹੈ। ਬੰਗਾਲ ਦੇ ਇਤਿਹਾਸਕਾਰ ਬੰਕਿਮ ਚੰਦਰ ਚਟੋਪਾਧਿਆ ਨੇ ਆਨੰਦ ਮਠ ਵਿਚ ਸੰਨਿਆਸੀ ਬਗਾਵਤ ਦੀ ਜੋ ਤਸਵੀਰ ਪੇਸ਼ ਕੀਤੀ ਹੈ, ਅਸਲੀਅਤ ਇਸਦੇ ਵਿਪਰੀਤ ਹੈ। ਤਾਂ ਵੀ ਆਨੰਦ ਮਠ ਬੰਗਾਲ ਦੇ ਉਗਰਵਾਦੀਆਂ ਦਾ ਬਾਈਬਲ ਅਤੇ ਸੰਨਿਆਸੀ ਬਗਾਵਤ ਉਹਨਾਂ ਦਾ ਆਦਰਸ਼ ਬਣਿਆ।

(ਸਮਾਪਤ)

ਹਿੰਦੀ ਮੂਲ ਪਾਠ, ਸ੍ਰੀ ਅਯੁਧਿਆ ਸਿੰਘ

ਪੰਜਾਬੀ ਰੂਪ : ਇਕਬਾਲ ਕਾਹਲੋਂ

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ

ਸ੍ਰੀਮਤੀ ਇੰਦਰਾ ਗਾਂਧੀ ਔਰਤਾਂ ਨਾਲ ਰਿਆਇਤਾਂ ਦੇ ਵਿਰੁਧ

ਪਟਨਾ—ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੌਕਰੀਆਂ ਵਿਚ ਔਰਤਾਂ ਲਈ ਕਿਸੇ ਕਿਸਮ ਦੇ ਰਾਖਵੇਂਕਰਨ ਜਾਂ ਕਿਸੇ ਕਿਸਮ ਦੀ ਢਿਲ ਦੇ ਵਿਰੁਧ ਹਨ।

ਮਾਰਵਾੜੀ ਔਰਤਾਂ ਦੇ ਇਕ ਗਿਆਰਾਂ ਮੈਂਬਰੀ ਵਫਦ ਨਾਲ ਗਲਬਾਤ ਕਰਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਨੌਕਰੀਆਂ ਸਿਰਫ ਮੈਰਿਟ ਅਤੇ ਯੋਗਤਾ ਦੇ ਅਧਾਰ ਉਤੇ ਹੀ ਮਿਲਣੀਆਂ ਚਾਹੀਦੀਆਂ ਹਨ। ਇਸ ਵਫਦ ਦੀ ਅਗਵਾਈ ਮਾਰਵਾੜੀ ਕਾਨਫਰੰਸ ਦੀ ਕਨਵੀਨਰ ਸ੍ਰੀਮਤੀ ਸੁਸ਼ੀਲਾ ਮੋਹਿਨਕਾ ਕਰ ਰਹੇ ਸਨ। ਵਫਦ ਕਾਨਫਰੰਸ ਵਲੋਂ ਪਾਸ ਕੀਤਾ ਗਿਆ ਮਤਾ ਪ੍ਰਧਾਨ ਮੰਤਰੀ ਨੂੰ ਦੇਣ ਗਿਆ ਸੀ।

ਰੀਨਾ ਰਾਏ ਦੀ ਬਿਨਾਂ ਵੀਜ਼ਾ ਪਾਕਿਸਤਾਨ ਫੇਰੀ

ਜਲੰਧਰ—ਪਤਾ ਲਗਿਆ ਹੈ ਕਿ ਪਾਕਿਸਤਾਨ ਸਰਕਾਰ ਨੇ ਮਸ਼ਹੂਰ ਭਾਰਤੀ ਫਿਲਮ ਐਕਟਰਸ ਰੀਨਾ ਰਾਏ ਨੂੰ ਬਿਨਾਂ ਵੀਜ਼ੇ ਦੇ ਕਰਾਚੀ ਸ਼ਹਿਰ 'ਚ ਦਾਖਲ ਹੋ ਕੇ ਮੋਹਸਿਨ ਖਾਂ ਦੇ ਘਰ ਜਾਣ ਦੇ ਮਗਰੋਂ ਕਰਾਚੀ ਤੋਂ ਬੰਬਈ ਜਾਣ ਦੀ ਇਜਾਜ਼ਤ ਦਿਤੇ ਜਾਣ ਦੇ ਦੋਸ਼ ਵਿਚ ਕਰਾਚੀ ਹਵਾਈ ਅੱਡੇ ਦੇ ਮਹਿਕਮਾ ਐਮੀਗਰੇਸ਼ਨ ਦੇ ਇਕ ਸੀਨੀਅਰ ਅਫਸਰ ਨੂੰ ਨੌਕਰੀ ਤੋਂ ਹਟਾ ਕੇ ਉਸਦੇ ਖਿਲਾਫ ਜਾਂਚ ਸ਼ੁਰੂ ਕਰ ਦਿਤੀ ਹੈ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਰੀਨਾ ਰਾਏ ਲੰਡਨ ਤੋਂ ਹਵਾਈ ਜਹਾਜ਼ ਰਾਹੀਂ ਅਚਾਨਕ ਕਰਾਚੀ ਪਹੁੰਚ ਗਈ ਸ। ਜਿਥੇ ਉਸ ਨੇ ਆਪਣੇ ਪਤੀ ਕ੍ਰਿਕਟ ਦੇ ਖਿਲਾੜੀ ਮੋਹਸਿਨ ਖਾਂ ਅਤੇ ਉਸਦੇ ਰਿਸ਼ਤੇਦਾਰਾਂ ਨੂੰ 2 ਦਿਨ ਮਿਲਣ ਮਗਰੋਂ ਕਰਾਚੀ ਤੋਂ ਬੰਬਈ ਚਲੀ ਗਈ ਸੀ। ਜਦ ਕਿ ਉਸ ਕੋਲ ਪਾਸਪੋਰਟ ਤਾਂ ਸੀ। ਪਰ ਕਰਾਚੀ ਵਿਖੇ ਦੋ ਦਿਨ ਰਹਿਣ ਦਾ ਵੀਜ਼ਾ ਨਹੀਂ ਸੀ।

ਬੱਸ ਹਾਦਸੇ 'ਚ 20 ਸਵਾਰੀਆਂ ਫੱਟੜ

ਅਜਨਾਲਾ—ਇਥੋਂ 12 ਕਿਲੋਮੀਟਰ ਦੂਰ ਪਿੰਡ ਥੋਬਾ ਨਜ਼ਦੀਕ ਬੱਸ-ਟਰੱਕ ਹਾਦਸੇ 'ਚ 20 ਦੇ ਕਰੀਬ ਸਵਾਰੀਆਂ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਜਨਾਲਾ ਤੋਂ ਪੰਜਾਬ ਰੋਡਵੇਜ਼ ਦੀ ਇਕ ਬੱਸ ਡੇਰਾ ਬਾਬਾ ਨਾਨਕ ਜਾ ਰਹੀ ਸੀ ਕਿ ਕਸਬਾ ਰਾਮਦਾਸ ਵਲੋਂ ਤੇਜ਼ ਆ ਰਿਹਾ ਟਰੱਕ ਬੱਸ ਨਾਲ ਇੰਨੀ ਜ਼ੋਰ ਨਾਲ ਟਕਰਾਇਆ ਕਿ ਬੱਸ ਇੰਜਨ ਬਾਡੀ ਵਿਚ ਧੱਸ ਗਿਆ। ਨਤੀਜੇ ਵਜੋਂ 20 ਦੇ ਕਰੀਬ ਸਵਾਰੀਆਂ ਬੁਰੀ ਤਰਾਂ ਜ਼ਖਮੀ ਹੋ ਗਈਆਂ ਜਿੰਨ੍ਹਾਂ ਨੂੰ ਮੁਢਲੀ ਡਾਕਟਰੀ ਸਹਾਇਤਾ ਲਈ ਨੇੜੇ ਦੇ ਹਸਪਤਾਲ 'ਚ ਦਾਖਲ ਕਰਾਇਆ ਗਿਆ।

'ਕੈਨੇਡੀਅਨ ਸਰਪਲਸ' ਵਿਚ 15 ਜਨਵਰੀ ਨੂੰ ਖੜ੍ਹਨ ਲਈ ਵੀ ਥਾਂ ਨਹੀਂ ਸੀ

ਸਰੀ—ਸ਼ਾਲੀਮਾਰ ਗਿਫਟਸ ਦੇ ਮਾਲਕ ਸ੍ਰੀ ਹਰਭਜਨ ਸਿੰਘ ਖਾਲਸਾ ਨੇ ਸਰੀ ਵਿਚ ਕੈਨੇਡੀਅਨ ਸਰਪਲਸ ਸਟੋਰ ਖੋਲ੍ਹ ਕੇ ਧੁੰਮਾਂ ਪਾ ਦਿਤੀਆਂ ਹਨ। ਉਨ੍ਹਾਂ ਦਾ ਪਹਿਲਾ ਸਟੋਰ ਸ਼ਾਲੀਮਾਰ ਗਿਫਟਸ ਵੀ ਬੜੀ ਹੀ ਖੁਲ੍ਹੀ ਜਗ੍ਹਾ ਤੇ ਹੈ ਪਰ ਕੈਨੇਡੀਅਨ ਸਰਪਲਸ ਵਿਚ ਏਨੀ ਜ਼ਿਆਦਾ ਥਾਂ ਹੋਣ ਦੇ ਬਾਵਜੂਦ 15 ਜਨਵਰੀ ਨੂੰ ਤਿਲ ਸੁੱਟਣ ਦੀ ਥਾਂ ਨਹੀਂ ਸੀ। ਗਿਆਰਾਂ ਵਜੇ ਤਕ ਉਨ੍ਹਾਂ ਕੋਲੋਂ ਫਰੀ ਪੇਸ਼ਕਸ਼ ਸੌਕਟ ਸੈਟ ਲੈ ਕੇ ਸੌ ਤੋਂ ਵੱਧ ਗਾਹਕ ਜਾ ਵੀ ਚੁਕੇ ਸਨ। ਤੇ ਗਿਆਰਾਂ ਵਜੇ ਦੇ ਕਰੀਬ ਕੈਨੇਡੀਅਨ ਸਰਪਲਸ ਤੇ ਮੇਲੇ ਵਾਂਗ ਇਕੱਠ ਸੀ ਤੇ ਲੋਕ ਧੜਾ ਧੜ ਸਾਮਾਨ ਖਰੀਦੀ ਜਾ ਰਹੇ ਸਨ।

ਸ੍ਰੀ ਹਰਭਜਨ ਸਿੰਘ ਖਾਲਸਾ ਇਸ ਨਵੇਂ ਸਟੋਰ ਦੇ ਉਦਘਾਟਨ ਸਮੇਂ ਬੇਹੱਦ ਪ੍ਰਸੰਨ ਸਨ ਇਸ ਦਾ ਸਭ ਤੋਂ ਵੱਡਾ ਕਾਰਨ ਹਰਭਜਨ ਸਿੰਘ ਪਰਵਾਰ ਦਾ ਮਿਹਨਤੀ ਸੁਭਾਅ ਤੇ ਮਿੱਠੀ ਬੋਲਚਾਲ ਹੈ।

ਮੈਂ ਜਦੋਂ ਹਉਕਾ ਲਿਆ ਤੂੰ ਤਾਂ ਨਹੀਂ,
ਹਾਂ! ਸਿਸਕਦੀ ਪੌਣ ਗਲ ਨੂੰ ਆ ਮਿਲੀ।

ਕਾਂਸਟੇਬਲ ਉਤੇ ਹਮਲਾ

ਅੰਮ੍ਰਿਤਸਰ—ਬੀਤੀ ਸ਼ਾਮ ਇਥੇ ਉਸ ਵੇਲੇ ਸਨਸਨੀ ਫੈਲ ਗਈ ਜਦ ਸਕੂਟਰ ਸਵਾਰ ਦੋ ਨੌਜਵਾਨਾਂ ਵਲੋਂ ਟਰੈਫਿਕ ਕੰਨਸਟੇਬਲ ਤੇ ਅਚਾਨਕ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿਤਾ ਇਸ ਦੌਰਾਨ ਸੀ. ਆਰ. ਪੀ. ਦੀਆਂ 2 ਗਡੀਆਂ ਇਧਰੋਂ ਗੁਜਰੀਆਂ ਤਾਂ ਸੀ. ਆਰ. ਪੀ. ਨੇ ਦੋਹਾਂ ਨੂੰ ਗਰਿਫਤਾਰ ਕਰਕੇ ਥਾਣਾ 'ਚ ਲੈ ਗਏ।

ਸੰਨਿਆਸੀ ਬਗਾਵਤ

1763-1800

ਕਿਸ਼ਤ ਚੌਥੀ

(ਅੰਗਰੇਜ਼ ਸਮਾਰਾਜੀਆਂ ਦੇ ਭਾਰਤ ਉਪਰ ਅਧਿਕਾਰ ਕਰਨ ਦੇ ਮੁਢਲੇ ਦਿਨਾਂ ਵਿਚ ਦੇਸ਼ ਦੇ ਲੋਕਾਂ ਦੀ ਇਹ ਪਹਿਲੀ ਇਤਿਹਾਸਕ ਬਗਾਵਤ ਹੈ। ਅਸੀਂ ਪਾਠਕਾਂ ਨੂੰ ਇਸ ਮਹਾਨ ਬਗਾਵਤ ਬਾਰੇ ਜਾਣਕਾਰੀ ਦੇਣ ਲਈ, ਇਤਿਹਾਸਕਾਰ ਅਯੁਧਿਆ ਸਿੰਘ ਰਚਤ "ਭਾਰਤ ਕਾ ਮੁਕਤੀ ਸੰਗਰਾਮ" (ਹਿੰਦੀ) ਚੋਂ ਪੰਜਾਬੀ ਰੂਪ ਵਿਚ ਦੇ ਰਹੇ ਹਾਂ। ਅਨੁਵਾਦਕ)

ਅੰਗਰੇਜ਼ ਸਾਮਰਾਜਵਾਦੀਆਂ ਨੇ ਧੋਖੇ ਅਤੇ ਤਾਕਤ ਨਾਲ ਭਾਰਤ ਉਤੇ ਕਬਜ਼ਾ ਕੀਤਾ ਅਤੇ ਇਸ ਨੂੰ ਕਈ ਢੰਗਾਂ ਨਾਲ ਲੁੱਟ ਕੇ ਤਬਾਹ ਕੀਤਾ। ਕੀ ਭਾਰਤ ਦੀ ਜਨਤਾ ਇਹਨਾਂ ਦੀ ਲੁੱਟ ਖਸੁਟ ਨੂੰ ਚੁਪ ਚਾਪ ਦੇਖਦੀ ਰਹੀ? ਇਤਿਹਾਸਕ ਸਾਮਗਰੀ ਤੋਂ ਸਾਫ ਜ਼ਾਹਿਰ ਹੈ ਕਿ ਇਸ ਨੇ ਇਸ ਤਰਾਂ ਨਹੀਂ ਕੀਤਾ। ਭਾਰਤੀ ਜਨਤਾ ਨੇ ਵਾਰ ਵਾਰ ਬਗਾਵਤ ਕਰਕੇ ਅੰਗਰੇਜ਼ ਲੁਟੇਰਿਆਂ ਅਤੇ ਉਹਨਾਂ ਦੇ ਗੁਰਗਿਆਂ-ਜ਼ਿਮੀਂਦਾਰਾਂ ਅਤੇ ਸ਼ਾਹੂਕਾਰਾਂ ਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਭਾਰਤੀ ਜਨਤਾ ਦੇ ਇਸ ਸੰਗਰਾਮ ਨੇ ਵੱਖਰੇ ਵੱਖਰੇ ਸਮੇਂ ਵਿਚ ਵੱਖਰੇ ਵੱਖਰੇ ਰੂਪ ਧਾਰਨ ਕੀਤੇ। ਭਾਵ ਹਿਸਾ ਲੈਣ ਵਾਲੇ ਵਰਗਾਂ ਅਤੇ ਢੰਗਾਂ ਦੇ ਅਨੁਸਾਰ ਇਹਨਾਂ ਸੰਘਰਸ਼ਾਂ ਦੇ ਕਈ ਰੂਪ ਹਨ।

ਪਲਾਸੀ ਅਤੇ ਬਕਸਰ ਦੇ ਯੁਧਾਂ ਵਿਚ ਅੰਗਰੇਜ਼ ਪੂੰਜੀਵਾਦੀਆਂ ਦੀ ਜਿੱਤ ਤੋਂ ਪਿਛੋਂ ਹੀ ਅਸੀਂ ਕਿਸਾਨਾਂ ਅਤੇ ਕਾਰੀਗਰਾਂ ਨੂੰ ਇਹਨਾਂ ਨਵੇਂ ਲੁਟੇਰਿਆਂ ਅਤੇ ਇਹਨਾਂ ਦੇ ਪਿੱਠੂ ਜਗੀਰਦਾਰਾਂ ਦੇ ਵਿਰੁਧ ਸੰਘਰਸ਼ ਵਿਚ ਲੱਗੇ ਹੋਏ ਵੇਖਦੇ ਹਾਂ।

ਇਹਨਾਂ ਦਾ ਪਹਿਲਾ ਵਿਦਰੋਹ ਇਤਿਹਾਸ ਵਿਚ ਸੰਨਿਆਸੀ ਵਿਦਰੋਹ ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਵਿਦਰੋਹ 1763 ਵਿਚ ਬੰਗਾਲ ਅਤੇ ਬਿਹਾਰ ਵਿਚ ਸ਼ੁਰੂ ਹੋਇਆ ਅਤੇ 1800 ਈ: ਤਕ ਚਲਦਾ ਰਿਹਾ।

ਇਸ ਬਗਾਵਤ ਵਿਚ ਹਿਸਾ ਲੈਣ ਵਾਲੇ ਕੌਣ ਸਨ? ਇਹਨਾਂ ਦਾ ਨਾਂ ਸੰਨਿਆਸੀ ਵਿਦਰੋਹ ਕਿਉਂ ਪਿਆ? ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਵਾਰੇਨ ਹੇਸਟਿੰਗਜ਼ ਨੇ ਇਸ ਬਗਾਵਤ ਨੂੰ ਸੰਨਿਆਸੀ ਬਗਾਵਤ ਦਾ ਨਾਂ ਦਿਤਾ। ਇਸ ਨੂੰ ਹਿੰਦੋਸਤਾਨੀ ਘੁਮੱਕੜਾਂ ਦਾ ਪੇਸ਼ੇਵਰ ਫਸਾਦ ਡਾਕੂ ਅਤੇ ਡਕੈਤੀ ਕਿਹਾ। ਕਿੰਨੇ ਹੀ ਇਤਿਹਾਸਕਾਰਾਂ ਨੇ ਹੇਸਟਿੰਗਜ਼ ਦੇ ਸੁਰ ਨਾਲ ਸੁਰ ਮਿਲਾਇਆ। ਪਰ ਸਰਕਾਰੀ ਦਸਤਾਵੇਜ਼ਾਂ ਦੀ ਛਾਣ ਬੀਣ ਕਰਨ ਨਾਲ ਪਤਾ ਲਗਦਾ ਹੈ ਕਿ ਹਿੰਦੁਸਤਾਨੀ ਜ਼ਿਮੀਂਦਾਰਾਂ ਅਤੇ ਅੰਗਰੇਜ਼ ਲੁਟੇਰਿਆਂ ਦੇ ਖਿਲਾਫ ਇਹ ਪਹਿਲੀ ਕਿਸਾਨੀ ਬਗਾਵਤ ਸੀ। ਬਗਾਵਤੀ ਫੌਜ ਜਾਂ ਇਸਦੇ ਨੇਤਾ ਜਿਥੇ ਵੀ ਗਏ ਸਾਧਾਰਣ ਕਿਸਾਨਾਂ ਨੇ ਇਹਨਾਂ ਦਾ ਸਵਾਗਤ ਕੀਤਾ। ਇਸ਼ਦੀ ਸਹਾਇਤਾ ਅਤੇ ਵਿਦਰੋਹੀ ਫੌਜ ਵਿਚ ਸ਼ਾਮਿਲ ਹੋ ਕੇ ਇਸਦੀ ਤਾਕਤ ਵਧਾਈ।

ਭਾਰਤ ਦਾ ਸਰਕਾਰੀ ਇਤਿਹਾਸ ਅਤੇ ਗਜ਼ਟਰਾਂ ਦੇ ਰਚਣ ਵਾਲੇ ਸਰ ਵਿਲੀਅਮ ਹੰਟਰ ਨੇ ਜੋ ਖੁਦ ਅੰਗਰੇਜ਼ ਸ਼ਾਸਕਾਂ ਦੀ ਜੁੰਡੀ ਦਾ ਸੀ ਸਾਫ ਸ਼ਬਦਾਂ ਵਿਚ ਲਿਖਿਆ ਕਿ ਸੰਨਿਆਸੀ ਬਗਾਵਤ ਇਕ ਕਿਸਾਨ ਬਗਾਵਤ ਸੀ।

ਇਹ ਬਾਗੀ ਹੋਰ ਕੋਈ ਨਹੀਂ ਮੁਗਲ ਸਾਮਰਾਜ ਦੀ ਸੈਨਾ ਦੇ ਬੇਕਾਰੀ ਅਤੇ ਭੁੱਖ ਨਾਲ ਪੀੜਤ ਸੈਨਿਕ, ਭੂਮੀਹੀਨ ਅਤੇ ਗਰੀਬ ਕਿਸਾਨ ਸਨ। ਹੰਟਰ ਲਿਖਦਾ ਹੈ ਕਿ "ਇਹ ਜੀਵਨ ਜੀਣ ਦਾ ਆਖਰੀ ਸਹਾਰਾ ਲੈਣ ਨੂੰ ਮਜ਼ਬੂਰ ਸਨ। ਇਹ ਅਖਾਉਤੀ ਘਰ ਤਿਆਗੀ ਅਤੇ ਸਰਵ ਤਿਆਗੀ ਸੰਨਿਆਸੀਆਂ ਦੇ ਰੂਪ ਵਿਚ ਪੰਜਾਹ ਪੰਜਾਹ ਹਜ਼ਾਰ ਦੇ ਦਲਾਂ ਵਿਚ ਸਾਰੇ ਦੇਸ਼ ਵਿਚ ਘੁੰਮਦੇ ਸਨ।" ਸਰਕਾਰੀ ਇਤਿਹਾਸ ਅਤੇ ਗਜ਼ਟ ਦੇ ਰਚਣਕਾਰੀਆਂ ਵਿਚੋਂ ਪਰਮੁਖ ਅਤੇ ਅੰਗਰੇਜ਼ੀ ਪ੍ਰਸ਼ਾਸਕ ਓਮੇਲੀ ਹੰਟਰ ਨੇ ਇਸ ਮੱਤ ਨੂੰ ਦੋਹਰਾਇਆ ਹੈ। ਉਸਦੇ ਮਤ ਅਨੁਸਾਰ ਬਾਗੀ "ਤਬਾਹ ਹੋਈ ਫੌਜ ਦੇ ਫੌਜੀ ਅਤੇ ਸਰਵਹਾਰਾ ਕਿਸਾਨ ਸਨ।" ਮੁਗਲ ਸਾਮਰਾਜ ਦੇ ਖਾਤਮੇਂ ਦੇ ਕਾਰਨ ਬਹੁਤ ਸਾਰੇ ਫੌਜੀਆਂ ਦੀ ਰੋਜ਼ੀ ਮਾਰੀ ਗਈ ਸੀ: ਉਹਨਾਂ ਦੀ ਕੁਲ ਗਿਣਤੀ ਵੀਹ ਲੱਖ ਸੀ। "ਜ਼ਮੀਨ ਤੋਂ ਬੇਦਖਲ ਸਰਵਹਾਰਾ ਕਿਸਾਨਾਂ ਅਤੇ ਕਾਰੀਗਰਾਂ ਨੇ ਇਹਨਾਂ ਦੀ ਗਿਣਤੀ ਵਧਾਈ।"

ਮਿਲਦੇ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਬਗਾਵਤ ਵਿਚ ਮੁਖ ਤਿੰਨ ਸ਼ਕਤੀਆਂ ਸ਼ਾਮਿਲ ਸਨ।

1. ਮੋਢੀ ਸਨ ਬੰਗਾਲ ਅਤੇ ਬਿਹਾਰ ਦੇ ਕਾਰੀਗਰ ਅਤੇ ਕਿਸਾਨ ਜਿਹਨਾਂ ਨੂੰ ਅੰਗਰੇਜ਼ ਪੂੰਜੀਵਾਦੀਆਂ ਨੇ ਤਬਾਹ ਕਰ ਦਿਤਾ ਸੀ।
2. ਦਮ ਤੋੜਦੇ ਹੋਏ ਮੁਗਲ ਸਾਮਰਾਜ ਦੀ ਟੁਟੀ ਹੋਈ ਫੌਜ ਦੇ ਬੇਕਾਰੀ ਅਤੇ ਭੁੱਖ ਦੇ ਸਤਾਏ ਫੌਜੀ ਜੋ ਅਸਲ ਵਿਚ ਕਿਸਾਨਾਂ ਦੇ ਹੀ ਪਰਿਵਾਰ ਵਿਚੋਂ ਸਨ।
3. ਸਾਧੂ ਅਤੇ ਫਕੀਰ ਜੋ ਬੰਗਾਲ ਬਿਹਾਰ ਵਿਚ ਵਸ ਗਏ ਸੀ ਅਤੇ ਕਿਸਾਨੀ ਕਰਨ ਲਗ ਪਏ ਸਨ।

ਕਿਸਾਨ ਇਸ ਵਿਦਰੋਹ ਦੀ ਮੂਲ ਸ਼ਕਤੀ ਸਨ। ਬੇਕਾਰ ਅਤੇ ਭੁੱਖੇ ਫੌਜੀਆਂ ਨੇ ਇਹਨਾਂ ਨੂੰ ਫੌਜ ਦੇ ਰੂਪ ਵਿਚ ਇਕੱਠੇ ਕੀਤਾ ਅਤੇ ਸੰਘਰਸ਼ ਨੂੰ ਸਮੇਂ ਅਨੁਸਾਰ ਚਲਾਇਆ। ਸੰਨਿਆਸੀਆਂ ਅਤੇ ਫਕੀਰਾਂ ਨੇ ਆਤਮ ਬਲੀਦਾਨ ਦਾ ਆਦਰਸ਼ ਅਤੇ ਬਿਦੇਸ਼ੀ ਪੂੰਜੀਵਾਦੀਆਂ ਤੋਂ ਦੇਸ਼ ਦੀ ਆਜ਼ਾਦੀ ਦਾ ਉਦੇਸ਼ ਨਿਰਧਾਰਤ ਕੀਤਾ। ਲੈਸਟਰ ਹਚਿਸਨ ਨਾਮੀ ਇਤਿਹਾਸਕਾਰ ਨੇ ਆਪਣਾ ਮਤ ਪ੍ਰਗਟ ਕਰਦੇ ਹੋਏ ਲਿਖਿਆ ਹੈ ਕਿ "ਸਾਧਾਂ ਅਤੇ ਫਕੀਰਾਂ ਨੇ ਜੁਝਾਰੂ ਕਿਸਾਨਾਂ ਅਤੇ ਕਾਰੀਗਰਾਂ ਦੇ ਸਾਹਮਣੇ ਵਿਦੇਸ਼ੀਆਂ ਦੇ ਸ਼ਕੰਜੇ ਵਿਚੋਂ ਦੇਸ਼ ਦੀ ਆਜ਼ਾਦੀ ਅਤੇ ਧਰਮ ਰਖਿਆ ਦਾ ਆਦਰਸ਼ ਪੇਸ਼ ਕੀਤਾ।" ਉਸ ਨੇ ਲਿਖਿਆ ਹੈ "ਸੰਨਿਆਸੀਆਂ ਜੋ ਕਿ ਧਰਮ ਭਿਖਸ਼ੂ ਸਨ, ਕਿਸਾਨਾਂ ਦੇ ਅਰਥਨੈਤਕ ਵਿਦਰੋਹ ਨੂੰ ਧਾਰਮਿਕ ਪ੍ਰੇਰਨਾ ਦਿਤੀ।" ਉਹਨਾਂ ਸਿਖਿਆ ਦਿਤੀ ਕਿ ਦੇਸ਼ ਨੂੰ ਮੁਕਤ ਕਰਾਉਣਾ ਹੀ ਸਭ ਤੋਂ ਵੱਡਾ ਧਰਮ ਹੈ। ਗੁਲਾਮ ਜਾਤੀ ਦੀ ਮੁਕਤੀ ਲਈ ਸਰਵ ਤਿਆਗ, ਮਾਂ ਧਰਤੀ ਵਿਚ ਅਟੁੱਟ ਭਗਤੀ, ਜ਼ੁਲਮ ਦੇ ਖਾਤਮੇ ਅਤੇ ਹੱਕ ਦੀ ਇਜ਼ਤ ਲਈ 'ਸੰਨਿਆਸੀ ਮੁਖ' ਅਤੇ ਮਜ਼ਬੂਤ ਵਿਦੇਸ਼ੀ ਤਾਕਤ ਦੇ ਖਿਲਾਫ ਦੇਸ਼ ਵਾਸੀਆਂ ਦੇ ਇਕੱਠ ਦਾ ਉਭਰਨਾ - ਇਹ ਸਾਰੇ ਉਸ ਸਭ ਤੋਂ ਵੱਡੇ ਧਰਮ ਦੀ ਸੇਵਾ ਦੇ ਸਹੀ ਰਾਹ ਹਨ।

ਡਾ: ਭੂਪੇਂਦਰਨਾਥ ਦੱਤ ਨੇ ਲਿਖਿਆ ਹੈ "ਢਾਕਾ ਦੇ ਰਮਨਾਕਾਲੀ ਮੰਦਰ ਦੇ ਸਵਾਮੀ ਜੀ ਕਿਹਾ ਕਰਦੇ ਸਨ ਕਿ "ਸੰਨਿਆਸੀ ਯੋਧਾ ਓਮ ਬੰਦੇ ਮਾਤਰਮ ਦਾ ਰਟਨਾਦ ਕਰਦੇ ਹੁੰਦੇ ਸਨ। ਬੰਗਾਲ ਅਤੇ ਬਿਹਾਰ ਵਿਚ ਫੈਲੇ ਇਸ ਵਿਦਰੋਹ ਦੇ ਨੇਤਾ ਸਨ ਮਜਨੂੰ ਸ਼ਾਹ, ਮੂਸਾ ਸ਼ਾਹ, ਚਿਰਾਗ ਅਲੀ, ਭਵਾਨੀ ਪਾਠਕ, ਦੇਵਕੀ ਚੌਧਰਾਣੀ, ਕ੍ਰਿਪਾਲਨਾਥ, ਨੂਰੁਲ ਮੁਹੰਮਦ, ਪੀਤਾਂਬਰ, ਅਨੂਪ ਨਰੈਣ, ਸ੍ਰੀ ਨਿਵਾਸ ਆਦਿ। ਇਹਨਾਂ ਵਿਚੋਂ ਮਜਨੂੰ ਸ਼ਾਹ ਦੀ ਦੇਣ ਸਲਾਹੁਣਯੋਗ ਹੈ। ਇਹ ਬਾਗੀ ਸੈਂਕੜੇ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਨੇਤਾ ਦੀ ਸਰਦਾਰੀ ਵਿਚ ਚਲਦੇ ਈਸਟ ਇੰਡੀਆ ਕੰਪਨੀ ਦੀਆਂ ਕੋਠੀਆਂ ਅਤੇ ਜ਼ਿਮੀਂਦਾਰਾਂ ਦੀਆਂ ਕਚਹਿਰੀਆਂ ਨੂੰ ਲੁੱਟਦੇ ਅਤੇ ਉਹਨਾਂ ਤੋਂ ਲਗਾਨ ਵਸੂਲ ਕਰਦੇ। ਅੰਗਰੇਜ਼ੀ ਹਾਕਮਾਂ ਨੇ ਇਹਨਾਂ ਨੂੰ ਡਾਕੂਆਂ ਦਾ ਨਾਂ ਦਿਤਾ ਪਰ ਗਲ ਇਸਦੇ ਉਲਟ ਸੀ। ਡਕੈਤ ਤਾਂ ਅੰਗਰੇਜ਼ ਹਾਕਮ ਸਨ, ਜਿਹੜੇ ਹਿਦੁਸਤਾਨ ਦੀ ਜਨਤਾ ਨੂੰ ਲੁੱਟ ਰਹੇ ਸਨ ਅਤੇ ਤਬਾਹ ਕਰ ਰਹੇ ਸਨ। ਇਹ ਬਾਗੀ ਇਹਨਾਂ ਬਿਦੇਸ਼ੀ ਡਾਕੂਆਂ ਅਤੇ ਉਹਨਾਂ ਦੇ ਦੇਸੀ ਭਾਈਵਾਲਾਂ ਦੇ ਖਿਲਾਫ ਲੜ ਰਹੇ ਸਨ, ਉਹਨਾਂ ਨੂੰ ਖਦੇੜਨ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਕਿਤੇ ਵੀ ਮਿਸਾਲ ਨਹੀਂ ਮਿਲਦੀ ਕਿ ਉਹਨਾਂ ਨੇ ਗਰੀਬਾਂ ਨੂੰ ਸਤਾਇਆ ਹੋਵੇ। ਇਸਦੇ ਉਲਟ ਹਜ਼ਾਰਾਂ ਉਦਾਹਰਣ ਮਿਲਦੇ ਹਨ, ਜਿਥੇ ਕਿਸਾਨਾਂ ਨੇ ਬਾਗੀਆਂ ਦੀ ਮਦਦ ਕੀਤੀ ਉਹਨਾਂ ਨੂੰ ਰਸਦ ਦਿਤੀ, ਟਿਕਾਣਾ ਦਿਤਾ ਅਤੇ ਉਹਨਾਂ ਨਾਲ ਮਿਲਕੇ ਬਰਤਾਨਵੀ ਫੌਜ ਦਾ ਮੁਕਾਬਲਾ ਕੀਤਾ। ਇਹਨਾਂ ਬਾਗੀਆਂ ਦਾ ਸਭ ਤੋਂ ਪਹਿਲਾ ਹਮਲਾ ਢਾਕੇ ਦੀ ਈਸਟ ਇੰਡੀਆ ਕੰਪਨੀ ਦੀ ਕੋਠੀ ਉਤੇ ਹੋਇਆ। ਇਹ ਕੋਠੀ ਢਾਕਾ ਦੇ ਜੁਲਾਹਿਆਂ, ਬੁਨਕਰਾਂ ਅਤੇ ਕਾਰੀਗਰਾਂ ਉਤੇ ਹੋਏ ਜ਼ੁਲਮਾਂ ਦਾ ਅੱਡਾ ਸੀ ਉਹਨਾਂ ਦੀ ਤਬਾਹੀ ਅਤੇ ਬਰਬਾਦੀ ਦਾ ਕਾਰਨ ਸੀ। ਇਸੇ ਕਾਰਨ ਵਿਦਰੋਹੀਆਂ ਨੇ ਅੰਗਰੇਜ਼ ਸੌਦਾਗਰਾਂ ਦੀ ਲੁੱਟ ਦੇ ਇਸ ਕੇਂਦਰ ਨੂੰ ਖਤਮ ਕਰਨ ਦੀ ਕੋਸ਼ਿਸ਼ ਪਹਿਲਾਂ ਕੀਤੀ।

ਰਾਤ ਦੇ ਹਨੇਰੇ ਵਿਚ ਬਾਗੀਆਂ ਨੇ ਕੋਠੀ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। 'ਓਮ ਬੰਦੇ ਮਾਤਰਮ' ਦਾ ਨਾਹਰਾ ਬੁਲੰਦ ਕਰਕੇ ਰਮਨਾ ਦੇ ਕਾਲੀ ਮੰਦਰ ਦੇ ਮਹਾਰਾਸ਼ਟਰੀ ਸਵਾਮੀ ਦੇ ਕਥਿਤ ਅਨੁਸਾਰ ਉਹਨਾਂ ਕੋਠੀ ਉਤੇ ਹੱਲਾ ਬੋਲਿਆ। ਕੋਠੀ ਦੇ ਬਰਤਾਨਵੀ ਸੌਦਾਗਰ ਸਾਰੀ ਧਨ ਦੌਲਤ ਛੱਡ ਆਪਣਾ ਖਹਿੜਾ ਛੁਡਾ ਕੇ ਪਿਛਲੇ ਦਰਵਾਜ਼ੇ ਰਾਹੀਂ ਕਿਸ਼ਤੀ ਉਤੇ ਸਵਾਰ ਹੋ ਕੇ ਨੱਠ ਗਏ। ਈਸਟ ਇੰਡੀਆ ਕੰਪਨੀ ਦੇ ਕਰਤਾ-ਧਰਤਾ ਰਾਬਰਟ ਕਲਾਈਵ ਨੇ ਬਰਤਾਨਵੀ ਸੌਦਾਗਰਾਂ ਦੀ ਇਸ ਬੁਜ਼ਦਿਲੀ ਤੋਂ ਨਾਰਾਜ਼ ਹੋ ਕੇ ਇਸ ਕੋਠੀ ਦੇ ਪ੍ਰਬੰਧਕ ਲੈਸਿਸਟਰ ਨੂੰ ਨੌਕਰੀ ਤੋਂ ਹਟਾ ਦਿਤਾ।

ਬਾਗੀਆਂ ਕਾਫੀ ਦਿਨਾਂ ਤਕ ਇਸ ਉਤੇ ਕਬਜ਼ਾ ਕਰੀ ਰਖਿਆ। ਦਸੰਬਰ 1763 ਦੇ ਅਖੀਰ ਵਿਚ ਕੈਪਟਨ ਗਰਾਂਟ ਨਾਮੀ ਇਕ ਅੰਗਰੇਜ਼ ਸੈਨਾਪਤੀ ਨੇ ਵਡੀ ਫੌਜ ਲਿਆ ਕੇ ਘਸਮਾਣ ਦੇ ਯੁੱਧ ਤੋਂ ਬਾਅਦ ਦੁਵਾਰਾ ਕੋਠੀ ਉਤੇ ਕਬਜ਼ਾ ਕੀਤਾ। ਬਾਗੀਆਂ ਨੇ ਦੂਜਾ ਹੱਲਾ ਰਾਜਸ਼ਾਹੀ ਜ਼ਿਲੇ ਦੀ ਰਾਮਪੁਰ ਬੋਆਲਿਆਂ ਦੀ ਅੰਗਰੇਜ਼ ਕੋਠੀ ਉਤੇ ਮਾਰਚ 1763 ਵਿਚ ਕੀਤਾ ਇਹ ਕੋਠੀ ਦੀ ਸਾਰੀ ਧਨ ਦੌਲਤ ਲੈ ਗਏ। ਨਾਲ ਹੀ ਇਸਦੇ ਪ੍ਰਬੰਧਕ ਬੈਨਟ ਨੂੰ ਕੈਦ ਕਰਕੇ ਪਟਨਾ ਭੇਜ ਦਿਤਾ। ਇਥੇ ਬੈਨਟ ਬਾਗੀਆਂ ਦੇ ਹਥੀਂ ਮਾਰਿਆ ਗਿਆ। 1764 ਵਿਚ ਦੁਵਾਰਾ ਹਮਲਾ ਕਰਕੇ ਇਸ ਕੋਠੀ ਅਤੇ ਸਥਾਨਕ ਜ਼ਿਮੀਂਦਾਰਾਂ ਨੂੰ ਲੁੱਟਿਆ। ਕੂਚਬਿਹਾਰ ਦੀ ਗੱਦੀ ਦੇ ਲਈ ਇਸ ਰਾਜ ਦੇ ਸੈਨਾਪਤੀ ਰੁਦਰਨਰੈਣ ਅਤੇ ਰਾਜ਼ਬੰਸ਼ ਦੇ ਵਾਰਿਸ ਵਿਚ ਡੂੰਘੇ ਮਤਭੇਦ ਪੈਦਾ ਹੋ ਗਏ। ਰੁਦਰਨਰੈਣ ਨੇ ਅੰਗਰੇਜ਼ਾਂ ਦੀ ਅਤੇ ਰਾਜਬੰਸ਼ ਨੇ ਮਜ਼ਬੂਰ ਹੋ ਕੇ ਉਤਰ ਬੰਗਾਲ ਦੇ ਬਾਗੀਆਂ ਦੀ ਮਦਦ ਮੰਗੀ। ਅੰਗਰੇਜ਼ ਸੈਨਾਪਤੀ ਲੈਫਟੀਨੈਂਟ ਮੌਗੀਸਨ ਦੇ ਪਹੁੰਚਣ ਤੋਂ ਪਹਿਲਾਂ ਹੀ ਬਾਗੀਆਂ ਨੇ ਕੂਚਬਿਹਾਰ ਉਤੇ ਕਬਜ਼ਾ ਕਰ ਲਿਆ।

1766 ਵਿਚ ਦੀਨਹਾਟਾ ਸਥਾਨ ਤੇ ਮੌਗੀਸਨ ਦੀ ਸੈਨਾ ਨਾਲ ਯੁੱਧ ਹੋਇਆ। ਬਾਗੀਆਂ ਦੇ ਨੇਤਾ ਸਵਾਮੀ ਰਾਮਾਨੰਦ ਗੋਸਾਈ ਸਨ। ਬਹੁਤੀ ਫੌਜ ਅਤੇ ਚੰਗੇ ਜੰਗੀ ਸ਼ਾਸਤਰਾਂ ਕਾਰਨ ਅੰਗਰੇਜ਼ਾਂ ਨੂੰ ਜਿਤ ਹੋਈ। ਪਰ ਦੋ ਦਿਨ ਬਾਅਦ ਹੀ ਬਾਗੀਆਂ ਨੇ ਫੇਰ ਹੱਲਾ ਬੋਲਿਆ। ਅੰਗਰੇਜ਼ੀ ਤੋਪਾਂ ਦੀ ਮਾਰ ਸਾਹਮਣੇ ਬਾਗੀਆਂ ਨੂੰ ਫਿਰ ਪਿਛੇ ਹਟਣਾ ਪਿਆ। ਸਿੱਧੇ ਜੰਗ ਵਿਚ ਦੁਸ਼ਮਣ ਨੂੰ ਹਰਾਉਣਾ ਅਸੰਭਵ ਦੇਖਕੇ ਬਾਗੀ ਛੋਟੇ ਛੋਟੇ ਦਲਾਂ ਵਿਚ ਵਿਖਰ ਗਏ, ਅਤੇ ਛਾਪਾਮਾਰ ਯੁਧ ਦੀ ਨੀਤੀ ਅਪਣਾ ਲਈ। ਪਹਿਲਾਂ ਉਹਨਾ ਅੰਗਰੇਜ਼ ਫੌਜ ਨੂੰ ਕਮਜ਼ੋਰ ਕੀਤਾ ਅਤੇ ਫਿਰ ਅਗਸਤ 1766 ਅੰਤ ਵਿਚ 400 ਬਾਗੀ ਮੌਗੀਸਨ ਦੀ ਫੌਜ ਉਤੇ ਟੁੱਟ ਪਏ। ਡਟਵੀਂ ਲੜਾਈ ਤੋਂ ਬਾਅਦ ਮੌਗੀਸਨ ਦੀ ਸੈਨਾ ਭੱਜ ਖੜੀ ਹੋਈ। 30 ਅਕਤੂਬਰ 1766 ਨੂੰ ਇਕ ਚਿੱਠੀ ਵਿਚ ਇਸ ਲੜਾਈ ਦਾ ਜ਼ਿਕਰ ਕਰਦੇ ਹੋਏ 'ਕੈਪਟਨ ਰੌਲਨ' ਨੇ ਲਿਖਿਆ:

"ਸਾਡੀ ਰਾਖੀ ਘੋੜਸਵਾਰ ਫੌਜ ਦੇ ਦੂਰ ਜਾਂਦੇ ਹੀ ਦੁਸ਼ਮਣ ਨੰਗੀਆਂ ਤਲਵਾਰਾਂ ਹੱਥਾਂ ਵਿਚ ਲੈ ਅਚਾਨਕ ਲੁੱਕੀ ਹੋਈ ਜਗ੍ਹਾ ਤੋਂ ਨਿਕਲ ਆਏ। ਮੌਗੀਸਨ ਆਪਣੀ ਜਾਨ ਬਚਾ ਕੇ ਭੱਜਣ ਵਿਚ ਸਫਲ ਹੋਇਆ। ਮੇਰਾ ਭਾਈ ਸੈਨਾਪਤੀ ਰਿਚਰਡਸਨ ਜ਼ਖਮੀ ਹੋ ਕੇ ਜਾਨ ਬਚਾ ਕੇ ਭੱਜਿਆ। ਮੇਰਾ ਆਰਮੀਨੀਆਈ ਸਾਥੀ ਮਾਰਿਆ ਗਿਆ ਅਤੇ ਐਡਜ਼ਟੈਂਟ ਬੁਰੀ ਤਰ੍ਹਾਂ ਜ਼ਖਮੀ ਹੋਇਆ। ਤਲਵਾਰ ਦੇ ਵਾਰ ਨਾਲ ਮੇਰੇ ਦੋਨੋਂ ਹੱਥ ਨਕਾਰਾ ਹੋ ਗਏ ਅਤੇ ਮੇਰੀ ਹਾਲਤ ਚਿੰਤਾਜਨਕ ਹੋ ਗਈ।"

1767 ਵਿਚ ਸੰਨਿਆਸੀ ਬਗਾਵਤ ਦੇ ਮੁਖ ਅੱਡੇ ਪਟਨਾ ਦੇ ਜੰਗਲਾਂ ਵਿਚ ਬਾਗੀਆਂ ਦੀ ਇਕ ਵੱਡੀ ਫੌਜ ਬਣ ਗਈ। ਇਸ ਫੌਜ ਨੇ ਪਟਨਾ ਦੀ ਈਸਟ ਇੰਡੀਆ ਕੰਪਨੀ ਦੀ ਕੋਠੀ ਅਤੇ ਅੰਗਰੇਜ਼ਾਂ ਦੇ ਬਫਾਦਾਰ ਜ਼ਿਮੀਂਦਾਰਾਂ ਨੂੰ ਲੁੱਟ ਲਿਆ। ਕੰਪਨੀ ਦੀ ਸਰਕਾਰ ਦਾ ਲਗਾਨ ਵਸੂਲ ਕਰਨਾ ਅੌਖਾ ਹੋ ਗਿਆ। ਸਾਰਨ ਜ਼ਿਲੇ ਵਿਚ 5000 ਬਾਗੀਆਂ ਨੇ ਇਕੱਠੇ ਹੋ ਕੇ ਹਮਲਾ ਕੀਤਾ। ਕੰਪਨੀ ਦੀਆਂ ਦੋ ਫੌਜਾਂ ਨਾਲ ਏਨਾ ਖਤਰਨਾਕ ਯੁੱਧ ਕੀਤਾ, ਪਹਿਲੇ ਜੰਗ ਵਿਚ ਅੰਗਰੇਜ਼ ਹਾਰ ਗਏ। ਬਾਗੀਆਂ ਨੇ ਇਸ ਜ਼ਿਲੇ ਦੇ ਹੁਸੇਪੁਰ ਨਾਮੀ ਜ਼ਿਲੇ ਉਤੇ ਕਬਜ਼ਾ ਕਰ ਲਿਆ ਪਰ ਕੁਝ ਦਿਨਾਂ ਬਾਅਦ ਤੋਪਾਂ ਨਾਲ ਕੰਪਨੀ ਦੀ ਹੋਰ ਫੌਜ ਆ ਪਹੁੰਚੀ। ਹਾਰ ਕੇ ਬਾਗੀਆਂ ਨੂੰ ਕਿਲ੍ਹੇ ਤੋਂ ਪਿੱਛੇ ਹਟਣਾ ਪਿਆ। ਇਸੇ ਦੌਰਾਨ ਉਤਰ ਬੰਗਾਲ ਸੰਨਿਆਸੀ ਬਗਾਵਤ ਦਾ ਅੱਡਾ ਬਣ ਗਿਆ। ਬਾਗੀਆਂ ਨੇ ਜਲਪਾਈ ਗੁੜੀ ਜ਼ਿਲੇ ਵਿਚ ਇਕ ਕਿਲ੍ਹਾ ਬਣਾਇਆ। ਕਿਲ੍ਹੇ ਦੇ ਚਾਰੇ ਪਾਸੇ ਇਕ ਚਾਰ ਦੀਵਾਰੀ ਅਤੇ ਇਕ ਖਾਈ ਬਣਾਈ। 1766 ਵਿਚ ਉੱਤਰ ਬੰਗਾਲ ਅਤੇ ਨੇਪਾਲ ਦੀ ਹੱਦ ਕੋਲ ਅੰਗਰੇਜ਼ ਸੌਦਾਗਰਾਂ ਦਾ ਨੁਮਾਇੰਦਾ ਮਾਰਟੇਲ ਬਹੁਤ ਸਾਰੇ ਲੋਕਾਂ ਨਾਲ ਲਕੜੀ ਕਟਵਾਉਣ ਗਿਆ। ਬਾਗੀਆਂ ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਬਾਗੀ ਅਦਾਲਤ ਵਿਚ ਮਾਰਟੇਲ ਉਤੇ ਮੁਕਦਮਾ ਚਲਾਇਆ ਗਿਆ ਉਸਨੂੰ ਸਜ਼ਾਏ ਮੌਤ ਦਿਤੀ। ਇਹ ਖਬਰ ਮਿਲਦੇ ਹੀ ਕੈਪਟਨ ਮੈਕੇਂਜੀ ਫੌਜ ਲੈ ਕੇ ਬਾਗੀਆਂ ਦਾ ਦਮਨ ਕਰਨ ਗਿਆ। ਬਾਗੀ ਜੰਗਲ ਵਿਚ ਹੋਰ ਅਗੇ ਚਲੇ ਗਏ।

1767 ਵਿਚ ਮੈਕੇਂਜੀ ਫਿਰ ਫੌਜ ਲੈ ਕੇ ਆਇਆ ਬਾਗੀ ਹੋਰ ਉਤਰ ਵਾਲੇ ਪਾਸੇ ਹੱਟ ਗਏ। ਪਰ ਸਰਦੀ ਸ਼ੁਰੂ ਹੁੰਦੇ ਹੀ ਉਹ ਅੰਗਰੇਜ਼ ਫੌਜ ਉਤੇ ਟੁੱਟ ਪਏ ਅਤੇ ਰੰਗਪੁਰ ਤਕ ਅਗੇ ਵਧ ਆਏ। ਸੈਨਾਪਤੀ ਲੈਫੀਨੈਂਟ ਕੀਥ ਵਡੀ ਫੌਜ ਨਾਲ ਮੈਕੇਂਜੀ ਦੀ ਮਦਦ ਲਈ ਪਹੁੰਚਿਆ। ਬਾਗੀਆਂ ਨੇ ਫਿਰ ਪਿਛੇ ਹਟਣ ਦੀ ਅਤੇ ਅੰਗਰੇਜ਼ ਫੌਜ ਨੂੰ ਜੰਗਲ ਵਿਚ ਖਿਚ ਲੈ ਜਾਣ ਦੀ ਚਾਲ ਚਲੀ। ਦਸੰਬਰ 1769 ਨੂੰ ਬਾਗੀ ਆਪਣੀ ਪੂਰੀ ਤਾਕਤ ਨਾਲ ਨੇਪਾਲ ਦੀ ਹੱਦ ਦੇ ਮੋਰੰਗ ਅੰਚਲ ਵਿਚ ਅੰਗਰੇਜ਼ ਫੌਜ ਉਤੇ ਵਰ੍ਹ ਪਏ। ਕੀਥ ਮਾਰਿਆ ਗਿਆ, ਅੰਗਰੇਜ਼ ਫੌਜ ਤਬਾਹ ਹੋ ਗਈ।

1770-71 ਵਿਚ ਬਿਹਾਰ ਦੇ ਪੂਰਨੀਆਂ ਜ਼ਿਲੇ ਵਿਚ ਬਾਗੀਆਂ ਨੇ ਨਵਾਂ ਹੱਲਾ ਸ਼ੁਰੂ ਕੀਤਾ। ਅੰਗਰੇਜ਼ਾਂ ਨੇ ਮੁਕਾਬਲੇ ਲਈ ਬਹੁਤ ਵਡੀ ਫੌਜ ਇਕੱਠੀ ਕੀਤੀ ਹੋਈ ਸੀ। ਜਿਸਦਾ ਸਿੱਟਾ ਇਹ ਨਿਕਲਿਆ ਕਿ ਉਹ ਬਾਗੀਆਂ ਨੂੰ ਹਰਾਣ ਵਿਚ ਅਤੇ 500 ਬਾਗੀ ਕੈਦੀ ਕਰਨ ਵਿਚ ਸਫਲ ਹੋਏ। ਇਹਨਾਂ ਕੈਦੀਆਂ ਕੋਲੋਂ ਅੰਗਰੇਜ਼ ਅਫਸਰ ਬਾਗੀਆਂ ਵਾਰੇ ਜੋ ਜਾਣਕਾਰੀ ਹਾਸਿਲ ਕਰ ਸਕੇ ਉਹ ਮੁਰਸ਼ਦਾਬਾਦ ਭੇਜ ਦਿਤੀ ਗਈ। ਇਸ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਇਹ ਸਾਰੇ ਕੈਦੀ ਸਥਾਨਕ ਕਿਸਾਨ ਸਨ। ਉਹ ਸਭ ਸ਼ਾਂਤੀ ਪਰੇਮੀ ਤੇ ਸਿੱਧੇ ਸਾਦੇ ਸ਼ਹਿਰੀ ਸਨ, ਉਹਨਾਂ ਦਾ ਮੋਢੀ ਵੀ ਉਥੋਂ ਦੇ ਵਸਨੀਕ ਕਿਸਾਨ ਸੀ। ਸਾਰੇ ਬਾਗੀ ਉਸਨੂੰ ਜਾਣਦੇ ਸਨ ਤੇ ਪਿਆਰ ਕਰਦੇ ਸਨ।

ਇਸੇ ਸਮੇਂ ਵਿਚ ਦੀਨਾਜਪੁਰ 5000 ਬਾਗੀਆਂ ਦਾ ਜੁੜਨਾ ਅਤੇ ਦੀਨਾਜਪੁਰ ਰੰਗਪੁਰ ਅਤੇ ਮੈਮਸਿੰਘ ਦੇ ਬਾਗੀਆਂ ਦੇ ਗੂਹੜੇ ਸਬੰਧਾਂ ਦੇ ਸਬੂਤ ਮਿਲਦੇ ਹਨ। ਫਰਵਰੀ 1771 ਵਿਚ ਢਾਕਾ ਜ਼ਿਲੇ ਦੇ ਵਖ ਵਖ ਇਲਾਕਿਆਂ ਵਿਚ ਅੰਗਰੇਜ਼ਾਂ ਦੀਆਂ ਕੋਠੀਆਂ ਅਤੇ ਜ਼ਿਮੀਂਦਾਰਾਂ ਦੀਆਂ ਕਚਹਿਰੀਆਂ ਲੁੱਟੀਆਂ ਗਈਆਂ। ਉੱਤਰ ਬੰਗਾਲ ਵਿਚ ਆਪਣੀ ਹਾਲਤ ਮਜ਼ਬੂਤ ਕਰਨ ਲਈ ਬਾਗੀ ਨੇਤਾ ਨੇ ਦੀਨਾਜਪੁਰ, ਬਗੁੜਾ ਜ਼ਿਲਿਆਂ ਵਿਚ ਕਈ ਕਿਲ੍ਹੇ ਬਣਾਏ। ਇਹਨਾਂ ਵਿਚ ਪ੍ਰਾਚੀਨ ਨਗਰ ਮਹਾਸਥਾਨਗੜ੍ਹ ਅਤੇ ਪਟਬਰਦਨ ਦੇ ਕਿਲੇ ਵਿਸ਼ੇਸ਼ ਹਨ। ਫਰਵਰੀ 1771 ਦੇ ਅਖੀਰ ਵਿਚ ਮਜਨੂਸ਼ਾਹ ਦੀ ਸਰਦਾਰੀ ਵਿਚ 2500 ਬਾਗੀਆਂ ਦੀ ਫੌਜ ਨੇ ਲੈਫਟੀਨੈਂਟ ਟੇਲਰ ਅਤੇ ਲੈਫਟੀਨੈਂਟ ਫੇਂਟਹਾਮ ਦੀ ਵੱਡੀ ਅੰਗਰੇਜ਼ ਫੌਜ ਦਾ ਟਾਕਰਾ ਕੀਤਾ। ਬਾਗੀਆਂ ਦੀ ਹਾਰ ਤੋਂ ਬਾਅਦ ਮਜਨੂਸ਼ਾਹ ਨੇ ਮਹਾਸਥਾਨਗੜ੍ਹ ਵਿਚ ਸ਼ਰਨ ਲਈ ਅਤੇ ਬਾਅਦ ਵਿਚ ਫਿਰ ਇਕੱਠੇ ਹੋ ਕੇ ਬਿਹਾਰ ਚਲੇ ਗਏ।

1771 ਦੀ ਸਰਦੀ ਦੀ ਰੁੱਤੇ ਬਾਗੀ ਉੱਤਰ ਬੰਗਾਲ ਵਿਚ ਫੇਰ ਇਕੱਠੇ ਹੋਏ। ਪਟਨਾ ਦੀ ਗੋਦ ਵਿਚੋਂ ਇਕ ਬੜੀ ਫੌਜ ਉੱਤਰ ਬੰਗਾਲ ਆਈ। ਇਹਨਾਂ ਬਾਗੀਆਂ ਨੇ ਉਤਰ ਬੰਗਾਲ ਦੀ ਕੰਪਨੀ ਦੀਆਂ ਕੋਠੀਆਂ, ਜ਼ਾਲਮ ਧਨੀਆਂ ਤੇ ਜ਼ਿਮੀਂਦਾਰਾਂ ਨੂੰ ਲੁੱਟਿਆ। ਬਾਗੀਆਂ ਦੇ ਹਮਲੇ ਵਾਰੇ ਇਕ ਦਿਲਚਸਪ ਚਿੱਠੀ ਪੜ੍ਹੋ;

"ਮੇਰਾ ਹਰਕਾਰਾ ਖਬਰ ਲੈਕੇ ਆਇਆ ਕਿ ਕੱਲ ਫਕੀਰਾਂ ਦਾ ਇਕ ਬੜਾ ਜਥਾ ਸਿਲਬੇਰੀ(ਬਗੁੜਾ ਜ਼ਿਲਾ) ਦੇ ਇਕ ਪਿੰਡ ਵਿਚ ਇਕੱਠਾ ਹੋਇਆ ਹੈ। ਉਹਨਾਂ ਦੇ ਜਥੇਦਾਰ ਮਜਨੂੰ ਨੇ ਆਪਣੇ ਭਗਤਾਂ ਨੂੰ ਸਖਤ ਹੁਕਮ ਦਿਤਾ ਹੈ ਕਿ ਸਾਧਾਰਣ ਜਨਤਾ ਉਤੇ ਕੋਈ ਜ਼ੁਲਮ ਜਾਂ ਤਾਕਤ ਦਾ ਇਸਤੇਮਾਲ ਨਾ ਕੀਤਾ ਜਾਵੇ। ਆਮ ਜਨਤਾ ਜੋ ਮਰਜ਼ੀ ਨਾਲ ਦਿੰਦੀ ਹੈ ਉਸਨੂੰ ਛੱਡਕੇ ਹੋਰ ਕੁਝ ਨਾ ਲਵੋ। ਪਰ ਮੈਨੂੰ ਖਬਰ ਮਿਲੀ ਹੈ ਕਿ ਉਹਨਾਂ ਦਯਾਰਾਮ ਰਾਏ ਦੇ ਅਧਿਕਾਰ ਦੇ ਨੂਰਨਗਰ ਪਿੰਡ ਦੀ ਕਚਹਿਰੀ ਤੋਂ 500 ਰੁ: ਅਤੇ ਜਨਸਿਨ ਪਰਗਾਨੇ ਦੀ ਕਚਹਿਰੀ ਤੋਂ 1690 ਰੁ: ਲੁੱਟੇ ਹਨ। ਆਖਰੀ ਕਚਿਹਰੀ ਦੇ ਸਾਰੇ ਕਰਮਚਾਰੀ ਬਾਗੀਆਂ ਦੇ ਆਉਣ ਦੀ ਖਬਰ ਸੁਣਦੇ ਹੀ ਸਭ ਰੁਪਿਆ ਪੈਸਾ ਅਤੇ ਮਾਲ ਅਸਬਾਬ ਛੱਡ ਕੇ ਨੱਸ ਗਏ

ਇਹ ਚਿੱਠੀ ਨਾਟੋਰ ਦੇ ਸੁਪਰਵਾਈਜ਼ਰ ਨੇ ਜਨਵਰੀ 25-1772 ਨੂੰ ਰੈਵੇਨਯੂ ਕੌਂਸਲ ਦੇ ਨਾਂ ਲਿਖੀ। ਇਸਤੋਂ ਬਾਅਦ ਉਸਨੇ ਇਕ ਹੋਰ ਚਿੱਠੀ ਰਾਹੀਂ ਦਸਿਆ ਕਿ ਪਿੰਡ ਵਾਲਿਆਂ ਨੇ ਖੁਦ ਅਗੇ ਹੋ ਕੇ ਬਾਗੀਆਂ ਦੇ ਖਾਣ ਪੀਣ ਦਾ ਪ੍ਰਬੰਧ ਕੀਤਾ। ਬਹੁਤ ਸਾਰੇ ਕਿਸਾਨ ਬਾਗੀਆਂ ਦੇ ਦਲ ਵਿਚ ਮਿਲ ਗਏ। ਕਿਸਾਨਾਂ ਨੇ ਅੰਗਰੇਜ਼ੀ ਹਾਕਮਾਂ ਨੂੰ ਲਗਾਨ ਦੇਣਾ ਬੰਦ ਕਰ ਦਿਤਾ ਅਤੇ ਇਹੋ ਹੀ ਉਹ ਬਾਗੀਆਂ ਨੂੰ ਦੇ ਰਹੇ ਸਨ। ਸੁਪਰਵਾਈਜ਼ਰ ਦੇ ਇਸ ਪੱਤਰ ਤੋਂ ਪਤਾ ਲਗਦਾ ਹੈ ਕਿ ਬਾਗੀ ਸਿਰਫ ਬਰਤਾਨਵੀ ਹਾਕਮਾਂ ਜਾਂ ਜ਼ਾਲਮ ਜ਼ਿਮੀਂਦਾਰਾਂ ਨੂੰ ਹੀ ਲੁੱਟਦੇ ਸਨ ਪਰ ਆਮ ਜਨਤਾ ਨਾਲ ਚੰਗਾ ਸਲੂਕ ਕਰਦੇ ਸਨ। ਆਪਣੇ ਇਸੇ ਸਲੂਕ ਨਾਲ ਉਹ ਲੋਕਾਂ ਦੇ ਦਿਲਾਂ ਵਿਚ ਵੱਸ ਗਏ ਸਨ।

1773 ਵਿਚ ਰੰਗਪੁਰ ਬਾਗੀਆਂ ਦੀਆਂ ਕਾਰਵਾਈਆਂ ਦਾ ਮੁਖ ਕੇਂਦਰ ਸੀ। ਇਹਨਾਂ ਬਾਗੀਆਂ ਦਾ ਸਫਾਇਆ ਕਰਨ ਲਈ ਸੈਨਾਪਤੀ ਟਾਮਸ ਇਕ ਵੱਡੀ ਫੌਜ ਲੈ ਕੇ ਆਇਆ। 30 ਦਸੰਬਰ 1772 ਨੂੰ ਤੜਕਸਾਰ ਰੰਗਪੁਰ ਸ਼ਹਿਰ ਦੇ ਨੇੜੇ ਸਿਆਮਗੰਜ ਦੇ ਮੈਦਾਨ ਵਿਚ ਉਹਨੇ ਬਾਗੀਆਂ ਉਤੇ ਹਮਲਾ ਕੀਤਾ। ਬਾਗੀਆਂ ਦੇ ਚਲਾਕ ਕਮਾਂਡਰਾਂ ਨੇ ਹਾਰ ਕੇ ਭੱਜ ਜਾਣ ਦਾ ਬਹਾਨਾ ਕੀਤਾ ਅਤੇ ਟਾਮਸ ਦੀ ਫੌਜ ਨੂੰ ਜੰਗਲ ਵਿਚ ਲੈ ਗਏ। ਜਿੱਤ ਦੀ ਖੁਸ਼ੀ ਵਿਚ ਅੰਗਰੇਜ਼ਾਂ ਨੇ ਆਪਣਾ ਗੋਲੀ ਸਿੱਕਾ ਖਤਮ ਕਰ ਦਿਤਾ। ਇਸਤੋਂ ਬਾਅਦ ਬਾਗੀ ਮੁੜਕੇ ਅੰਗਰੇਜ਼ ਫੌਜ ਉਤੇ ਟੁੱਟ ਪਏ ਅਤੇ ਇਸ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਇਸ ਇਲਾਕੇ ਦੇ ਸਾਰੇ ਪਿੰਡਾਂ ਦੇ ਕਿਸਾਨ ਤੀਰ-ਧਨੁਸ਼, ਨੇਜਾ, ਭਾਲਾ, ਡੰਡਾ-ਸੋਟੀ ਲੈ ਕੇ ਆ ਪਹੁੰਚੇ ਅਤੇ ਬਾਗੀਆਂ ਨਾਲ ਮਿਲਕੇ ਅੰਗਰੇਜ਼ ਫੌਜ ਉਤੇ ਹੱਲੇ ਕਰਨ ਲਗੇ। ਸੈਨਾਪਤੀ ਟਾਮਸ ਨੇ ਆਪਣੀ ਫੌਜ ਦੇ ਦੇਸੀ ਸਿਪਾਹੀਆਂ ਨੂੰ ਹਮਲਾ ਕਰਨ ਦਾ ਹੁਕਮ ਦਿਤਾ, ਪਰ ਇਹਨਾਂ ਸਿਪਾਹੀਆਂ ਨੇ ਆਪਣੇ ਦੇਸ਼ ਦੇ ਕਿਸਾਨਾਂ ਉਤੇ ਧਾਵਾ ਕਰਨੋਂ ਇਨਕਾਰ ਕਰ ਦਿਤਾ। ਥੋੜੇ ਸਮੇਂ ਵਿਚ ਹੀ ਅੰਗਰੇਜ਼ ਫੌਜ ਹਾਰਕੇ ਭੱਜ ਖੜੀ ਹੋਈ। ਟਾਮਸ ਮਾਰਿਆ ਗਿਆ। ਇਸ ਘਟਨਾ ਲਈ ਅਫਸੋਸ ਕਰਦੇ ਹੋਏ ਰੰਗਪੁਰ ਦੇ ਸੁਪਰਵਾਈਜ਼ਰ ਪਾਰਲਿੰਗ ਨੇ ਰੈਵੇਨਯੂ ਕੌਂਸਲ ਨੂੰ 31 ਦਸੰਬਰ 1772 ਨੂੰ ਲਿਖਿਆ:

(ਬਾਕੀ ਪੰਨਾ 17 ਤੇ)

ਸੰਸਾਰ ਦਰਪਣ

ਲੈਬਨਾਨ ਨੂੰ ਵੰਡਣ ਦੀ ਅਮ੍ਰੀਕਨ ਸਾਜ਼ਸ਼

ਨਵੀਂ ਦਿੱਲੀ — ਭਰੋਸੇਯੋਗ ਸੂਤਰਾਂ ਤੋਂ ਪਤਾ ਲਗਾ ਹੈ ਕਿ ਅਮਰੀਕਾ ਮੌਜੂਦਾ ਲਿਬਨਾਨ ਦੇ ਟੁਕੜੇ ਟੁਕੜੇ ਕਰ ਦੇਣਾ ਚਾਹੁੰਦਾ ਹੈ। ਉਸ ਨੇ ਆਪਣੇ ਇਸ ਮਨਸੂਬੇ ਤੋਂ ਸੀਰੀਆ ਨੂੰ ਜਾਣੂ ਕਰਾਇਆ ਹੈ। ਸੂਤਰਾਂ ਮੁਤਾਬਕ ਅਮਰੀਕਾ ਲੈਬਨਾਨ ਦੇ ਤਿੰਨ ਟੁਕੜੇ ਕਰਨਾ ਚਾਹੁੰਦਾ ਹੈ ਜਿਨ੍ਹਾਂ ਵਿਚੋਂ

ਇਕ ਇਕ ਹਿਸਾ ਇਸਰਾਈਲ ਅਤੇ ਸੀਰੀਆ ਨਾਲ ਮਿਲਾ ਦੇਣ ਤੇ ਤੀਜੇ ਹਿਸੇ ਬੈਰੂਤ ਦੇ ਚੁਫੇਰੇ ਦੇ ਇਲਾਕੇ ਨੂੰ ਤਥਾ ਕਥਿਤ ਆਜ਼ਾਦ ਰਾਜ ਬਣਾ ਦਿਤਾ ਜਾਵੇ।

ਦੂਜੇ ਪਾਸੇ ਜਿਨਾਂ ਦੇਸ਼ਾਂ ਦੀਆਂ ਫੌਜਾਂ ਅਮਨ ਕਾਇਮ ਕਰਨ ਦੇ ਨਾਮ ਉਤੇ ਲੈਬਨਾਨ ਵਿਚ ਤਾਇਨਾਤ ਕੀਤੀਆਂ ਹੋਈਆਂ ਹਨ ਉਹਨਾਂ ਦੇਸ਼ਾਂ ਦੀਆਂ ਸਰਕਾਰਾ ਨੂੰ ਆਪਣੇ ਦੇਸ਼ਾਂ ਨੂੰ ਆਪਣੇ ਲੋਕਾਂ ਤੇ ਰਾਜਨੀਤਕ ਪਾਰਟੀਆਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾਂ ਪੈ ਰਿਹਾ ਹੈ ਤੇ ਲੈਬਨਾਨ ਵਿਚੋਂ ਫੌਜਾਂ ਵਾਪਸ ਬੁਲਾਉਣ ਦੀ ਮੰਗ ਦਿਨੋ ਦਿਨ ਜ਼ੋਰ ਫੜ ਰਹੀ ਹੈ।

ਫਰਾਂਸ ਤੇ ਅਮਰੀਕਾ ਨ.ਗ ਲਿਬਨਾਨ ਵਿਚ ਆਪਣੇ ਸੈਨਕਾਂ ਵਿਚ ਕਟੌਤੀ ਕਰ ਦਿਤੀ ਹੈ ਪਰ ਬਰਤਾਨੀਆਂ ਦੇ ਫੌਜੀਆਂ ਵਿਚ ਕਮੀ ਨਹੀਂ ਕੀਤੀ ਗਈ ਜਿਸ ਕਾਰਨ ਮਾਰਗਰੇਟ ਥੈਚਰ ਨੂੰ ਦੇਸ਼ ਅੰਦਰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੇਬਰ ਪਾਰਟੀ ਦੇ ਬੁਲਾਰੇ ਨੇ ਮਾਰਗੇਟ ਥੈਚਰ ਨੂੰ ਕਿਹਾ ਕਿ ਉਹ ਫੌਜੀਆਂ ਦੀ ਵਾਪਸੀ ਲਈ ਅਮਰੀਕਾ ਫਰਾਂਸ ਤੇ ਇਟਲੀ ਨਾਲ ਤੁਰੰਤ ਗੱਲਬਾਤ ਕਰੇ। ਲੇਬਰ ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਬਰਤਾਨੀਆਂ ਨੂੰ ਅਮਰੀਕੀ ਪ੍ਰਧਾਨ ਰੀਗਨ ਦੀ ਅੰਨ੍ਹੀ ਹਮਾਇਤ ਨਹੀਂ ਕਰਨੀ ਚਾਹੀਦੀ ਖਾਸ ਕਰਕੇ ਪਛਮੀ ਏਸ਼ੀਆ ਦੇ ਮਾਮਲੇ ਵਿਚ ਕਿਉਂਕਿ ਰੀਗਨ ਦੋਬਾਰਾ ਚੋਣ ਲੜ ਰਹੇ ਹਨ ਅਤੇ ਪਛਮੀ ਏਸ਼ੀਆ ਚੋਣ ਦਾ ਯੁਧ ਹੋ ਸਕਦਾ ਹੈ ਪਰ ਕੁਝ ਸਮਾਂ ਪਹਿਲਾਂ, ਥੈਚਰ ਨੇ ਲੈਬਨਾਨ ਦੇ ਪ੍ਰਧਾਨ ਜਮਾਇਲ ਨੂੰ ਵਾਅਦਾ ਕੀਤਾ ਸੀ ਕਿ ਜਦ ਤਕ ਜਰੂਰੀ ਹੋਵੇਗਾ ਬਰਤਾਨਵੀ ਫੌਜਾਂ ਬੈਰੂਤ ਵਿਚ ਰਖੀਆਂ ਜਾਣਗੀਆਂ। ਇਹ ਵੀ ਪਤਾ ਲਗਾ ਹੈ ਕਿ ਥੈਚਰ ਸਰਕਾਰ ਬੈਰੂਤ ਤੋਂ ਬਰਤਾਨਵੀ ਫੌਜੀ ਵਾਪਸ ਬੁਲਾਉਣ ਲਈ ਫਰਾਂਸ ਅਤੇ ਇਟਲੀ ਨਾਲ ਗੰਭੀਰ ਰੂਪ ਵਿਚ ਵਿਚਾਰ ਕਰ ਰਹੇ ਹਨ।


ਉਧਰ ਈਰਾਨ ਨੇ ਵੀ ਧਮਕੀ ਦਿਤੀ ਹੈ ਕਿ ਜੇ ਲਿਬਨਾਨ ਵਿਚ ਸਭ ਬਦੇਸ਼ੀ ਫੌਜਾਂ ਨਾ ਕਢੀਆਂ ਗਈਆਂ ਤਾਂ ਈਰਾਨ ਉਹਨਾਂ ਨੂੰ ਤਬਾਹ ਕਰਨ ਲਈ ਆਪਣੇ 'ਆਤਮ-ਘਾਤੀ' ਦਸਤੇ ਭੇਜੇਗਾ। ਇਸ ਧਮਕੀ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਭੁਟੋ ਦੀ ਲੜਕੀ ਬੇਨਜ਼ੀਰ ਰਿਹਾ ਕਰ ਦਿਤੀ ਗਈ

ਕਰਾਚੀ—ਪਾਕਿਸਤਾਨ ਦੇ ਮਰਹੂਮ ਪ੍ਰਧਾਨ ਜ਼ੁਲਫੀਕਾਰ ਅਲੀ ਭੁਟੋ ਦੀ ਲੜਕੀ ਬੇਨਜ਼ੀਰ ਨੂੰ 34 ਮਹੀਨੇ ਪਿਛੋਂ ਰਿਹਾ ਕਰ ਦਿਤਾ ਹੈ। ਬੇਨਜ਼ੀਰ ਦੀ ਸਿਹਤ ਵਿਚ ਨੁਕਸ ਹੋਣ ਕਾਰਨ ਇਹ ਕਦਮ ਚੁਕਿਆ ਗਿਆ ਹੈ। ਯਾਦ ਰਹੇ ਕਿ ਸ਼੍ਰੀਮਤੀ ਭੁਟੋ ਪਹਿਲਾਂ ਹੀ ਯੂਰਪ ਵਿਚ ਆਪਣਾ ਕੈਂਸਰ ਦਾ ਇਲਾਜ ਕਰਵਾ ਰਹੇ ਹਨ। ਤਾਜ਼ਾ ਖਬਰ ਅਨੁਸਾਰ ਬੇਨਜ਼ੀਰ ਵੀ ਯੂਰਪ ਵਿਚ ਜ਼ੂਰਿਕ ਪਹੁੰਚ ਗਈ ਹੈ।

ਡੇਢ ਲੱਖ ਦੇ ਹੋਰ ਹੀਰੇ ਬਰਾਮਦ

ਨਵੀਂ ਦਿੱਲੀ—ਪੁਲਸ ਨੇ ਇਸ ਵੇਲੇ ਨਜ਼ਰਬੰਦ ਸੁਖਦੇਵ ਸਿੰਘ ਨਾਂ ਦੇ ਇਕ ਵਿਅਕਤੀ ਦੇ ਘਰੋਂ 1.5 ਲਖ ਰੁਪਏ ਦੇ ਮੁਲ ਦੇ ਹੋਰ ਹੀਰੇ ਜਵਾਹਰਾਤ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।



ਦਸ ਕੋਰੜੇ ਤੇ ਪੰਜ ਸਾਲ ਕੈਦ

ਜਬਰੀ ਨਿਕਾਹ ਦਾ ਦੋਸ਼

ਭਿਖੀਵਿੰਡ — ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਇਕ ਰੀਟਾਇਰਡ ਮੇਜਰ ਗੁਲਾਬ ਨਬੀ ਸ਼ਾਹ ਨੂੰ ਆਪਣੀ ਛੋਟੀ ਸਾਲੀ ਨਾਲ ਸਬੰਧ ਰੱਖਣ ਉਤੇ ਸ਼ਰੇਆਮ ਦਸ ਕੋਰੜਿਆਂ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾ ਦੇਣ ਵੇਲੇ ਨਬੀ ਸ਼ਾਹ ਦੇ ਹੱਥ ਸਿਰ ਤੇ ਬੰਨੇ ਹੋਏ ਸਨ ਤੇ ਇਸ ਕੰਮ ਤੇ 40 ਸੈਕਿੰਡ ਲਗੇ।

ਮੇਜਰ ਨਬੀ ਸ਼ਾਹ ਤੇ ਦੋਸ਼ ਹੈ ਕਿ ਉਸਨੇ ਆਪਣੀ ਛੋਟੀ ਸਾਲੀ ਨੂੰ ਜ਼ਬਰਦਸਤੀ ਨਿਕਾਹ ਵਾਸਤੇ ਮਜਬੂਰ ਕੀਤਾ ਤੇ ਬਾਅਦ ਵਿਚ ਉਸ ਨਾਲ ਜਿਣਸੀ ਸਬੰਧ ਸਥਾਪਤ ਕਰ ਲਏ ਜੋ ਕਿ ਇਸਲਾਮ ਦੂ ਉਲਟ ਹੈ ਤੇ ਦੋਸ਼ੀ ਨੂੰ ਪੰਜ ਸਾਲ ਕੈਦ ਦੀ ਸਜ਼ਾ ਵੀ ਸੁਣਾਈ ਗਈ।

ਪਾਕਿ ਦੇ ਲੋਕਾਂ ਨੇ ਸ਼ਰੇਆਮ ਕੋੜਿਆਂ ਦਾ ਜ਼ਬਰਦਸਤ ਵਿਰੋਧ ਕੀਤਾ ਹੈ ਜਿਸ ਤੇ ਹਜੂਮ ਉਤੇ ਲਾਠੀ ਚਾਰਜ ਕੀਤਾ ਗਿਆ। ਲਾਠੀਚਾਰਜ ਵਿਚ 8 ਵਿਅਕਤੀ ਜ਼ਖਮੀ ਹੋ ਗਏ।

ਇਰਾਨੀ ਜੇਲ੍ਹ 'ਚ ਬੰਦ ਪੰਜਾਬੀ ਲੋਕਾਂ ਦਾ ਹਾਲ-ਪਾਹਰਿਆ

ਅੰਮ੍ਰਿਤਸਰ—25 ਦੇ ਕਰੀਬ ਭਾਰਤੀ ਨਾਗਰਿਕ ਜਿਨਾਂ ਚੋਂ ਬਹੁਤੇ ਪੰਜਾਬੀ ਅਤੇ ਸਿੱਖ ਹਨ, ਇਸ ਸਮੇਂ ਤਹਿਰਾਨ ਨੇੜੇ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਵਿਚੋਂ ਹਰਭਜਨ ਸਿੰਘ ਨਾਂ ਦੇ ਇਕ ਵਿਅਕਤੀ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਸਭ ਦੀ ਜਾਨ ਬਚਾਈ ਜਾਵੇ।

ਪੱਤਰ ਵਿਚ ਸ਼ਿਕਾਇਤ ਕੀਤੀ ਗਈ ਹੈ ਕਿ ਉਨ੍ਹਾਂ ਸਭ ਨੂੰ ਪਿਛਲੇ ਸਾਲ 20 ਅਕਤੂਬਰ ਨੂੰ ਤਹਿਰਾਨ ਗੁਰਦੁਆਰੇ ਵਿਚੋਂ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕੀਤਾ ਗਿਆ ਜਦੋਂ ਕਿ ਉਹ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾ ਰਹੇ ਸਨ। ਇਹ ਵੀ ਦੋਸ਼ ਲਾਇਆ ਹੈ ਕਿ ਗ੍ਰਿਫਤਾਰ ਵਿਅਕਤੀਆਂ ਉਪਰ ਤਸ਼ੱਦਦ ਕੀਤਾ ਜਾਂਦਾ ਹੈ ਤੇ ਇਕ ਲੁਧਿਆਣਾ ਵਾਸੀ ਆਤਮਾ ਸਿੰਘ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ ਸੀ ਅਤੇ ਉਸਦੀ ਲਾਸ਼ ਨੂੰ ਅਧਿਕਾਰੀਆਂ ਨੇ ਦਬਾ ਿਦਤਾ। ਸਿੱਖ ਮਰਿਆਦਾ ਅਨੁਸਾਰ ਆਤਮਾ ਸਿੰਘ ਦੀ ਲਾਸ਼ ਨੂੰ ਸਾੜਨ ਦੀ ਆਗਿਆ ਨਹੀਂ ਦਿਤੀ।

ਪੱਤਰ ਵਿਚ ਇਹ ਦੋਸ਼ ਲਾਇਆ ਹੈ ਕਿ ਅਧਿਕਾਰੀਆਂ ਨੇ ਸਿੱਖ ਕੈਦੀਆਂ ਦੇ ਕੇਸ ਕੱਟ ਦਿਤੇ ਅਤੇ ਦਾੜ੍ਹੀਆਂ ਮੁੰਨ ਦਿਤੀਆਂ। ਭਾਰਤੀ ਦੂਤਘਰ ਦੇ ਅਧਿਕਾਰੀਆਂ ਨੂੰ ਇਸ ਸਬੰਧ 'ਚ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ।

ਸ੍ਰੀ ਹਰਭਜਨ ਸਿੰਘ ਨੇ ਲਿਖਿਆ ਹੈ ਕਿ ਕੈਦ ਕੀਤੇ ਭਾਰਤੀਆਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਕਿਧਰੇ ਖਪਾ ਨਾ ਦਿਤਾ ਜਾਵੇ। ਉਨ੍ਹਾਂ ਇਸ ਸਬੰਧ 'ਚ ਭਾਰਤ ਸਰਕਾਰ ਅਤੇ ਰਾਸ਼ਟਰਪਤੀ ਨੂੰ ਵੀ ਪੱਤਰ ਲਿਖਣ ਦਾ ਦਾਅਵਾ ਕੀਤਾ ਹੈ।

ਜਥੇਦਾਰ ਟੌਹੜਾ ਨੇ ਇਸ ਮਾਮਲੇ ਸਬੰਧੀ ਤੁਰਤ ਕਾਰਵਾਈ ਕਰਦੇ ਹੋਏ ਸ੍ਰੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਤਾਰਾਂ ਭੇਜਦੇ ਹੋਏ ਮੰਗ ਕੀਤੀ ਹੈ ਕਿ ਜਲਦ ਉਚਿਤ ਕਾਰਵਾਈ ਕੀਤੀ ਜਾਵੇ।

ਇਕ ਦਰਦਨਾਕ ਰਿਪੋਰਟ

ਕ੍ਰਿਸ਼ਨ ਕੁਮਾਰ ਰੱਤੂ

ਅਮਰੀਕਾ ਵਿਚ ਰਾਸ਼ਟਰ ਸੰਘ ਵਲੋਂ ਇਕ ਦਰਦਨਾਕ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਸਮੁੱਚੇ ਵਿਸ਼ਵ ਵਿਚ ਹਰ ਮਿੰਟ ਪਿਛੇ 19870 ਬੱਚੇ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਇਹ ਅੰਕੜੇ ਸਰਕਾਰੀ ਵਸੀਲਿਆਂ ਦੇ ਹਨ। ਅਸਲੀ ਅੰਕੜੇ ਯਕੀਨਨ ਹੀ ਇਸ ਤੋਂ ਜ਼ਿਆਦਾ ਹੋਣਗੇ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜ਼ਿਆਦਾ ਮੌਤ ਦਰ — ਏਸ਼ੀਆਈ ਅਫਰੀਕੀ ਤੇ ਲਾਤੀਨੀ ਅਮਰੀਕੀ ਮਹਾਂਦੀਪਾਂ ਦੇ ਦੇਸ਼ਾਂ ਦੀ ਹੈ।

ਜਿਥੇ ਯੂ.ਐਨ.ਓ. ਵਾਲੇ ਇਸ ਰਿਪੋਰਟ ਬਾਰੇ ਖਾਮੋਸ਼ ਹਨ, ਉਥੇ ਉਨ੍ਹਾਂ ਨੇ ਆਪਣੇ ਮੈਂਬਰ ਮੁਲਕਾਂ ਨੂੰ ਵੀ ਕਿਹਾ ਹੈ ਕਿ 1972 ਵਿਚ ਕੀਤੇ ਉਸ ਵਾਅਦੇ ਨੂੰ ਟਟੋਲਣ ਤੇ ਯਾਦ ਕਰਨ — ਜਿਸ ਵਿਚ ਉਨ੍ਹਾਂ ਇਹ ਬਚਨ ਲਿਆ ਸੀ "ਕਿ ਅਗਲੇ 10 ਸਾਲਾਂ ਵਿਚ ਕੋਈ ਵੀ ਬੱਚਾ ਭੁੱਖਾ ਨਹੀਂ ਸੌਂਵੇਗਾ' ਪਰ ਇਥੇ ਤਾਂ ਯੂ.ਐਨ.ਓ. ਦੇ ਆਪਣੇ ਅੰਕੜੇ ਹੀ ਦਸਦੇ ਹਨ ਕਿ ਇਹ ਅਨੁਪਾਤ ਸਗੋਂ 11 ਫੀ ਸਦੀ ਹੋਰ ਵਧ ਗਿਆ ਹੈ।

ਪਹਿਲੀ ਵਾਰੀ 1968 ਵਿਚ ਬਚਿਆਂ ਬਾਰੇ ਇਹੋ ਜਿਹਾ ਵੇਰਵਾ ਇਕ ਰਿਪੋਰਟ ਵਿਚ ਯੂ.ਐਨ.ਓ. ਵਲੋਂ ਹੀ ਪ੍ਰਕਾਸ਼ਿਤ ਕੀਤਾ ਗਿਆ ਸੀ। ਯੂ.ਐਨ.ਓ. ਦ ਬੱਚਿਆਂ ਦੀ ਸਿਹਤ ਬਾਰੇਸਕੱਤਰ ਸ੍ਰੀ ਜ਼ੇਮਜ਼ ਪੀ ਗ੍ਰਾਂਟ ਦਾ ਕਹਿਣਾ ਹੈ ਕਿ ਸਮਝ ਨਹੀਂ ਆਉਂਦੀ ਕਿ ਅਸੀਂ ਦੁਨੀਆਂ ਦੇ ਕਰੋੜਾਂ ਬੱਚਿਆਂ ਨੂੰ ਕਦੋਂ ਤੀਕ ਭੁੱਖੇ ਮਰਨ ਦਾ ਇੰਤਜ਼ਾਰ ਕਰਵਾਉਂਦੇ ਰਹਾਂਗੇ। ਇਥੇ ਇਹ ਵਰਨਣਯੋਗ ਹੈ ਕਿ ਜਿਨੀ ਗਿਣਤੀ 10 ਸਾਲ ਦੇ ਅਮਰੀਕੀ ਬੱਚਿਆਂ ਦੀ ਹੈ ਉਨ੍ਹੇ ਬੱਚੇ 'ਹਰ ਸਾਲ ਸਮੁੱਚੇ' ਸੰਸਾਰ ਵਿਚ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਪਿਛਲੇ ਸਾਲ ਵਿਚ ਜਿੰਨੇ ਬੱਚਿਆਂ ਦੀਆਂ ਮੌਤਾਂ ਹੋਈਆਂ ਹਨ, ਉਹ ਇਟਲੀ, ਬਰਤਾਨੀਆਂ, ਫਰਾਂਸ,, ਸਪੇਨ ਤੇ ਪੱਛਮੀ ਜਰਮਨੀ ਦੇ ਬੱਚਿਆਂ ਦੇ ਕੁੱਲ ਜੋੜ ਦੇ ਬਰਾਬਰ ਹਨ।

ਏਸ਼ੀਆਈ ਦੇਸ਼ਾਂ ਬਾਰੇ ਕਿਹਾ ਗਿਆ ਹੈ ਕਿ ਭਾਰਤ, ਮਿਸਰ, ਬੰਗਲਾ ਦੇਸ਼,ਹੋਂਡਰਸ ਅਤੇ ਲਾਤੀਨੀ ਗੁਆਟੇਮਾਲਾ ਵਿਚ ਬੱਚਿਆਂ ਦੀ ਜ਼ਿਆਦਾ ਕਰਕੇ ਮੌਤ ਸਰੀਰ ਵਿਚ ਪਾਣੀ ਦੀ ਘਾਟ ਕਰਕੇ ਹੁੰਦੀ ਹੈ ਅਤੇ ਹੈਰਾਨੀ ਵਾਲੀ ਗਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਬੱਚਿਆਂ ਨੂੰ ਆਮ ਦੁਆਈ ਦੀ ਉਪਲਬਧ ਨਹੀਂ ਹੁੰਦੀ।

ਮਾਹਰਾਂ ਦਾ ਵਿਚਾਰ ਹੈ ਕਿ ਜੇ ਬੱਚਿਆਂ ਲਈ ਯੋਗ ਦੁਵਾਈ ਤੇ ਦੇਖ ਰੇਖ ਵਧਾਈ ਜਾਵੇ ਤਾਂ ਹਰ ਸਾਲ ਏਸ਼ੀਆ ਵਿਚਲੇ ਮਰਨ ਵਾਲੇ 50 ਲੱਖ ਬੱਚੇ ਮੌਤ ਦੇ ਸ਼ਿਕੰਜੇ 'ਚੋਂ ਬਚਾਏ ਜਾ ਸਕਦੇ ਹਨ। ਇਹ ਯਾਦ ਰਹੇ ਕਿ ਇਨ੍ਹਾਂ ਦੇਸ਼ਾਂ ਦਾ ਪਾਣੀ ਲੂਣ ਤੇ ਚੀਨੀ ਬੜੀ ਹੀ ਹਾਨੀਕਾਰਕ ਹੈ।

ਲਾਤੀਨੀ ਅਮਰੀਕੀ ਤੇ ਅਫਰੀਕੀ ਦੇਸ਼ਾਂ ਬਾਰੇ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਥੇ ਡਾਕਟਰੀ ਸਹਾਇਤਾ ਦੀ ਹਾਲਤ ਤਾਂ ਏਸ਼ੀਆ ਤੋਂ ਬੇਹਤਰ ਹੈ ਪਰ ਮਾਵਾਂ ਵਲੋਂ ਵਰਤੀ ਜਾਂਦੀ ਅਣਗਿਹਲੀ ਮੌਤ ਦਰ ਵਿਚ ਵਾਧੇ ਲਈ ਜ਼ਿੰਮੇਵਾਰ ਹੈ। ਇਸ ਬਾਰੇ ਕਿਹਾ ਗਿਆ ਹੈ ਕਿ ਕਿ ਇਥੇ ਬੱਚਿਆਂ ਦੀ ਮੌਤ ਵਿਚ ਵਾਧਾ ਮਾਂ ਦਾ ਦੁਧ ਨਾ ਪਿਲਾਉਣ ਨਾਲ ਹੁੰਦਾ ਹੈ ਕਿਉਂਕਿ ਜ਼ਿਆਦਾਤਰ ਮਾਵਾਂ ਬੱਚੇ ਨੂੰ ਆਪਣਾ ਦੁੱਧ ਨਹੀਂ ਪਿਲਾਉਂਦੀਆਂ ਹਨ, ਹਾਲਾਂਕਿ ਡਾਕਟਰਾਂ ਅਨੁਸਾਰ ਕੇਵਲ ਮਾਂ ਦਾ ਦੁਧ ਹੀ ਬੱਚੇ ਨੂੰ ਤਗੜਾ, ਨਰੋਆ ਤੇ ਮੁਢਲੇ ਸਮੇਂ ਵਿਚ ਬਿਮਾਰੀਆਂ ਤੋਂ ਬਚਾ ਸਕਦਾ ਹੈ।

ਯੂ.ਐਨ.ਓ. ਦੀ ਇਸ ਰਿਪੋਰਟ ਤੋਂ ਬਾਦ ਲੰਡਨ ਵਿਚ 'ਸਕੂਲ ਆਫ ਹਾਈਜੀਨ ਐਕਟ ਟਰੋਪੀਕਲ ਮੈਡੀਸਨਜ਼' ਅਨੁਸਾਰ 33 ਦੇਸ਼ਾਂ ਦੇ ਸਰਵੇਖਣ ਤੋਂ ਬਾਦ ਪਤਾ ਚਲਿਆ ਹੈ ਕਿ ਮਾਵਾਂ ਵਲੋਂ ਆਪਣੇ ਬੱਚਿਆਂ ਨੂੰ ਬੋਤਲ ਦਾ ਦੁਧ ਪਿਲਾਉਣ ਨਾਲ 5 ਪ੍ਰਤੀਸ਼ਤ ਬੱਚਿਆਂ ਦੀ ਮੌਤ ਦਰ ਵਧ ਗਈ ਹੈ। ਬੱਚਿਆਂ ਨੂੰ ਛੋਟੀ ਉਮਰ ਵਿਚ ਲਗਣ ਵਾਲੀਆਂ ਬੀਮਾਰੀਆਂ ਟੈਟਨਸ, ਖਸਰਾ, ਖਾਂਸੀ,ਟੀ ਬੀ, ਤੇ ਪੋਲੀਓ ਆਦਿ ਹਨ। ਯੂ.ਐਨ.ਓ. ਨੂੰ ਸੁਝਾ ਦਿਤਾ ਗਿਆ ਹੈ ਕਿ ਜੇ ਉਹ ਅਮੀਰ ਮੈਂਬਰ ਦੇਸ਼ਾਂ ਤੇ ਹਰ ਸਾਲ 30 ਲਖ ਡਾਲਰ ਦਾ ਹੋਰ ਬਜਟ ਇਸ ਲਈ ਪਾਸ ਕਰਵਾਏ ਤਾਂ ਇਸ ਨਾਲ ਕੁਝ ਰਾਹਤ ਜਰੂਰ ਮਿਲ ਸਕਦੀ ਹੈ। ਇਸ ਤਰ੍ਹਾਂ ਇਕ ਅਨੁਮਾਨ ਅਨੁਸਾਰ 20 ਹਜ਼ਾਰ ਬੱਚੇ ਰੋਜ਼ਾਨਾ ਬਚਾਏ ਜਾ ਸਕਦੇ ਹਨ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇ ਬੱਚਿਆਂ ਦੀ ਮੌਤ ਦਰ ਵਿਚ ਕਮੀ ਆ ਗਈ ਤਾਂ ਜਨ ਸੰਖਿਆ 'ਚ ਵਾਧੇ ਦਾ ਜ਼ਿੰਮੇਵਾਰ ਕੌਣ ਹੋਵੇਗਾ? ਇਸ ਲਈ ਪਰਿਵਾਰ ਨਿਯੋਜਨ ਬਾਰੇ ਵੀ ਸੋਚਣ ਲਈ ਕਿਹਾ ਗਿਆ ਹੈ। ਯੂ.ਐਨ.ਓ. ਦੀ ਇਹ ਰਿਪੋਰਟ ਸ਼ਾਇਦ ਹੀ ਅਮੀਰ ਦੇਸ਼ ਪੜ੍ਹਨ ਪਰ ਤੀਸਰੀ ਦੁਨੀਆਂ ਦੇ ਵਿਕਾਸਸ਼ੀਲ ਮੁਲਕਾਂ ਲਈ ਇਹ ਨਿਸਚੇ ਹੀ ਚਿੰਤਾ ਦਾ ਕਾਰਨ ਹੈ। ਆਓ ਸੋਚੀਏ ਕੀ ਅਸੀਂ ਵੀ ਇਨ੍ਹਾਂ ਮੌਤਾਂ ਨੂੰ ਰੋਕਣ ਲਈ ਕੁਝ ਯੋਗਦਾਨ ਪਾ ਸਕਦੇ ਹਾਂ।

ਸੁਆਣੀਆਂ ਲਈ ਕੁਝ ਸੁਝਾਓ

ਉਪਕਾਰ ਕੌਰ ਐਮ.ਏ.

1. ਇਸਤੇਮਾਲ ਕੀਤੀ ਹੋਈ ਚਾਹ ਦੀ ਪਤੀ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਉਬਾਲ ਲਵੋ ਅਤੇ ਠੰਡਾ ਹੋਣ ਤੇ ਛਾਣਕੇ ਹਫਤੇ ਵਿਚ ਇਕ ਵਾਰ ਵਾਲਾਂ ਨੂੰ ਲਾਓ। ਇਸ ਤਰ੍ਹਾਂ ਵਾਲ ਮਜ਼ਬੂਤਹੋਣਗੇ।

2. ਕੰਬਲ ਧੋਣ ਸਮੇਂ ਪਾਣੀ ਵਿਚ ਇਕ ਚਮਚ ਗਰੈਸਲੀਨ ਮਿਲਾ ਦੇਣ ਨਾਲ ਕੰਬਲ ਮੁਲਾਇਮ ਰਹਿੰਦਾ ਹੈ।

3. ਕਾਬਲੀ ਛੋਲੇ ਚਾੜ੍ਹਨ ਸਮੇਂ ਅਕਸਰ ਮਿੱਠੇ ਸੋਡੇ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਇਸ ਨਾਲ ਕਾਬਲੀ ਛੋਲਿਆਂ ਤੇ ਮੈਲ ਆ ਜਾਂਦੀ ਹੈ। ਇਸ ਨੂੰ ਦੂਰ ਕਰਨ ਲਈ ਉਬਾਲੇ ਹੋਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿਲੋ ਛੋਲਿਆਂ ਦੇ ਹਿਸਾਬ ਪਾ ਦੇਣ ਨਾਲ ਮੈਲ ਦੂਰ ਹੋ ਜਾਵੇਗੀ ਅਤੇ ਇਹਨਾਂ ਵਿਚ ਰੰਗ ਵੀ ਆ ਜਾਵੇਗਾ।

4. ਲੰਗਰੀ ਜਾਂ ਕੂੰਡੀ-ਸੋਟੇ ਵਿਚ ਪਿਆਜ਼, ਲਸਣ ਜਾਂ ਮਸਾਲਾ ਪੀਸਿਆ ਗਿਆ ਹੈ ਅਤੇ ਉਸ ਤੋਂ ਮਗਰੋਂ ਬਦਾਮ ਜਾਂ ਕੋਈ ਹੋਰ ਚੀਜ਼ ਪੀਸਣੀ ਚਾਹੁੰਦੇ ਹੋ ਤਾਂ ਇਕ ਕੱਚਾ ਆਲੂ ਉਸ ਵਿਚ ਪੀਸ ਲਵੋ। ਇਸ ਨਾਲ ਪਿਆਜ਼, ਲਸਣ ਜਾਂ ਮਸਾਲੇ ਦੀ ਵਾਸ਼ਨਾ ਖਤਮ ਹੋ ਜਾਵੇਗੀ।

5. ਪਲਾਸਟਿਕ ਦੀਆਂ ਰੰਗ-ਬਰੰਗੀਆਂ ਬਾਲ-ਟੀਆਂ, ਟੱਪਾਂ ਜਾਂ ਮਗਿਆਂ ਆਦਿ ਦੀ ਕੁਝ ਦਿਨਾਂ ਦੀ ਵਰਤੋਂ ਮਗਰੋਂ ਇਹਨਾਂ ਉਤੇ ਮੈਲ ਜਾਂ ਚਿਕਨਾਈ ਜੰਮ ਜਾਂਦੀ ਹੈ। ਜਿਹੜੀ ਆਸਾਨੀ ਨਾਲ ਸਾਫ ਨਹੀਂ ਹੁੰਦੀ। ਜੇ ਤੁਸੀਂ ਮਿੱਟੀ ਦੇ ਤੇਲ ਵਿਚ ਕਪੜਾ ਗਿਲਾ ਕਰ ਕੇ ਉਸ ਨਾਲ ਸਾਫ ਕਰੋ ਤਾਂ ਬਹੁਤ ਜਲਦੀ ਮੈਲ ਉਤਰ ਜਾਵੇਗੀ। ਤੇਲ ਦੀ ਬਦਬੂ ਦੂਰ ਕਰਨ ਲਈ ਉਸ ਨੂੰ ਥੋੜ੍ਹੀ ਦੇਰ ਧੁਪੇ ਰਖੋ।

ਬਾਬਾ ਨਿਰੰਜਨ ਸਿੰਘ ਜੀ ਦੀ ਪਹਿਲੀ ਮੁਲਾਕਾਤ

1931 ਵਿਚ ਅਪਰੈਲ ਮਹੀਨੇ ਕੈਲੇਫੋਰਨੀਆ ਜਾਣ ਦਾ ਮੌਕਾ ਮਿਲਿਆ। ਮੇਰੇ ਮਾਮਾ ਜੀ ਦਲੀਪ ਸਿੰਘ ਫਾਹਲਾ ਕਰਕੇ ਸੱਦੇ ਜਾਂਦੇ ਸਨ। ਉਹ ਬਾਬਾ ਨਿਰੰਜਨ ਸਿੰਘ ਦੇ ਦਿਲੀ ਦੋਸਤ ਸਨ। ਜਿਸ ਦਿਨ ਮੈਂ ਮੈਰਿਜਵਿਲ ਪੁਜਾ ਉਸ ਦਿਨ ਬਾਬਾ ਜੀ, ਫਾਹਲਾ ਜੀ ਕੋਲ ਸਨ। ਉਨ੍ਹਾਂ ਨੂੰ ਮਿਲਕੇ ਦਿਲ ਬੜਾ ਖੁਸ਼ ਹੋਇਆ। ਭਾਵੇਂ ਬਾਬਾ ਜੀ ਦੇ ਕੇਸ ਦਾਹੜਾ ਨਹੀਂ ਸੀ ਪਰ ਦੇਖਣ ਨੂੰ ਨੌਜਵਾਨ, ਹਸਮੁਖ, ਮਿਲਣਸਾਰ ਨਜ਼ਰ ਆਏ। ਉਸ ਵੇਲੇ ਉਨ੍ਹਾਂ ਦੀ ਉਮਰ 50 ਕੁ ਸਾਲ ਦੀ ਹੋਵੇਗੀ।

ਉਹ ਦੂਰ ਨੇੜੇ ਕੰਮ ਕਾਰ ਕਰਕੇ, ਰਾਤ ਫਾਹਲਾ ਜੀ ਕੋਲ ਟਿਕਦੇ ਸਨ ਬਾਬਾ ਜੀ ਦੂਜੇ ਦਿਨ ਕੰਮ ਕਰਨ ਚਲੇ ਗਏ ਤਾਂ ਮੈਂ ਫਾਹਲਾ ਜੀ ਤੋਂ ਬਾਬਾ ਜੀ ਬਾਰੇ ਪੁਛਗਿਛ ਕੀਤੀ, ਤਾਂ ਫਾਹਲਾ ਜੀ ਨੇ ਦੱਸਿਆ ਕਿ ਇਨ੍ਹਾਂ ਨੂੰ ਬਹੁਤ ਚਿਰਾਂ ਤੋਂ ਜਾਣਦਾ ਹਾਂ। ਅਸੀਂ ਕੈਨੇਡਾ ਵਿਚ ਵੀ ਮਿਲਦੇ ਸੀ। ਇਧਰ ਆ ਕੇ ਸਾਨੂੰ ਨੇੜੇ ਰਹਿਣ ਦਾ ਮੌਕਾ ਵੀ ਮਿਲਿਆ। ਸਾਡੇ ਜ਼ਿੰਮੇ ਕੰਮ ਕਈ ਲਾਏ ਗਏ ਜਿਹੜੇ ਇਨ੍ਹਾਂ ਬਿਨਾਂ ਮੈਂ ਨਹੀਂ ਸੀ ਕਰ ਸਕਦਾ।

ਇਨ੍ਹਾਂ ਦਾ ਬਾਹਰਲਾ ਕੰਮ ਔਖਾ ਵੀ ਹੈ, ਅਤੇ ਸੌਖਾ ਵੀ ਹੈ। ਇਹ ਮਕੈਨਿਕ ਹਨ। ਟਰੈਕਟਰਾਂ ਦੀ ਮੁਰੰਮਤ ਲਈ ਇਨ੍ਹਾਂ ਨੂੰ ਹਰ ਕੋਈ ਕੰਮ ਲਈ ਸਦਦਾ ਹੈ। ਇਨ੍ਹਾਂ ਨੂੰ ਵਿਹਲ ਨਹੀਂ ਮਿਲਦੀ। ਇਹ ਕਵੀ ਵੀ ਹਨ। ਇਹ ਹਰ ਇਕ ਦੇ ਦੋਸਤ ਹਨ। ਪਰ ਇਨ੍ਹਾਂ ਨੂੰ ਕੋਈ ਕੋਈ ਜਾਣ ਸਕਦੇ ਹਨ। ਇਹ ਕੀ ਕਰਦੇ ਹਨ ਇਸ ਗੱਲ ਦਾ ਕਿਸੇ ਨੂੰ ਭੇਤ ਨਹੀਂ ਦਿੰਦੇ, ਜਿਸ ਕਰਕੇ ਪਾਰਟੀ ਵਾਲੇ ਇਨ੍ਹਾਂ ਨੂੰ ਆਪਣਾ ਮੁਖੀ ਸਲਾਹਕਾਰ ਸਮਝਦੇ ਹਨ।

ਦੂਜੇ ਦਿਨ ਉਹ ਮੈਨੂੰ ਲੂਮਸ ਲੈ ਗਏ। ਬਾਬਾ ਨਿਰੰਜਨ ਸਿੰਘ ਜੀ ਦਾ ਲੜਕਾ ਗੁਰਦੇਵ ਸਿੰਘ ਉਥੇ ਕਿਸੇ ਸਾਥੀ ਕੋਲ ਟਿਕਿਆ ਹੋਇਆ ਸੀ, ਜਿਸਨੂੰ ਪਹਿਲੀ ਵਾਰੀ ਮਿਲਣ ਦਾ ਮੌਕਾ ਮਿਲਿਆ। ਉਨ੍ਹਾਂ ਦਾ ਦੇਸ ਨਾਂ ਸੁਣਿਆ ਹੋਇਆ ਸੀ। ਉਨ੍ਹਾਂ ਨੂੰ ਮਿਲਕੇ ਬੜੀ ਖੁਸ਼ੀ ਹੋਈ।

ਜਦੋਂ ਕੋਈ ਇੰਡੀਆ ਤੋਂ ਨਵਾਂ ਕਿਸੇ ਪਾਸਿਓਂ ਆ ਜਾਵੇ ਉਸਨੂੰ ਦੇਖਣ ਲਈ ਜਾਂ ਮਿਲਣ ਲਈ ਕਈ ਸੱਜਣ ਆ ਜਾਂਦੇ ਹਨ। ਇਕ ਦਿਨ ਗਦਰੀਆਂ ਦੀ ਮੀਟਿੰਗ ਵਿਚ ਕਈ ਸਜਣ ਸ਼ਾਮਲ ਸਨ। ਜਿਨ੍ਹਾਂ ਵਿਚ ਮਾਸਟਰ ਭਾਗ ਸਿੰਘ, ਬਾਬਾ ਜੀ ਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਸਨ। ਉਨ੍ਹਾਂ ਨੇ ਆਪਣੇ ਵਿਚਾਰ ਰਖੇ ਜਿਨ੍ਹਾਂ ਦੇ ਉਤਰ ਬਾਬਾ ਜੀ ਨੇ ਦਿਤੇ। ਉਨ੍ਹਾਂ ਨੇ ਬਾਬਾ ਜੀ ਦੇ ਵਿਚਾਰਾਂ ਦੀ ਸ਼ਲਾਘਾ ਕੀਤੀ।

ਜਦੋਂ ਸਾਰੇ ਵਿਦਾ ਹੋ ਗਏ ਤਾਂ ਬਾਬਾ ਜੀ ਕੋਲੋਂ ਸ਼ੰਕਾ ਨਵਿਰਤ ਕਰਾਈ। ਕਿਉਂਕਿ ਉਨ੍ਹਾਂ ਨੇ ਗਲਾਂ ਕਰਦਿਆਂ 1923 ਦੀ ਗੱਲ ਵਿਚੋਂ ਛੱਡ ਦਿਤੀ ਸੀ, ਉਸ ਬਾਰੇ ਪੁਛ ਕੀਤੀ। ਉਨ੍ਹਾਂ ਕਿਹਾ ਇਹ ਗਲ ਬਹੁਤ ਲੰਬੀ ਹੈ ਇਸ ਲਈ ਨਿਕੀ ਕਰਕੇ ਦਸ ਦਿੰਦਾ ਹਾਂ। ਉਹ ਇਹ ਕਿ 1923 ਵਿਚ ਬਹੁਤ ਹਿਦੁਸਤਾਨੀ ਕਿਊਬਾ ਦਾ ਪਾਸਪੋਰਟ ਬਣਾ ਕੇ ਇਧਰ ਆਉਂਦੇ ਸਨ। ਉਹ ਕਿਸੇ ਤਰ੍ਹਾਂ ਅਮਰੀਕਾ ਆ ਜਾਂਦੇ। ਉਨ੍ਹਾਂ ਵਿਚਾਰਿਆਂ ਨੂੰ ਇਮੀਗਰੇਸ਼ਨ ਪਾਸ ਫੜਾਉਣ ਲਈ ਕਈ ਬੰਦੇ ਪੈਦਾ ਹੋ ਗਏ ਸਨ। ਪਾਰਟੀ ਦੇ ਨਵੇਂ ਆਏ ਬੰਦਿਆਂ ਦੀ ਦੇਖ ਭਾਲ ਕਰਨੀ ਹੁੰਦੀ ਸੀ ਤੇ ਇਹ ਖਿਆਲ ਵੀ ਰਖਣਾ ਪੈਂਦਾ ਸੀ ਕਿ ਕਿਹੜੇ ਕਿਹੜੇ ਬੰਦੇ ਸਰਕਾਰੀ ਸੂਹੀਏ ਬਣਕੇ ਆਪਣੇ ਭਰਾਵਾਂ ਨੂੰ ਫੜਾਂਦੇ ਹਨ।

ਬਾਬਾ ਜੀ ਕੋਲ ਬਹੁਤ ਥੋੜਾ ਟਾਈਮ ਸੀ। ਉਹ ਆਪਣੇ ਕੰਮ ਵਿਚ ਮਗਨ ਰਹਿੰਦੇ ਸਨ। ਇਕ ਦਿਨ ਸ਼ਾਮਾਂ ਵੇਲੇ ਮੇਰੇ ਨਾਲ ਗੱਲਾਂ ਕਰਨ ਲਗੇ। ਮੈਨੂੰ ਭਾਰਤ ਲਗੇ, ਤੂੰ ਕੁਝ ਕਰਨਾ ਮੰਗਦਾ ਹੈਂ ਜਾਂ ਐਵੇਂ ਸਿਰ ਭਕਾਈ ਕਰਦਾ ਹੈਂ। ਉਹ ਆਖਣ ਲਗੇ ਕਿ ਤੂੰ ਕੈਨੇਡਾ ਨੂੰ ਚਲੇ ਜਾਣਾ ਹੈ। ਇਕ ਸਾਡੇ ਕੋਲੋਂ ਸਬਕ ਲੈ ਜਾਵੀਂ। ਉਨ੍ਹਾਂ ਨੇ ਇਕ ਸ਼ੀਸ਼ੀ ਵਿਚ ਮਸਾਲਾ ਵਗੈਰਾ ਪਾਕੇ ਇਕ ਨਿਕਾ ਜਿਹਾ ਬੰਬ ਚਲਾਉਣਾ ਦਸਿਆ ਤੇ ਕਿਹਾ ਅਗੋਂ ਕੰਮ ਕਰਨਾ, ਨਾ ਕਰਨਾ ਇਹ ਤੁਹਾਡੀ ਮਿਹਨਤ ਤੇ। ਸੋ ਇਹ ਸੀ ਬਾਬਾ ਜੀ ਦੀ ਪਹਿਲੀ ਮਿਲਣੀ।

ਇਸ ਤੋਂ ਬਾਅਦ ਬਾਬਾ ਜੀ ਆਪਣੀ ਮਿਲੀ ਹੋਈ ਡਿਊਟੀ ਨਿਭਾਉਂਦੇ ਹੋਏ ਪਾਰਟੀ ਦੇ ਆਖੇ ਲਗਕੇ ਨਿਊਯਾਰਕ ਤੋਂ ਮਾਸਕੋ ਨੂੰ ਚਲੇ ਗਏ। ਮਾਸਕੋ ਵਿਚ ਆਪਣੇ ਸਾਥੀਆਂ ਨਾਲ ਕਾਫੀ ਸਮਾਂ ਬਿਤਾਇਆ। ਜਦੋਂ ਪਾਰਟੀ ਵਲੋਂ ਹੁਕਮ ਹੋਇਆ ਤਾਂ ਹਿਦੁਸਤਾਨ ਚਲੇ ਗਏ। ਉਥੇ ਜਾ ਕੇ ਅੰਡਰਗਰਾਊਂਡ ਕੰਮ ਕਰਦੇ ਰਹੇ। ਚਿਰਾਂ ਬਾਦ ਹਾਜ਼ਰ ਹੋਏ। ਉਸ ਵੇਲੇ ਉਹ ਬਾਬਿਆਂ ਦੀ ਪਦਵੀ ਤੇ ਪੁਜ ਚੁਕੇ ਸਨ। ਆਮ ਲੋਕਾਂ ਨੂੰ ਪਤਾ ਨਹੀਂ ਸੀ ਇਹ ਕਿਹੜਾ ਬਾਬਾ ਹੈ। ਲੋਕੀ ਸਮਝਦੇ ਸਨ ਕਿ ਨਿਰੰਜਨ ਸਿੰਘ ਅਜੇ ਅਮਰੀਕਾ ਵਿਚ ਹੀ ਹੈ।

ਇੰਡੀਆ ਦੀ ਵੰਡ ਹੋਣ ਲਗ ਪਈ। ਉਸ ਮੌਕੇ ਫਾਹਲਾ ਸਾਹਿਬ ਵੀ ਦੇਸ ਸਨ। ਇਹ ਪੁਰਾਣੇ ਸਾਥੀ ਫੇਰ ਇਕੱਠੇ ਹੋ ਗਏ। ਇਨ੍ਹਾਂ ਨੇ ਪਾਰਟੀ ਦੇ ਹੁਕਮ ਨੂੰ ਕਬੂਲ ਕਰਕੇ ਆਪਣੀ ਡਿਊਟੀ ਨਿਭਾਈ। ਮੁਲਕ ਦੀ ਹਾਲਤ ਤੇ ਤਰਸੀ ਕੀਤਾ। ਜੇ ਪਿੰਡ ਬੰਦ ਸਨ ਜਾਂ ਜਿਲ੍ਹੇ ਵਿਚ ਬੰਦ ਸਨ ਤਾਂ ਵੀ ਇਕ ਦੂਜੇ ਨੂੰ ਕਿਸੇ ਢੰਗ ਨਾਲ ਜ਼ਰੂਰ ਮਿਲਦੇ ਰਹਿੰਦੇ ਸਨ।

1947-1948 ਵਿਚ ਮੈਨੂੰ ਹਿਦੁਸਤਾਨ ਜਾਣ ਦਾ ਸਮਾਂ ਮਿਲਿਆ। ਮੈਂ 4 ਜਨਵਰੀ 1948 ਨੂੰ ਨੰਗਲ ਕਲਾਂ ਫਾਹਲਾ ਜੀ ਪਾਸ ਪੁਜਾ। 5 ਜਨਵਰੀ ਨੂੰ ਬਾਬਾ ਜੀ ਮੈਨੂੰ ਮਿਲਣ ਆਏ। 17-18 ਸਾਲਾਂ ਦੇ ਫਰਕ ਵਿਚ ਬਾਬਾ ਜੀ ਦਾ ਭੇਖ ਬਦਲਿਆ ਹੋਇਆ ਪਰ ਬੋਲਚਾਲ ਉਹੋ ਜਿਹਾ ਸੀ। ਪਾਰਟੀ ਦੇ ਕੰਮ ਵਿਚ ਕੋਈ ਫਰਕ ਨਹੀਂ ਸੀ। ਪਾਰਟੀ ਦੇ ਬੰਦੇ ਇਨ੍ਹਾਂ ਨੂੰ ਲੁਕ ਛਿਪਕੇ ਮਿਲਦੇ ਰਹਿੰਦੇ ਸਨ। ਇਕ ਦਿਨ ਮੈਂ ਬਾਬਾ ਜੀ ਨੂੰ ਤੇ ਗੁਰਦੇਵ ਸਿੰਘ ਨੂੰ ਇਨ੍ਹਾਂ ਦੇ ਪਿੰਡ ਮਿਲਣ ਗਿਆ ਤਾਂ ਕੀ ਦੇਖਿਆ ਇਨ੍ਹਾਂ ਪਾਸ ਕਈ ਭਗੌੜਿਆਂ ਦੇ ਜਿਨ੍ਹਾਂ ਗੋਰਮਿੰਟ ਟੋਲਦੀ ਫਿਰਦੀ ਸੀ, ਦਰਸ਼ਨ ਹੋਏ। ਇਨ੍ਹਾਂ ਵਿਚ ਤੇਜਾ ਸਿੰਘ ਸੁਤੰਤਰ ਵੀ ਸਨ, ਜਿਨ੍ਹਾਂ ਦੇ 1922 ਤੋਂ ਬਾਦ 1948 ਵਿਚ ਦਰਸ਼ਨ ਹੋਏ। ਸੁਤੰਤਰ ਜੀ ਨਾਲ ਬਹੁਤ ਚਿਰ ਗਲਾਂ ਹੋਈਆਂ। ਉਨ੍ਹਾਂ ਦੀ ਜ਼ਿੰਦਗੀ ਤੇ ਬੜਾ ਤਰਸ ਆਵੇ। ਕਿਵੇਂ ਇਤਨਾ ਚਿਰ ਲੁਕ ਛਿਪ ਕੇ ਕਢਿਆ। ਧੰਨ ਇਨ੍ਹਾਂ ਦੀ ਕਮਾਈ ਜਿਨ੍ਹਾਂ ਦੇਸ ਦੀ ਖਾਤਰ ਇਤਨੀਆਂ ਤਕਲੀਫਾਂ ਝੱਲੀਆਂ।

ਨੌਂ ਮਹੀਨੇ ਬਾਬ ਜੀ ਦੇ ਦਰਸ਼ਨ ਹੁੰਦੇ ਰਹੇ। ਉਸ ਤੋਂ ਬਾਦ ਮੁੜ ਕੈਨੇਡਾ ਨੂੰ ਆਉਣਾ ਪਿਆ। ਬਾਬਾ ਜੀ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਜਾਂ ਦੇਸ਼ਭਗਤੀ ਦੀ ਕਹਾਣੀ ਜਿਥੇ ਛੱਡੀ ਸੀ ਉਥੇ ਦੀ ਉਥੇ ਰਹਿ ਗਈ। ਕਦੇ ਚਿਤ ਚੇਤੇ ਨਹੀਂ ਸੀ ਕਿ ਬਾਬਾ ਜੀ ਦੇ ਮੁੜ ਦਰਸ਼ਨ ਵੀ ਹੋਣਗੇ। ਕੁਝ ਸਾਲ ਗੁਜ਼ਰਨ ਬਾਦ ਬਾਬਾ ਜੀ ਦੇ ਲੜਕੇ ਅਤੇ ਪੋਤਿਆਂ ਦਾ ਖਿਆਲ ਹੋ ਗਿਆ, ਕਿ ਜੇਕਰ ਕੋਈ ਢੰਗ ਲਗੇ ਤਾਂ ਬਾਬਾ ਜੀ ਨੂੰ ਆਪਣੇ ਕੋਲ ਸਦ ਲਈਏ ਤਾਂ ਕਿ ਪਿਛਾੜੀ ਦੀ ਜ਼ਿੰਦਗੀ ਦੇ ਦਿਨ ਉਨ੍ਹਾਂ ਪਾਸ ਗੁਜ਼ਾਰ ਸਕਣ, ਜਿਸ ਕਰਕੇ ਉਨ੍ਹਾਂ ਦੀ ਚਿੰਤਾ ਦਾ ਚੱਕਰ ਘਟੇ।

ਸਰਦਾਰ ਗੁਰਦਿਆਲ ਸਿੰਘ ਤੇਜਾ ਭਿੰਗਰ, ਜਿਹੜੇ ਸਰਦਾਰ ਗੁਰਦੇਵ ਸਿੰਘ ਦੇ ਗੂੜ੍ਹੇ ਦੋਸਤ ਸਨ, ਹਿੰਦੋਸਤਾਨ ਗਏ ਹੋਏ ਸਨ। ਉਨ੍ਹਾਂ ਨਾਲ ਗਲਬਾਤ ਕਰਕੇ ਉਨ੍ਹਾਂ ਦੀ ਡਿਊਟੀ ਲਾਈ ਗਈ ਕਿ ਬਾਬਾ ਜੀ ਨੂੰ ਜ਼ਰੂਰ ਦੇਸੋਂ ਲੈ ਕੇ ਆਉਣਾ—ਸੋ ਗੁਰਦਿਆਲ ਸਿੰਘ ਤੇਜਾ ਨੇ ਆਪਣਾ ਫਰਜ਼ ਪੂਰਾ ਕਰਨ ਲਈ ਬਾਬਾ ਜੀ ਨੂੰ ਲਿਆਉਣ ਵਿਚ ਆਪਣਾ ਤਾਣ ਲਾਇਆ। ਹਿੰਦੋਸਤਾਨ ਦੀ ਹਵਾਈ ਸੇਵਾ ਉਨ੍ਹਾਂ ਨੂੰ ਚੁਕਦੀ ਨਹੀਂ ਸੀ, ਕਿਉਂਕਿ ਉਹ ਸਮਝਦੇ ਸਨ ਕਿ ਬਾਬਾ ਜੀ ਬ੍ਰਿਧ ਹਨ, ਜੇ ਜਾਣੀਏ ਰਸਤੇ ਵਿਚ ਗੁਜ਼ਰ ਜਾਣ। ਇਨ੍ਹਾਂ ਸਾਰੀਆਂ ਗੱਲਾਂ ਦੀਆਂ ਜ਼ਿੰਮੇਵਾਰੀਆਂ ਗੁਰਦਿਆਲ ਸਿੰਘ ਨੇ ਪੂਰੀਆਂ ਕੀਤੀਆਂ ਤੇ ਬਾਬਾ ਜੀ ਨੂੰ ਕੈਨੇਡਾ ਦੀ ਧਰਤੀ ਤੇ ਲਿਆ ਕੇ ਉਤਾਰਿਆ। ਉਸਦਾ ਸਾਰੇ ਪਰਿਵਾਰ ਨੇ ਧੰਨਵਾਦ ਕੀਤਾ

ਬਾਬਾ ਜੀ ਇਥੇ ਪੁਜਕੇ ਕਾਫੀ ਤਕੜੇ ਹੋ ਗਏ। ਉਨ੍ਹਾਂ ਦੀ ਸਿਹਤ ਚੰਗੀ ਹੋ ਗਈ। ਬਾਬਾ ਜੀ ਨੇ ਇਥੇ ਕਈ ਚਿਰ ਚੰਗੀ ਸਿਹਤ ਵਿਚ ਦਿਨ ਗੁਜ਼ਾਰੇ। ਆਪਣੇ ਪੁਰਾਣੇ ਸਾਥੀਆਂ ਨੂੰ ਮਿਲਕੇ ਪਿਛਲੀਆਂ ਯਾਦਾਂ ਤਾਜ਼ੀਆਂ ਕੀਤੀਆਂ।

ਅਖੀਰ ਆਪਣੇ ਬ੍ਰਿਧ ਸਰੀਰ ਨੂੰ ਕਮਿਊਨਿਸਟਾਂ ਦੇ ਝੰਡੇ ਵਿਚ ਲਪੇਟਕੇ, ਸਦਾ ਲਈ ਸਾਨੂੰ ਸਾਰਿਆਂ ਨੂੰ ਹਥੋੜੇ ਤੇ ਦਾਤੀ ਦੀ ਸਲਾਮੀ ਦੇ ਕੇ ਵਿਦਾ ਹੋ ਗਏ।

ਬਿਸ਼ਨ ਸਿੰਘ ਔਜਲਾ, ਵਿਕਟੋਰੀਆ, ਬੀ. ਸੀ.

ਮੰਨੋ ਭਾਵੇਂ ਨਾ

ਸਨਕੀ ਬਾਦਸ਼ਾਹ

ਲਕਸਮਬਰਗ ਦਾ ਸ਼ਾਸਕ ਗਰੈਂਡ ਡਿਊਕ ਅੰਡਾਲਫ (1807–1905) ਆਪਣੇ ਸਨਕੀ ਸੁਭਾਅ ਕਰਕੇ ਬਹੁਤ ਪ੍ਰਸਿੱਧ ਸੀ। ਇਸ ਵਿਸ਼ਵਾਸ ਨਾਲ ਕਿ 7ਵੇਂ ਪੁੱਤਰ ਸਦਾ ਕਿਸਮਤ ਵਾਲੇ ਹੁੰਦੇ ਹਨ, ਆਪਣੇ ਦੇਸ਼ ਵਿਚ ਕਿਸੇ ਵੀ ਮਾਂ ਦੇ ਲਗਾਤਾਰ ਪੈਦਾ ਹੋਣ ਵਾਲੇ 7ਵੇਂ ਪੁੱਤਰ ਦਾ ਉਹ ਧਰਮ ਪਿਤਾ ਬਣ ਜਾਂਦਾ ਸੀ ਤੇ ਆਪਣੇ ਧਰਮ-ਪੁੱਤਰ ਨੂੰ ਆਪਣਾ ਨਾਮ ਹੀ ਨਹੀਂ ਸੋਨੇ ਨਾਲ ਭਰਿਆ ਬਟੂਆ ਵੀ ਦਿਆ ਕਰਦਾ ਸੀ।

ਪਤੀ ਮਿਲਣ ਦੀ ਗਰੰਟੀ

ਆਸਟ੍ਰੇਲੀਆ ਦੀ ਇੰਦੀ ਆਦਿ-ਵਾਸੀਆਂ ਵਿਚ ਲੜਕੀਆਂ ਦਾ ਵਿਆਹ ਉਨ੍ਹਾਂ ਦੇ ਪੈਦਾ ਹੁੰਦੇ ਹੀ ਕਰ ਦਿਤਾ ਜਾਂਦਾ ਹੈ। ਇਸ ਤੋਂ ਇਲਾਵਾ ਇਕ ਵਿਧਵਾ ਨੂੰ ਆਪਣੇ ਪਤੀ ਦੇ ਅੰਤਿਮ ਸੰਸਕਾਰ ਦੇ ਫੌਰਨ ਬਾਅਦ ਦੂਸਰਾ ਵਿਆਹ ਲਾਜ਼ਮੀ ਤੌਰ ਤੇ ਕਰਨਾ ਪੈਂਦਾ ਹੈ।

ਅਜੀਬ ਝਰਨਾ

ਜ਼ਰਮਨੈਂਡ ਦਾ ਲਾਸ ਕਰਨ ਝਰਨਾ 1000 ਫੁੱਟ ਉੱਚਾ ਹੈ। ਫਿਰ ਵੀ ਬਹੁਤ ਥੋੜੇ ਲੋਕਾਂ ਨੇ ਇਸ ਨੂੰ ਦੇਖਿਆ ਹੈ, ਕਿਉਂਕਿ ਇਹ ਇਕ ਵਾਰ ਵਿਚ ਸਿਰਫ 30 ਮਿੰਟ ਹੀ ਡਿਗਦਾ ਹੈ ਤੇ ਉਹ ਵੀ ਮੁਸਲਾਧਾਰ ਵਰਖਾ ਦੇ ਪਿੱਛੋਂ।

ਬੜਾ ਪਤੰਗਾ

ਨਿਊ ਗਿਆਨਾ 'ਚ ਮਿਲਣ ਵਾਲੇ 'ਹਰਕੂਲੀਜ਼' ਨਾਮੀ ਪਤੰਗੇ ਨੂੰ ਸੰਸਾਰ ਦਾ ਸਭ ਤੋਂ ਵੱਡਾ ਪਤੰਗਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਪਤੰਗੇ ਦੀ ਲੰਬਾਈ ਇਕ ਖੰਭ ਤੋਂ ਦੂਜੇ ਖੰਭ ਤਕ 14 ਇੰਚ ਹੁੰਦੀ ਹੈ। ਇਹ ਸਿਰਫ 14 ਦਿਨ ਜਿਊਂਦਾ ਰਹਿੰਦਾ ਹੈ ਤੇ ਆਪਣੇ ਇਸ ਛੋਟੇ ਜਿਹੇ ਜੀਵਨ ਵਿਚ ਕੁਝ ਨਹੀਂ ਖਾਂਦਾ।

ਖਾਂਸੀ ਨਾਸ਼ਕ ਮੰਦਰ

ਰੋਮ, ਇਟਲੀ 'ਚ ਇਕ ਪੱਥਰ ਨੁਮਾ ਮੰਦਰ ਬਾਰੇ ਅਜਿਹੀ ਮਾਨਤਾ ਪਾਈ ਜਾਂਦੀ ਹੈ ਕਿ ਇਸ ਵਿਚ ਹਰ ਪ੍ਰਕਾਰ ਦੀ ਖੰਘ ਠੀਕ ਕਰ ਦੇਣ ਦੀ ਸ਼ਕਤੀ ਹੈ। ਕਿਹਾ ਜਾਂਦਾ ਹੈ ਕਿ ਖੰਘ ਦਾ ਰੋਗੀ ਜੇ ਇਕ ਰਾਤ ਇਸ ਮੰਦਰ ਵਿਚ ਬਤੀਤ ਕਰ ਲਵੇ ਤਾਂ ਉਹ ਹਮੇਸ਼ਾ ਵਾਸਤੇ ਖੰਘ ਤੋਂ ਛੁਟਕਾਰਾ ਪਾ ਲੈਂਦਾ ਹੈ।

ਖੂਨੀ ਰੰਗ ਦੀ ਨਦੀ

ਸਪੇਨ ਦੀ ਰੀਓ ਟਿੰਟੋ ਨਾਮੀ ਨਦੀ ਵਿਚ ਇਕ ਅਜਿਹਾ ਖਣਿਜ ਮੌਜੂਦ ਹੈ, ਜੋ ਹਵਾ ਦੇ ਸੰਪਰਕ ਵਿਚ ਆਉਂਦੇ ਸਾਰ ਹੀ ਨਦੀ ਦੇ ਪਾਣੀ ਨੂੰ ਖੂਨੀ ਲਾਲ ਰੰਗ ਵਿਚ ਬਦਲ ਦਿੰਦਾ ਹੈ।

ਸਾਉਣੀ ਦੀ ਉਪਜ ਨਵੇਂ ਰਿਕਾਰਡ ਵਲ

ਨਵੀਂ ਦਿਲੀ (ਯੂ. ਐਨ. ਆਈ)—ਨਵੇਂ ਅਨੁਮਾਨ ਮੁਤਾਬਕ ਪਿਛਲੀ ਸਾਉਣੀ ਦੀ ਕੁਲ ਅਨਾਜ ਉਪਜ 840 ਲਖ ਟਨ ਹੋਵੇਗੀ। ਪਹਿਲਾਂ 10 ਲਖ ਟਨ ਘਟ ਅਨੁਮਾਨੀ ਗਈ ਗਈ ਸੀ. ਫਿਰ ਵੀ ਇਕ ਰਿਕਾਰਡ ਹੋਈ ਸੀ.

ਹਾੜੀ ਦੇ ਆਸਾਰ ਵੀ ਚੰਗੇ ਹਨ ਅਤੇ ਇਸ ਦੇ 600 ਟਨ ਨਾਲ 1983-84 ਦੀ ਕੁਲ ਅਨਾਜ ਉਪਜ 1420 ਲਖ ਟਨ ਦੀ ਸਮੁਚੇ ਟੀਚੇ ਤੋਂ ਵਧ ਜਾਏਗੀ.

ਬਰਜਿੰਦਰ ਚੌਹਾਨ

ਜੋ ਢਲਦੀ ਸ਼ਾਮ ਵਿਚ ਸੂਰਜ ਮਗਰ ਗਿਆ ਹੋਣੈ।
ਉਹ ਸਰਦ ਰਾਤ ਦੀ ਬੁੱਕਲ 'ਚ ਠਰ ਗਿਆ ਹੋਣੈ।
ਜੋ ਭਾਲਣ ਪੈੜ-ਚਿੰਨ ਸਹਿਰਾ 'ਚ ਤੁਰ ਗਿਆ, ਉਹ ਸ਼ਖ਼ਸ,
ਸੁਲਘਦੀ ਰੇਤ ਵਿਚ ਕਿਧਰੇ ਪੰਘਰ ਗਿਆ ਹੋਣੈ।
ਤੂੰ ਐਵੇਂ ਦੇਖ ਨਾ ਵਿਰਲਾਂ 'ਚੋਂ ਖੋਲ੍ਹ ਕੇ ਬੂਹਾ,
ਕਦੋਂ ਦਾ ਹਾਦਸਾ ਹੁਣ ਤਾਂ ਗੁਜ਼ਰ ਗਿਆ ਹੋਣੈ।

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ, ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ 30ਵੀਂ — **ਕੇਸਰ ਸਿੰਘ ਨਾਵਲਿਸਟ**

ਕਾਂਡ 49

ਕਲਕੱਤੇ ਜਹਾਜ਼ ਲੱਗਣ ਤੋਂ ਪਹਿਲੋਂ ਹੀ ਭਾਈ ਸਾਹਬ ਨੇ ਕਾਫੀ ਕੁੱਝ ਸਮਝਾ ਬੁਝਾ ਕੇ ਜੋਗਿੰਦਰ ਸਿੰਘ ਨੂੰ ਆਪਣੀ ਟੋਲੀ ਨਾਲੋਂ ਵੱਖ ਕਰ ਦਿੱਤਾ ਸੀ ਉਨ੍ਹਾਂ ਨੇ ਸੋਚਿਆ ਕਿ ਫੌਜੀ ਗੋਰੇ ਤਾਂ ਚੰਗੀ ਤਰ੍ਹਾਂ ਸਮਝਦੇ ਹਨ ਕਿ ਉਹ ਪੀਨਾਂਗ ਤੋਂ ਚੜ੍ਹਿਆ ਇਕ ਮੁਸਾਫਰ ਹੈ ਪਰ ਪੰਜਾਬ ਪੁਲਸ ਵਾਸਤੇ ਇਤਨਾ ਕਾਫੀ ਹੋਵੇਗਾ ਕਿ ਉਹ ਸਾਡੇ ਵਾਲੇ ਜਹਾਜ਼ ਵਿਚ ਕਿਉਂ ਆਇਆ ਹੈ? ਜਦ ਉਹ ਫੌਜੀ ਪਹਿਰੇ ਵਿਚ ਬੰਗਾਲ ਤੇ ਪੰਜਾਬ ਪੁਲਸ ਹਵਾਲੇ ਕੀਤੇ ਗਏ ਤਾਂ ਜੋਗਿੰਦਰ ਸਿੰਘ ਜਹਾਜ਼ ਦੀ ਇਕ ਮੋਰੀ ਦੇ ਸ਼ੀਸ਼ੇ ਥਾਣੀ ਉਨ੍ਹਾਂ ਵੱਲ ਵੇਖ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਆਪਣੇ ਘਰ ਜਾਣ ਤੋਂ ਪਹਿਲੋਂ ਭਾਈ ਸਾਹਬ ਦੇ ਪਰਵਾਰ ਨੂੰ ਜਾ ਕੇ ਮਿਲੇਗਾ ਤੇ ਸਾਰੇ ਹਾਲਾਤ ਤੋਂ ਉਨ੍ਹਾਂ ਨੂੰ ਜਾਣੂ ਕਰਵਾਏਗਾ। ਉਹ ਉਥੇ ਹੀ ਵੇਖਦਾ ਰਹਿ ਗਿਆ।

ਭਾਈ ਸਾਹਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਗੋਰਿਆਂ ਨੇ ਅਲੀਪੁਰ ਜਿਹਲ ਵਿਚ ਜਾ ਡੱਕਿਆ। ਵੱਖੋ ਵੱਖਰੀਆਂ ਅੱਠਾਂ ਕੋਠੜੀਆਂ ਵਿਚ ਕੈਦ ਕੀਤੇ ਗਏ। ਉਨ੍ਹਾਂ ਦੀਆਂ ਕੋਠੜੀਆਂ ਜਿਹਲ ਦੀ ਇਕ ਨੁੱਕਰ ਵਿਚ ਸਨ। ਉਨ੍ਹਾਂ ਦੇ ਨੇੜੇ ਦੀਆਂ ਕੋਠੀਆਂ ਖਾਲੀ ਸਨ। ਹੋਰ ਕੋਠੜੀਆਂ ਉਨ੍ਹਾਂ ਤੋਂ ਕਾਫੀ ਦੂਰ ਸਨ। ਉਨ੍ਹਾਂ ਨੂੰ ਫੌਜਦਾਰੀ ਕੈਦੀਆਂ ਨਾਲੋਂ ਬਿਲਕੁਲ ਅਲੱਗ ਅਲੱਗ ਰੱਖਿਆ ਗਿਆ। ਜਦ ਬਾਹਰ ਕੱਢਣਾ ਹੁੰਦਾ ਤਾਂ ਇਕ ਇਕ ਨੂੰ ਕਰਕੇ ਕੱਢਦੇ। ਜੇ ਉਨ੍ਹਾਂ ਨੂੰ ਇਕੱਠਿਆਂ ਹੀ ਕਿਸੇ ਅਫਸਰ ਦੇ ਪੇਸ਼ ਕਰਨਾ ਹੁੰਦਾ ਤਾਂ ਕਰੜਾ ਪਹਿਰਾ ਰੱਖਦੇ।

ਏਨਾ ਕਰੜਾ ਪਹਿਰਾ ਰੱਖਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਭਿਣਕ ਪੈ ਜਾਂਦੀ ਕਿ ਕਾਮਾਗਾਟਾ ਮਾਰੂ ਦੇ ਸਾਕੇ ਵਿਚੋਂ ਭੱਜ ਨਿਕਲੇ ਜੋਧੇ ਫੜ ਕੇ ਲਿਆਂਦੇ ਜਾ ਰਹੇ ਹਨ। ਭਾਈ ਸਾਹਬ ਕਾਫੀ ਜਤਨ ਕਰਦੇ ਕਿ ਆਏ ਕੈਦੀਆਂ ਦੇ ਨਾਂ ਉਨ੍ਹਾਂ ਨੂੰ ਪਤਾ ਲਗ ਸਕਣ ਪਰ ਇਹ ਗੱਲ ਨਾ ਬਣ ਸਕੀ। ਕੁੱਝ ਵਾਰਡਰ ਲੁੱਕੇ ਛਿਪੇ ਉਨ੍ਹਾਂ ਨਾਲ ਹਮਦਰਦੀ ਕਰਨ ਲਗ ਪਏ ਸਨ। ਉਹ ਵਾਰਡਰ ਨਵੇਂ ਆਏ ਬੰਦਿਆਂ ਤੋਂ ਜਦ ਵੀ ਕੁੱਝ ਪੁਛਦੇ ਤਾਂ ਅੱਗੋਂ ਉਨ੍ਹਾਂ ਉਤੇ ਭਰੋਸਾ ਨਾ ਕਰਕੇ ਕੁੱਝ ਨਾ ਦਸਦੇ। ਇਸ ਤਰ੍ਹਾਂ ਫਿਰ ਗੱਲ ਰਹਿ ਜਾਂਦੀ।

ਅਲੀਪੁਰ ਜਿਹਲ ਵਿਚ ਖਾਣਾ ਬਹੁਤ ਮਾੜਾ ਸੀ। ਭੁੱਖ ਰੱਖ ਕੇ ਵਖਾਵੇ ਕੀਤੇ ਗਏ। ਆਪਣਾ ਖਾਣਾ ਪਕਾਉਣ ਦੀ ਮੰਗ ਕੀਤੀ ਗਈ ਪਰ ਜਿਹਲ ਅਧਿਕਾਰੀਆਂ ਨੇ ਉਨ੍ਹਾਂ ਦੀ ਕੋਈ ਗੱਲ ਨਾ ਮੰਨੀ। ਜਦ ਲੰਮੀ ਭੁੱਖ ਹੜਤਾਲ ਕਰਨ ਬਾਰੇ ਗੱਲ ਤੁਰੀ ਤਾਂ ਬਾਕੀ ਸਭ ਤਿਆਰ ਹੋ ਗਏ ਪਰ ਹਰਚਰਨ ਦਾਸ ਨੇ ਆਪਣਾ ਜ਼ੋਰ ਪਾ ਕੇ ਗੰਭੀਰ ਤੇ ਮੰਗੂ ਨੂੰ ਭੁੱਖ ਹੜਤਾਲ ਨਾ ਕਰਨ ਲਈ ਆਪਣੇ ਨਾਲ ਰਲਾ ਲਿਆ। ਇਸ ਤਰ੍ਹਾਂ ਭੁੱਖ ਹੜਤਾਲ ਦੀ ਗੱਲ ਰਹਿ ਗਈ।

ਹਰਨਾਮ ਸਿੰਘ ਸੁਨਾਰ ਬੜਾ ਬਲੀ ਤੇ ਬਹਾਦਰ ਯੋਧਾ ਸੀ। ਹਰਚਰਨ ਦਾਸ, ਗੰਭੀਰ ਤੇ ਮੰਗੂ ਉਸ ਦੇ ਸਾਥੀ ਸਨ। ਉਸ ਨੇ ਉਨ੍ਹਾਂ ਨਾਲ ਬੋਲਣਾ ਛੱਡ ਦਿਤਾ। ਹਰਚਰਨ ਦਾਸ ਨੇ ਉਸ ਤੋਂ ਮਾਫੀ ਮੰਗਦਿਆਂ ਕਿਹਾ—"ਤੈਨੂੰ ਪਤੈ ਮੈਂ ਭੁੱਖ ਨਹੀਂ ਸਹਾਰ ਸਕਦਾ। ਜੇ ਦੋ ਦਿਨ ਭੁੱਖ ਰੱਖਕੇ ਤੀਜੇ ਦਿਨ ਰੋਟੀ ਲਈ ਵਿਲਕਣ ਲਗ ਪਿਆ ਤਾਂ ਫੇਰ ਕੀ ਬਣੂੰ। ਭੁੱਖ ਹੜਤਾਲ ਤੋੜਨ ਨਾਲੋਂ ਤਾਂ ਚੰਗੇ ਰੱਖਾਂ ਈ ਨਾ।" ਉਸ ਦੀ ਗੱਲ ਸੁਣ ਕੇ ਹਰਨਾਮ ਸਿੰਘ ਦਾ ਮਨ ਉਸ ਦੀ ਦਲੀਲ ਮੰਨਣ ਲਈ ਤਿਆਰ ਹੋ ਗਿਆ।

ਹਰਨਾਮ ਸਿੰਘ ਜਾਣਦਾ ਸੀ ਕਿ ਹਰਚਰਨ ਦਾਸ ਬੜਾ ਝਗੜਾਲੂ ਸੀ ਪਰ ਉਸ ਨੂੰ ਆਪਣਾ ਪੱਕਾ ਸਾਥੀ ਸਮਝ ਕੇ ਉਸ ਨਾਲ ਬੜਾ ਹਿਤ ਕਰਦਾ ਸੀ। ਜੇ ਹਰਚਰਨ ਦਾਸ ਕੋਈ ਵਾਧੂ ਘਾਟੂ ਗੱਲ ਕਰੇ ਤਾਂ ਵੀ ਉਹ ਸਹਿ ਜਾਂਦਾ ਸੀ। ਉਹ ਬੜਾ ਦਰਿਆ ਦਿਲ ਸੀ। ਜਿੰਨਾ ਉਹ ਸਰੀਰ ਦਾ ਬਲਵਾਨ ਸੀ ਉੰਨਾ ਹੀ ਦਿਲ ਦਾ ਤਕੜਾ ਸੀ। ਨਾ ਉਸ ਨੂੰ ਕੁਟ ਭੰਨ ਸਕਦੀ ਸੀ ਤੇ ਨਾ ਹੀ ਉਸ ਦਾ ਮਨ ਦ੍ਰਿੜ ਇਰਾਦੇ ਤੋਂ ਤਿਲ੍ਹਕਣ ਦੀ ਸੋਚ ਸਕਦਾ ਸੀ। ਉਹ ਸਾਫ ਦਿਲ ਹੋਣ ਕਰਕੇ ਕਈ ਵਾਰ ਹਰਚਰਨ ਦਾਸ ਦੀਆਂ ਚਾਲਾਂ ਵਿਚ ਆ ਜਾਂਦਾ ਸੀ।

ਹਰਚਰਨ ਦਾਸ ਨਿਤ ਨਵੇਂ ਸੂਰਜ ਵਾਰਡਰਾਂ ਨਾਲ ਕੋਈ ਨਾ ਕੋਈ ਝਗੜਾ ਖੜਾ ਕਰ ਲੈਂਦਾ। ਹਰਨਾਮ ਸਿੰਘ, ਹਰਚਰਨ ਦਾਸ ਦੀ ਗਲਤੀ ਸਮਝ ਕੇ ਵੀ ਉਸ ਦੇ ਪੱਖ ਉਤੇ ਖੜਾ ਹੋ ਜਾਂਦਾ। ਭਾਈ ਸਾਹਬ ਉਸ ਦੀ ਇਸ ਕਮਜ਼ੋਰੀ ਤੋਂ ਜਾਣੂੰ ਹੋ ਗਏ ਪਰ ਉਹ ਮੂੰਹੋਂ ਕੁਝ ਨਾ ਕਹਿੰਦੇ। ਠਾਕਰ ਸਿੰਘ, ਸ਼ਿਵ ਦਿਆਲ ਤੇ ਦਰਸੀ ਚੈਨਚਇਆ ਨੇ ਹਰਨਾਮ ਸਿੰਘ ਨੂੰ ਹਰਚਰਨ ਦਾਸ ਦੀਆਂ ਗਲਤੀਆਂ ਬਾਰੇ ਸਮਝਾਉਣਾ। ਹਰਨਾਮ ਸਿੰਘ ਨੇ ਉਸਦੀ ਗਲਤੀ ਕਬੂਲ ਕਰਕੇ ਵੀ ਹਰਚਰਨ ਦਾਸ ਦਾ ਹੀ ਪੱਖ ਕਰਨਾ। ਉਸ ਦੇ ਦਿਲ ਵਿਚ ਇਕੋ ਗੱਲ ਜੰਮੀ ਹੋਈ ਸੀ ਕਿ ਉਹ ਉਸ ਨਾਲ ਅਮਰੀਕਾ ਤੋਂ ਆਇਆ ਹੈ। ਇਸ ਲਈ ਉਸ ਦਾ ਫਰਜ਼ ਬਣਦਾ ਹੈ ਕਿ ਹਰ ਤਰ੍ਹਾਂ ਉਸ ਦੀ ਮਦਦ ਕਰੇ। ਉਹ ਜਾਣਦਾ ਸੀ ਕਿ ਕਈ ਵਾਰੀ ਉਹ ਉਸ ਦੀ ਗਲਤ ਮਦਦ ਕਰਦਾ ਹੈ ਪਰ ਫਿਰ ਵੀ ਉਹ ਆਪਣੇ ਸੁਭਾ ਅਨੁਸਾਰ ਉਸ ਦੀ ਮਦਦ ਕਰਨ ਲਈ ਖੜਾ ਹੋ ਜਾਂਦਾ ਸੀ।

ਇਸ ਤਰ੍ਹਾਂ ਡੇਢ ਮਹੀਨਾ ਲੰਘ ਗਿਆ। ਗਰਮੀ ਦਾ ਜ਼ੋਰ ਘੱਟ ਗਿਆ। ਮੱਠੀ ਮੱਠੀ ਠੰਡ ਪੈਣ ਲਗ ਪਈ। ਇਕ ਸਵੇਰ ਨੂੰ ਜਦ ਉਨ੍ਹਾਂ ਨੂੰ ਕੋਠੀਆਂ ਵਿਚੋਂ ਬਾਹਰ ਕੱਢਿਆ ਗਿਆ ਤਾਂ ਗੰਭੀਰ ਮੰਗੂ ਦੋਵੇਂ ਗੁੰਮ ਸਨ। ਸਭ ਨੂੰ ਬੜੀ ਹਰਾਨੀ ਹੋਈ। ਭਾਂਤ ਭਾਂਤ ਦੀਆਂ ਗੱਲਾਂ ਹੋਣ ਲੱਗੀਆਂ। ਆਪਣੇ ਇਕ ਮਦਦਗਾਰ ਵਾਰਡਰ ਨੂੰ ਉਨ੍ਹਾਂ ਪੁਛਿਆ। ਦੂਜੇ ਦਿਨ ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਗੰਭੀਰ ਨੂੰ ਯੂ. ਪੀ. ਦੀ ਕਿਸੇ ਜਿਹਲ ਵਿਚ ਬਦਲ ਦਿਤਾ ਗਿਆ ਹੈ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਮੰਗੂ ਨੂੰ ਕਿਧਰ ਭੇਜਿਆ ਗਿਆ ਹੈ। ਸਭ ਤੋਂ ਵੱਧ ਹਰਚਰਨ ਦਾਸ ਨੂੰ ਉਨ੍ਹਾਂ ਦੀ ਚਿੰਤਾ ਲੱਗੀ। ਉਹ ਦੋਵੇਂ ਉਸ ਦੀ ਹਰ ਗੱਲ ਮੰਨਦੇ ਸਨ। ਉਹ ਅੰਗਰੇਜ਼ੀ ਬਹੁਤੀ ਨਹੀਂ ਸੀ ਜਾਣਦੇ। ਮਸਾਂ ਆਪਣਾ ਗੁਜ਼ਾਰਾ ਹੀ ਕਰਦੇ ਸਨ। ਹਰਚਰਨ ਦਾਸ ਚੰਗੀ ਅੰਗਰੇਜ਼ੀ ਜਾਣਦਾ ਸੀ। ਉਹ ਦੋਵੇਂ ਇਕ ਤਰਾਂ ਹਰਚਰਨ ਦਾਸ ਦੇ ਚੇਲੇ ਜਿਹੇ ਬਣੇ ਹੋਏ ਸਨ।

ਇਸੇ ਤਰ੍ਹਾਂ ਇਕ ਸਵੇਰ ਨੂੰ ਹਰਚਰਨ ਦਾਸ ਗੁੰਮ ਸੀ। ਇਕ ਵਾਰਡਰ ਨੇ ਭਾਈ ਸਾਹਬ ਨੂੰ ਦੱਸਿਆ ਕਿ ਉਹ ਭੁੱਖ ਦੇ ਦੁਖੋਂ ਆਪਣੀ ਮਰਜ਼ੀ ਨਾਲ ਜਿਹਲਰ ਕੋਲ ਪਹੁੰਚ ਗਿਆ ਸੀ। ਹੁਣ ਭਾਈ ਸਾਹਬ, ਠਾਕਰ ਸਿੰਘ, ਦਰਸੀ ਚੈਨਚਇਆ, ਸ਼ਿਵ ਦਿਆਲ ਤੇ ਹਰਨਾਮ ਸਿੰਘ ਹੀ ਅਲੀਪੁਰ ਜਿਹਲ ਵਿਚ ਰਹਿ ਗਏ ਸਨ।

ਕੁਝ ਦਿਨਾਂ ਮਗਰੋਂ ਇਕ ਹਮਦਰਦ ਵਾਰਡਰ ਨੇ ਭਾਈ ਸਾਹਬ ਨੂੰ ਦੱਸਿਆ ਕਿ ਉਸ ਨੇ ਜਿਹਲਰ ਤੇ ਚੀਫ ਵਾਰਡਰ ਨੂੰ ਗੱਲਾਂ ਕਰਦਾ ਸੁਣਿਆ ਸੀ। ਜਿਹਲਰ ਕਹਿ ਰਿਹਾ ਸੀ ਕਿ ਹਰਚਰਨ ਦਾਸ, ਅਮਰੀਕਾ ਤੇ ਕੈਨੇਡਾ ਤੋਂ ਆਏ ਬੰਦਿਆਂ ਨੂੰ ਫੜਵਾਉਣ ਵਿਚ ਮੱਦਦ ਦੇ ਰਿਹਾ ਹੈ ਤੇ ਉਸ ਨੂੰ ਪੰਜਾਬ ਦੀ ਖੁਫੀਆ ਪੁਲਸ ਵਿਚ ਅਫਸਰ ਬਣਾ ਦਿਤਾ ਗਿਆ ਹੈ।



ਕਾਂਡ 50

ਜਿਹਲ ਦੇ ਅਧਿਕਾਰੀ ਅੱਧੇ ਕੁ ਘੰਟੇ ਲਈ ਗਦਰੀ ਕੈਦੀਆਂ ਨੂੰ ਕੋਠੀਆਂ ਵਿਚੋਂ ਬਾਹਰ ਕੱਢ ਕੇ ਫਿਰਨ ਤੁਰਨ ਦੀ ਆਗਿਆ ਦੇਂਦੇ ਪਰ ਸਭ ਨੂੰ ਇਕੱਠਿਆਂ ਬਾਹਰ ਨਾ ਕੱਢਦੇ। ਇਕ ਇਕੱ ਦੋ ਦੋ ਕਰਕੇ ਕੱਢਦੇ। ਗੰਭੀਰ, ਮੰਗੂ ਤੇ ਹਰਚਰਨ ਦਾਸ ਜਾ ਚੁੱਕੇ ਸਨ। ਭਾਈ ਸਾਹਬ, ਦਰਸੀ ਚੈਨਚਇਆ, ਠਾਕਰ ਸਿੰਘ, ਸ਼ਿਵਦਿਆਲ ਤੇ ਹਰਨਾਮ ਸਿੰਘ ਇਕ ਦੂਜੇ ਨੂੰ ਮਿਲ ਪੈਂਦੇ।

ਇਕ ਦੁਪਹਿਰ ਨੂੰ ਭਾਈ ਸਾਹਬ ਤੇ ਦਰਸੀ ਨੂੰ ਇਕੱਠਿਆਂ ਬਾਹਰ ਕੱਢਿਆ ਗਿਆ। ਉਹ ਧੁੱਪੇ ਬਹਿ ਕੇ ਦੁਖ ਸੁਖ ਫੋਲਣ ਲਗ ਪਏ। ਪੰਜਾਬੀ ਵਿਚ ਗੱਲਾਂ ਕਰਨ ਦੀ ਆਵਾਜ਼ ਸੁਣ ਕੇ ਭਾਈ ਸਾਹਬ ਨੇ ਪਿੱਛੇ ਤੱਕਿਆ। ਦਰਸੀ ਦੀ ਨਜ਼ਰ ਵਿਚ ਉਧਰ ਚਲੀ ਗਈ। ਜਿਹਲ ਅਧਿਕਾਰੀ ਦੋ ਸਿੱਖਾਂ ਨੂੰ ਪੂਰਬ ਵੱਲ ਖੁਲ੍ਹਦੀਆਂ ਜਿਹਲ-ਕੋਠੀਆਂ ਵਲ ਲਿਜਾ ਰਹੇ ਸਨ। ਉਨ੍ਹਾਂ ਦੇ ਸਿਰ, ਪੈਰ, ਧੜ ਨੰਗੇ ਸਨ। ਬਸ ਕਛਿਹਰੇ ਹੀ ਤੇੜ ਸਨ। ਉਨ੍ਹਾਂ ਵਿਚੋਂ ਇਕ ਨੇ ਭਾਈ ਸਾਹਬ ਤੇ ਦਰਸੀ ਨੂੰ ਵੇਖ ਕੇ ਉੱਚੀ ਸਾਰੀ ਕਿਹਾ—"ਅਸੀਂ ਕੋਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰ ਹਾਂ।" ਭਾਈ ਸਾਹਬ ਤਰੱਬਕ ਕੇ ਉਠ ਖਲੋਤੇ ਦਰਸੀ ਵੀ ਸਮਝ ਗਿਆ ਕਿ ਇਹ ਦੋਵੇਂ ਕੈਦੀ ਕੋਮਾ ਗਾਟਾ ਮਾਰੂ ਵਾਲੇ ਹਨ।

ਵਾਰਡਰ ਨੇ ਉਨ੍ਹਾਂ ਕੈਦੀਆਂ ਨੂੰ ਛੇਤੀ ਛੇਤੀ ਤੁਰਨ ਲਈ ਕਿਹਾ। ਉਨ੍ਹਾਂ ਦੇ ਹੱਥਾਂ ਵਿਚ ਹੱਥਕੜੀਆਂ ਤੇ ਪੈਰਾਂ ਵਿਚ ਬੇੜੀਆਂ ਸਨ। ਇਕ ਨੇ ਅੜ ਕੇ ਖਲੋ ਕੇ ਪੁੱਛਿਆ—"ਤੁਸੀਂ ਤਏ ਸਿੰਘ ਸਾਹਿਬ ਮਲੂਮ ਹੁੰਦੇ ਹੋ।" ਨਾਲ ਹੀ ਉਸ ਨੇ ਫਤਹਿ ਗਜਾ ਦਿਤੀ। ਭਾਈ ਸਾਹਬ ਨੇ ਫਤਹਿ ਦਾ ਉੱਤਰ ਫਤਹਿ ਵਿਚ ਦਿਤਾ। ਵਾਰਡਰ ਨੇ ਉਨ੍ਹਾਂ ਦੋਹਾਂ ਨੂੰ ਧੱਕੇ ਮਾਰ ਕੇ ਅੱਗੇ ਤੋਰ ਲਿਆ। ਭਾਈ ਸਾਹਬ ਸਾਰਾ ਜਤਨ ਕਰਨ ਤੇ ਵੀ ਉਨ੍ਹਾਂ ਦੋਹਾਂ ਸਿੱਖਾਂ ਕੈਦੀਆਂ ਦੀ ਪਛਾਣ ਨਾ ਕੱਢ ਸਕੇ।

ਭਾਈ ਸਾਹਬ ਨੇ ਪਹਿਲੋਂ ਵੀ ਸੁਣਿਆ ਸੀ ਕਿ ਗੁਰੂ ਨਾਨਕ ਜਹਾਜ਼ ਦੇ ਕਈ ਕੈਦੀ ਇਸ ਜਿਹਲ ਵਿਚ ਬੰਦ ਹਨ ਪਰ ਅੱਜ ਉਨ੍ਹਾਂ ਨੂੰ ਇਸ ਗੱਲ ਦਾ ਸਬੂਤ ਮਿਲ ਗਿਆ। ਬਜ ਬਜ ਘਾਟ ਉਤੇ, ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਉਤੇ ਗੋਰਿਆਂ ਵਲੋਂ ਚਲਾਈ ਗਈ ਗੋਲੀ ਦਾ ਕਲਪਤ ਨਜ਼ਾਰਾ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਖਲੋਤਾ। ਉਹ ਅੱਖਾਂ ਮੀਟ ਕੇ ਚੌਕੜੀ ਮਾਰ ਕੇ ਬਹਿ ਗਏ। ਉਨ੍ਹਾਂ ਨੇ ਅੱਖਾਂ ਬੰਦ ਕਰਕੇ ਦੋਵੇਂ ਹੱਥ ਉਚੇ ਚੁੱਕ ਕੇ ਪੜ੍ਹਿਆ—"ਤੇਰਾ ਭਾਣਾ ਮੀਠਾ ਲਾਗੈ, ਨਾਮ ਪਦਾਰਥ ਨਾਨਕ ਮਾਗੈ।" ਦੂਝ ਦੇਰ ਉਹ ਅੱਖਾਂ ਮੁੰਦ ਕੇ ਬੈਠੇ ਰਹੇ। ਦਰਸੀ ਨੇ ਉਨ੍ਹਾਂ ਦੇ ਪੈਰ ਛੋਹੇ। ਉਨ੍ਹਾਂ ਦਰਸੀ ਦੇ ਹੱਥ ਆਪਣੇ ਹੱਥਾਂ ਵਿਚ ਫੜ ਲਏ। ਦਰਸੀ ਨੇ ਕਿਹਾ—"ਅੱਜ ਕਈ ਦਿਨਾਂ ਮਗਰੋਂ ਇਕੱਠੇ ਹੋਏ ਹਾਂ। ਕੋਈ ਗੱਲ ਕਰੋ। ਤੁਸੀਂ ਲੰਡਨ ਵਾਲੇ ਡੈਪੂਟੇਸ਼ਨ ਬਾਰੇ ਕਦੇ ਕੋਈ ਗੱਲ ਨਹੀਂ ਦੱਸੀ।"

ਭਾਈ ਸਾਹਬ ਨੇ ਦੱਸਣਾ ਸ਼ੁਰੂ ਕੀਤਾ—"ਕੈਨੇਡਾ ਦੀ ਸੰਗਤ ਉੱਤੇ ਸਰਕਾਰ ਵਲੋਂ ਢਾਹੇ ਗਏ ਜ਼ੁਲਮਾਂ ਦੀ ਕਹਾਣੀ ਤਾਂ ਤੁਹਾਨੂੰ ਪਤਾ ਹੀ ਹੈ।"

"ਜੀ ਹਾਂ।" ਦਰਸੀ ਨੇ ਹੁੰਗਾਰਾ ਭਰਿਆ।

"ਕਈ ਮਸਲੇ ਸਨ ਪਰ ਦੋ ਵੱਡੇ ਮਸਲੇ ਸਨ। ਇਕ ਸਿੱਧੇ ਜਹਾਜ਼ ਦੀ ਸ਼ਰਤ। ਸਿੱਧਾ ਜਹਾਜ਼ ਜਾਂਦਾ ਹੀ ਕੋਈ ਨਹੀਂ ਸੀ। ਦੂਜਾ ਮਸਲਾ ਸੀ ਪਰਵਾਰਾਂ ਦੇ ਦਾਖਲੇ ਉੱਤੇ ਬੰਦਸ਼।"

"ਇਹ ਤਾਂ ਮੈਨੂੰ ਪਤਾ ਹੈ।"

ਇਨ੍ਹਾਂ ਮਸਲਿਆਂ ਦੇ ਹਲ ਲਈ ਸੰਗਤ ਨੇ ਮੇਰੀ ਸੇਵਾ ਲਾ ਦਿਤੀ। ਚੋਬਦਾਰ ਨਰੈਣ ਸਿੰਘ ਜੀ ਤੇ ਭਾਈ ਨੰਦ ਸਿੰਘ ਜੀ ਸੀਹਰਾ ਮੇਰੇ ਨਾਲ ਦੇ ਦਿੱਤੇ।"

"ਨੰਦ ਸਿੰਘ ਤਾਂ ਕੈਲੇਫੋਰਨੀਆਂ ਪੜ੍ਹਦਾ ਸੀ। ਮੈਂ ਉਸ ਨੂੰ ਜਾਣਦਾ ਹਾਂ।"

"ਤੁਸੀਂ ਠੀਕ ਬੁਝਿਆ ਹੈ।"

"ਅਸੀਂ ਚੌਦਾਂ ਮਾਰਚ ਉਨੀ ਸੌ ਤੇਰਾਂ ਨੂੰ ਮੋਂਟਰੀਅਲ ਤੇ ਸੇਂਟ ਜਾਹਨ ਰਾਹੀਂ ਲੰਡਨ ਪਹੁੰਚੇ। ਲੀਊਸ ਹਾਰਕੋਰਟ, ਨੌ ਆਬਾਦੀਆ ਦੇ ਵਜ਼ੀਰ ਨੇ ਮੁਲਾਕਾਤ ਕਰਨ ਤੋਂ ਨਾਂਹ ਕਰ ਦਿੱਤੀ। ਸਰ ਵਿਲੀਅਮ ਵੈਡਰਬਰਨ, ਸਰ ਹੈਨਰੀ ਕਾਟਨ, ਸਰ ਮਨਛਰ ਜੀ ਭਾਵਨਗਰ, ਸਰ ਕੇ ਜੀ ਗੁਪਤਾ, ਨੌ ਆਬਾਦੀਆਂ ਦੇ ਨਿੱਕੇ ਵਜ਼ੀਰ ਤੇ ਪਾਰਲੀਮੈਂਟ ਦੇ ਹੋਰ ਕਈ ਮੈਂਬਰਾਂ ਨੂੰ ਮਿਲੇ ਆਪਣੇ ਮੰਤਵ ਲਈ ਕੈਕਸਟਨ ਹਾਲ ਵਿਚ ਜਲਸਾ ਕੀਤਾ। ਗੋਖਲੇ ਨੂੰ ਵੀ ਮਿਲੇ। ਦੇਸ ਪਹੁੰਚ ਕੇ ਮਦਰਾਸ, ਬੰਬਈ ਤੇ ਲਾਹੌਰ ਗਏ। ਬ੍ਰੈਡਲਾ ਹਾਲ ਲਾਹੌਰ ਵੀ ਜਲਸਾ ਕੀਤਾ। ਆਪਣੇ ਮਸਲੇ ਲੋਕਾਂ ਅੱਗੇ ਰੱਖੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਮਿਲੇ। ਉਸ ਨੇ ਬੜੀ ਅਬੇ ਤਬੇ ਕੀਤੀ ਵਾਇਸਰਾਏ ਤੱਕ ਪਹੁੰਚੇ ਪਰ ਸਾਡੀ ਕੋਈ ਗੱਲ ਨਾ ਬਣੀ। ਅੱਕ ਕੇ ਅਸੀਂ ਨੌ ਅਪਰੈਲ ਉਨੀ ਸੌ ਚੌਦਾਂ ਨੂੰ ਹਾਂਗਕਾਂਗ ਪਰਤੇ। ਮੇਰੇ ਦੋਵੇਂ ਸਾਥੀ ਪਿੱਛੇ ਦੇਸ ਰਹਿ ਗਏ। ਅਗਲੀ ਸਾਰੀ ਗੱਲ ਤੁਹਾਨੂੰ ਪਤਾ ਹੀ ਹੈ। ਮੈਂ, ਗੁਰੂ ਨਾਨਕ ਜਹਾਜ਼ ਵਾਲਿਆਂ ਨੂੰ ਜਾਪਾਨ ਮਿਲ ਕੇ ਉਨ੍ਹਾਂ ਤੋਂ ਦੋ ਦਿਨ ਪਹਿਲੋਂ ਵੈਨਕੂਵਰ ਪਹੁੰਚ ਗਿਆ ਸਾਂ। ਵੈਨਕੂਵਰ ਜਾਣ ਤੋਂ ਪਹਿਲੋਂ ਅਸਾਂ ਡੈਪੂਟੇਸ਼ਨ ਦੀ ਰਪੋਰਟ ਵਿਕਟੋਰੀਆ ਦੀ ਸੰਗਤ ਨੂੰ ਦੇ ਦਿੱਤੀ ਸੀ।"

"ਤੁਹਾਡੀ ਸਾਰੀ ਵਿਥਿਆ ਸੁਣ ਕੇ ਮੇਰੇ ਮਨ ਵਿਚ ਹੋਰ ਕਈ ਸੁਆਲ ਪੈਦਾ ਹੋ ਗਏ ਹਨ ਪਰ ਵਾਰਡਨ ਦਫਤਰੋਂ ਨਿਕਲ ਤੁਰਿਆ ਹੈ।"

ਵਾਰਡਨ ਨੇ ਦੂਰੋਂ ਹੀ ਵਾਜ ਮਾਰ ਦਿੱਤੀ—"ਤੁਹਾਡਾ ਵਕਤ ਖਤਮ ਹੋ ਚੁੱਕਾ ਹੈ।"

ਉਸ ਨੇ ਉਨ੍ਹਾਂ ਨੂੰ ਕੋਠੀਆਂ ਵਿਚ ਬੰਦ ਕਰਕੇ ਹਰਨਾਮ ਸਿੰਘ ਦੀ ਕੋਠੀ ਵਿਚ ਝਾਤ ਮਾਰ ਕੇ ਕਿਹਾ—"ਬਾਕੀ ਕੈਦੀਆਂ ਨੂੰ ਅੱਜ ਬਾਹਰ ਕੱਢਣ ਦੀ ਇਜਾਜ਼ਤ ਨਹੀਂ। ਤੁਸੀਂ ਨਵੇਂ ਆਏ ਕੈਦੀਆਂ ਨਾਲ ਗੱਲਾਂ ਕਰਨੋਂ ਨਹੀਂ ਟਲਦੇ।"

ਭਾਈ ਸਾਹਬ ਨੇ ਨਰਮ ਅਵਾਜ਼ ਵਿਚ ਕਿਹਾ—"ਭਾਈ ਹਰਨਾਮ ਸਿੰਘ ਜੀ! ਕਸੂਰ ਅਸਾਡਾ ਤੇ ਸਜ਼ਾ ਤੁਹਾਨੂੰ ਸਭ ਨੂੰ। ਖਿਮਾ ਕਰਨੀ।"

ਸ਼ਿਵ ਦਿਆਲ ਤੇ ਠਾਕਰ ਸਿੰਘ ਨੇ ਵੀ ਭਾਈ ਸਾਹਬ ਦੀ ਗੱਲ ਸੁਣ ਲਈ ਸੀ। ਉਹ ਦੋਵੇਂ ਆਪਣੀਆਂ ਕੋਠੀਆਂ ਵਿਚ ਲੋਹੇ ਦੀਆਂ ਸੀਖਾਂ ਨੂੰ ਹੱਥ ਪਾ ਕੇ ਖਲੋਤੇ ਸਨ।

ਇਹ ਪੰਜੇ ਕੈਦੀ ਕੋਠੀਆਂ ਵਿਚ ਬੰਦ ਹੁੰਦਿਆਂ ਇਕ ਦੂਜੇ ਨੂੰ ਵੇਖ ਨਹੀਂ ਸਨ ਸਕਦੇ ਪਰ ਵਾਜ ਮਾਰ ਕੇ ਗੱਲਾਂ ਕਰ ਲੈਂਦੇ ਸਨ।

(ਚਲਦਾ)

ਇਕ ਬੀਬੀ ਦੇ ਆਖਣ ਤੇ ਅਸੀਂ ਵੀ ਸੰਤਾਂ ਦੇ ਦਰਸ਼ਨਾਂ ਨੂੰ ਚਲੇ ਗਏ, ਬੜੀ ਪ੍ਰਭਾਵਸ਼ਾਲੀ ਬਜ਼ੁਰਗ ਸਖਸ਼ੀਅਤ ਸੀ। ਘਰ ਉਪੜ, ਓਸੇ ਬੀਬੀ ਜੀ ਤੋਂ ਸੰਤਾਂ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਦਿਆਂ ਪਤਾ ਲਗਾ ਕਿ ਸੰਤਾਂ ਦੀ ਇਕ ਯੰਗ ਚੇਲੀ ਸੰਤਾਂ ਦੇ ਨਾਲ ਹੀ ਰਹਿੰਦੀ ਹੈ, ਸੰਤ ਜੀ ਦੇ ਬੱਚੇ ਉਨ੍ਹਾਂ ਨੂੰ ਨਖੱਟੂ ਸਮਝ ਮੂੰਹ ਨਹੀਂ ਲਾਉਂਦੇ ਤੇ ਸੰਤ ਜੀ ਆਪਣੀ ਅਣ-ਨਿਜੱਠੀ ਕਬੀਲਦਾਰੀ ਵੀ ਆਪਣੇ ਵੱਡੇ ਬੱਚਿਆਂ ਸਿਰ ਹੀ ਛੱਡ ਆਏ ਹਨ, ਬਾਹਰ ਸੰਤ ਜੀ ਦਾ ਠਕ-ਠਕਾ ਵਾਹ-ਵਾ ਚਲ ਚੁਕਾ ਹੈ ਤੇ ਓਹ ਰਾਧਾ-ਸਵਾਮੀ ਤੇ ਨਿਰੰਕਾਰੀਆਂ ਵਾਂਗ, ਪੰਜਾਬ ਦੇ ਕਿਸੇ ਰੇਗਿਸਤਾਨੀ ਇਲਾਕੇ ਜਿਥੇ ਪੀਣ ਲਈ ਪਾਣੀ ਵੀ ਦੂਰੋਂ ਲਿਆਉਣਾ ਪੈਂਦਾ ਹੈ, ਆਪਣੇ ਨਵੇਂ ਮੱਤ ਦਾ ਵਾਹ-ਵਾ ਅੱਡਾ-ਗੱਡਾ ਬਣਾ ਲਿਆ ਹੈ, ਤੇ ਓਹਦਾ ਖਸਾਰਾ ਹੋ ਰਿਹਾ ਹੈ ਕਿਉਂ ਜੋ ਕੈਨੇਡੀਅਨ ਪਰਵਾਰ ਸੰਤਾਂ ਦੇ ਸ਼ਰਧਾਲੂ ਬਣ ਚੁਕੇ ਹਨ ਜਿਹੜੇ ਆਪਣੀ ਕਬਲੀਦਾਰੀ ਦੀ ਬਲੀ ਦੇ ਕੇ ਵੀ ਸੰਤਾਂ ਨੂੰ ਖੁਸ਼ ਦੇਖਣਾ ਮੰਗਦੇ ਹਨ ਕੀ ਹੋਇਆ ਜੇ ਸੰਤ ਘਰ ਵਿਚ ਜੋਗੜੇ ਹਨ।

ਫ਼ਿਲਮ ਦਰਪਣ

ਦੁਨੀਆਂ—ਬੰਬਈ ਦੀ

ਪਰਵੀਨ ਬਾਬੀ ਅਜੇ ਤਕ ਵੀ ਆਪਣੇ ਨਿਰਮਾਤਾਵਾਂ ਲਈ ਕਿਆਮਤ ਬਣੀ ਹੋਈ ਹੈ। ਪਤਾ ਲੱਗਾ ਹੈ ਕਿ ਉਹ ਅੱਜ ਤਕ ਪੈਰਿਸ ਵਿਚ ਮੌਜਾਂ ਮਾਣ ਰਹੀ ਹੈ ਪਰ ਅਚਾਨਕ ਬੰਬਈ ਫਿਲਮ ਇੰਡਸਟਰੀ ਵਿਚੋਂ ਉਸ ਦਾ ਗਾਇਬ ਹੋ ਜਾਣਾ ਫਿਲਮ ਇੰਡਸਟਰੀ ਵਿਚ ਖਲਬਲੀ ਮਚਾ ਗਿਆ ਹੈ। ਜਿਹਨਾਂ ਨਿਰਮਾਤਾਵਾਂ ਦੀਆਂ ਪਰਵੀਨ ਵਾਲੀਆਂ ਫਿਲਮਾਂ ਅਧੂਰੀਆਂ ਰਹਿ ਗਈਆਂ ਹਨ, ਉਹਨਾਂ ਦੇ ਅਜਿਹੇ ਲੱਕ ਟੁਟੇ ਹਨ ਕਿ ਉਹ ਜ਼ਿੰਦਗੀ ਭਰ ਸ਼ਾਇਦ ਹੀ ਉਠ ਸਕਣ। ਵੈਸੇ ਕਈ ਨਿਰਮਾਤਾਵਾਂ ਨੂੰ ਤਾਂ ਪ੍ਰਵੀਨ ਬਾਬੀ ਵਲੋਂ ਨਰਵਸ ਬਰੇਕ ਡਾਊਨ ਦੀ ਪਈ ਪਹਿਲੀ ਸੱਟ ਹੀ ਅਜੇ ਤਕ ਨਹੀਂ ਸੀ ਭੁੱਲੀ।

× ×

ਨਿਰਮਾਤਾ ਗੌਤਮ ਭਾਟੀਆ ਨੇ ਪਰਵੀਨ ਬਾਬੀ ਨੂੰ ਮਿਠੁਨ ਚਕਰਵਰਤੀ ਨਾਲ ਆਪਣੀ ਫਿਲਮ 'ਦੀਵਾਨਾ ਤੇਰੇ ਪਿਆਰ ਕਾ' ਵਿਚ ਸਾਈਨ ਕੀਤਾ ਸੀ ਤੇ ਇਕ ਗਾਣੇ ਦੀ ਰਿਕਾਡਿੰਗ ਵੀ ਕਰ ਲਈ ਸੀ। ਸ਼ੁਕਰ ਰੱਬ ਦਾ ਕਿ ਉਹਨਾਂ ਅਜੇ ਸ਼ੂਟਿੰਗ ਨਹੀਂ ਸੀ ਸ਼ੁਰੂ ਕੀਤੀ, ਇਸ ਲਈ ਗੌਤਮ ਭਾਟੀਆ ਨੇ ਪਰਵੀਨ ਬਾਬੀ ਨੂੰ ਛੱਡ ਕੇ ਵਿਜੇਅਤਾ ਪੰਡਿਤ ਨੂੰ ਲੈ ਲਿਆ ਹੈ।

× ×

ਇਸੇ ਤਰ੍ਹਾਂ ਨਿਰਮਾਤਾ-ਨਿਰਦੇਸ਼ਕ ਰਾਜ ਤਿਲਕ ਨੇ ਆਪਣੀ ਨਵੀਂ ਫਿਲਮ 'ਚਦਕ ਦਮਕ' ਵਿਚ ਰਾਜ ਬੱਬਰ ਨਾਲ ਪਰਵੀਨ ਦੀ ਥਾਂ ਨਵੀਂ ਹੀਰੋਇਨ ਮੁਨਮੁਨ ਜੇਨ ਨੂੰ ਸਾਈਨ ਕਰ ਕੇ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿਤੀ ਹੈ।

× ×

ਪਰਵੀਨ ਬਾਬੀ ਦੇ ਗਾਇਬ ਹੋਣ ਨਾਲ ਸਭ ਤੋਂ ਵਧ ਫਾਇਦਾ ਜਯਾ ਪ੍ਰਦਾ ਨੂੰ ਹੋਇਆ ਹੈ। ਅਮਿਤਾਭ, ਜਿਸ ਨਾਲ ਸਭ ਤੋਂ ਵਧ ਫਿਲਮਾਂ ਵਿਚ ਪਰਵੀਨ ਬਾਬੀ ਨੂੰ ਸਾਈਨ ਕੀਤਾ ਜਾਂਦਾ ਸੀ, ਦੀ ਰੁਚੀ ਵੀ ਹੁਣ ਜਯਾ ਪ੍ਰਦਾ ਵਲ ਨੂੰ ਪਲਟਦੀ ਜਾ ਰਹੀ ਹੈ। ਇਸ ਲਈ ਅਮਿਤਾਭ ਦੀਆਂ ਨਵੀਆਂ ਫਿਲਮਾਂ 'ਸ਼ਰਾਬੀ', 'ਆਇਰ' ਅਤੇ 'ਔਕਾਤ' ਵਿਚ ਹੀਰੋਇਨ ਜਯ ਪ੍ਰਦਾ ਹੀ ਹੈ।

× ×

ਟੀਨਾ ਮੁਨੀਮ ਨੇ ਇਸ ਗੱਲ ਤੋਂ ਇਨਕਾਰ ਕਰ ਦਿਤਾ ਹੈ ਕਿ ਉਸ ਦਾ ਰਾਜੇਸ਼ ਖੰਨਾ ਦੇ ਬਾਥ ਰੂਮ ਨਾਲ ਕੋਈ ਸੰਬੰਧ ਨਹੀਂ। ਉਹ ਸਿਰਫ 'ਆਸ਼ੀਰਵਾਦ' ਜਾਂਦੀ ਹੈ ਤੇ ਰਾਜੇਸ਼ ਨੂੰ ਮਿਲ ਕੇ ਵਾਪਸ ਆ ਜਾਂਦੀ ਹੈ। ਟੀਨਾ ਨੇ ਇਹ ਵੀ ਸਪਸ਼ਟ ਕੀਤਾ ਕਿ ਉਹ 'ਆਸ਼ੀਰਵਾਦ' ਵਿਚ ਕਦੀ ਰਾਤ ਵੀ ਨਹੀਂ ਰਹੀ। ਇਸੇ ਕਰਕੇ ਰਾਜੇਸ਼ ਦੇ ਬਾਥਰੂਮ ਵਿਚ ਨਾ ਉਸ ਦਾ ਟੂਥ-ਬੁਰਸ਼ ਹੈ ਤੇ ਨਾ ਹੀ ਤੌਲੀਆ।

× ×

ਵਿਨੋਦ ਮਹਿਰਾ ਦੀ ਤੀਜੀ ਪਤਨੀ ਬਿੰਦੀਆ ਗੋਸਵਾਮੀ ਨੇ ਆਪਣੇ ਪੁਰਾਣੇ ਦੋਸਤ ਜੇ. ਪੀ. ਦੱਤਾ ਨਾਲ ਸ਼ਰੇਆਮ ਮਿਲਣਾ ਸ਼ੁਰੂ ਕਰ ਦਿਤੀ ਹੈ। ਵਿਨੋਦ ਮਹਿਰਾ ਵਲੋਂ ਵ ਰ ਵਾਰ ਤਾੜਨਾ ਕਰਨ ਦਾ ਉਸ ਤੇ ਕੋਈ ਅਸਰ ਨਹੀਂ ਹੋਇਆ ਪਰ ਇਸ ਗੱਲ ਦਾ ਇਕੋਇਕ ਹੱਲ ਬਾਕੀ ਇਹੀ ਰਹਿ ਗਿਆ ਹੈ ਕਿ ਵਿਨੋਦ-ਬਿੰਦੀਆ ਦਾ ਤਲਾਕ ਹੋਵੇਗਾ।

× ×

ਰਾਜ ਬੱਬਰ ਨੇ ਬਹੁਤ ਦੇਰ ਚਰਚਾ ਦਾ ਵਿਸ਼ਾ ਬਣੇ ਰਹਿਣ ਪਿਛੋਂ ਆਪਣੇ ਤੇ ਸਮਿਤਾ ਦੇ ਇਸ਼ਕ-ਚੱਕਰ ਦਾ ਖੰਡਨ ਕਰ ਦਿਤਾ ਹੈ। ਰਾਜ ਬੱਬਰ ਦਾ ਕਹਿਣਾ ਹੈ ਕਿ ਸਮਿਤਾ ਨਾਲ ਉਸ ਦੀ ਦੋਸਤੀ ਜ਼ਰੂਰ ਹੈ ਪਰ ਇਸ਼ਕ ਵਾਲੀ ਕੋਈ ਗੱਲ ਨਹੀਂ।


× ×

ਸਮਿਤਾ ਪਾਟਿਲ ਦਾ ਕਹਿਣਾ ਹੈ ਕਿ ਉਹ ਭਾਵੇਂ ਸੈੱਟ ਤੇ ਹੋਰ ਕਿਸੇ ਕਲਾਕਾਰ ਨਾਲ ਗੱਲ ਨਹੀਂ ਕਰਦੀ ਪਰ ਰਾਜ ਬੱਬਰ ਨਾਲ ਖੁਲ੍ਹ ਕੇ ਜ਼ਰੂਰ ਕਰ ਲੈਂਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਰਾਜ ਬੱਬਰ ਦੀ ਦੂਜੀ ਪਤਨੀ ਬਣਨ ਵਾਲੀ ਹਾਂ। ਸਮਿਤਾ ਨੇ ਇਹ ਵੀ ਦਸਿਆ ਕਿ ਰਾਜ ਬੱਬਰ ਵਿਚ ਇਕ ਇਨਸਾਨ ਦੀ ਹੈਸੀਅਤ ਨਾਲ ਜੋ ਚੰਗਿਆਈਆਂ ਹਨ ਉਹ ਸ਼ਾਇਦ ਹੀ ਕਿਸੇ ਹੋਰ ਫਿਲਮੀ ਕਲਾਕਾਰ ਵਿਚ ਹੋਣ। ਇਹੀ ਵਜਹ ਹੈ ਕਿ ਰਾਜ ਬੱਬਰ ਉਸ ਨੂੰ ਚੰਗਾ ਲਗਦਾ ਹੈ। ਇਸ ਚੰਗਿਆਈ ਕਰਕੇ ਹੀ ਲੋਕ ਉਹਨਾਂ ਬਾਰੇ ਖੰਭਾਂ ਦੀਆਂ ਡਾਰਾਂ ਬਣਾ ਰਹੇ ਹਨ।

× ×

ਰਾਜ ਕਪੂਰ ਜਿਸ ਨੇ ਆਪਣੀ ਨਵੀਂ ਫਿਲਮ 'ਰਾਮ ਤੇਰੀ ਗੰਗਾ ਮੈਲੀ' ਵਿਚ ਗੰਗਾ ਦੀ ਭੂਮਿਕਾ ਲਈ ਨਵੀਂ ਹੀਰੋਇਨ ਲੱਭਣ ਖਾਤਿਰ ਚੰਡੀਗੜ੍ਹ ਵੀ ਕਈ ਕੁੜੀਆਂ ਦੇਖੀਆਂ-ਪਰਖੀਆਂ ਸਨ, ਹੁਣ ਮਾਧੁਰੀ ਨਾਂ ਦੀ ਕੁੜੀ ਨੂੰ ਸਾਈਨ ਕਰ ਲਿਆ ਹੈ। ਇਹ ਉਹ ਮਾਧੁਰੀ ਹੈ ਜਿਸ ਦਾ ਅਸਲੀ ਨਾਂ ਯਾਸਮੀਨ ਹੈ ਤੇ ਰਣਜੀਤ ਵਿਰਕ ਦੀ ਫਿਲਮ 'ਮਜ਼ਲੂਮ' ਵਿਚ ਉਸ ਦੇ ਪੁਤਰ ਨਾਲ ਹੀਰੋਇਨ ਆ ਰਹੀ ਹੈ।

× ×



ਮਾਧੁਰੀ

× ×

ਅਸਲ ਗੱਲ ਇਹ ਹੈ ਕਿ ਅਮਿਤਾਭ ਬੱਚਨ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਹੁਣ ਉਹ ਬਹੁਤੀ ਦੇਰ ਨੰਬਰ ਵੰਨ ਸਟਾਰ ਨਹੀਂ ਬਣਿਆ ਰਹਿ ਸਕੇਗਾ। ਇਕ ਤਾਂ ਉਸ ਦੀ ਹਮ-ਉਮਰ ਵਾਲੇ ਸਟਾਰ ਰਾਜੇਸ਼ ਖੰਨਾ ਦੇ ਦਿਨ ਪਰਤ ਆਏ ਹਨ, ਦੂਜਾ ਜਤਿੰਦਰ ਕਦੀ ਉਸ ਮਗਰੋਂ ਲੱਥਾ ਹੀ ਨਹੀਂ, ਤੀਜਾ ਨਵੇਂ ਚਿਹਰਿਆਂ (ਜਿਹਨਾਂ ਵਿਚ ਸਟਾਰ ਪੁਤਰ ਵੀ ਸ਼ਾਮਲ ਹਨ) ਨੇ ਵੀ ਕਾਫੀ ਨਾਮਣਾ ਖੱਟ ਲਿਆ ਹੈ, ਇਹਨਾਂ ਗੱਲਾਂ ਕਰਕੇ ਅਮਿਤਾਭ ਹੁਣ ਵਧ ਤੋਂ ਵਧ ਫਿਲਮਾਂ ਸਾਈਨ ਕਰਕੇ ਇਕ ਵਾਰੀ ਪੈਸੇ ਇਕੱਠੇ ਕਰਨਾ ਚਾਹੁੰਦਾ ਹੈ। ਕੀ ਉਹ ਅਜਿਹਾ ਕਰ ਸਕੇਗਾ ? ਸ਼ਾਇਦ ਨਹੀਂ।

× ×

ਅਧਖੜ ਰਾਮੇਸ਼ ਤਲਵਾੜ ਦੇ ਅੱਧਾ-ਯੁਗ (ਤਕਰੀਬਨ 6 ਸਾਲ) ਇੰਤਜ਼ਾਰ ਕਰਨ ਤੇ ਵੀ ਜਦ ਪੂਨਮ ਢਿਲੋਂ ਵਲੋਂ ਕੋਈ ਖੈਰ ਨਾ ਪਈ ਤਾਂ ਉਸ ਨੇ ਨੀਤਾ ਨਾਂ ਦੀ ਇਕ ਬੰਬਈ ਦੀ ਲੜਕੀ ਨਾਲ 12 ਅਕਤੂਬਰ ਨੂੰ ਵਿਆਹ ਕਰਾ ਹੀ ਲਿਆ। ਫਿਲਮੀ ਹਲ਼ਕਿਆਂ ਵਿਚ ਇਸ ਗੱਲ ਦੀ ਚਰਚਾ ਹੈ ਕਿ ਇਕ ਨਾਮੀ ਨਿਰਦੇਸ਼ਕ ਤੇ ਨਿਰਦੇਸ਼ਕ-ਪੁਤਰ ਦੀ ਸ਼ਾਦੀ ਹੋਵੇ ਤੇ ਉਹ ਵੀ ਗੁਪਤ ਕਿਉਂ ਰੱਖੀ ਗਈ ? ਕਾਰਨ ਸਪਸ਼ਟ—ਰਮੇਸ਼ ਤਲਵਾੜ ਨੂੰ ਆਖਰੀ ਦਮ ਤਕ ਆਸ ਸੀ ਕਿ ਪੂਨਮ ਢਿਲੋਂ ਉਸ ਨਾਲ ਵਿਆਹ ਰਚਾਉਣ ਲਈ ਹਾਂ ਕਹਿ ਦੇਵੇਗੀ ਪਰ ਉਸ ਵਲੋਂ ਸਾਫ-ਸਾਫ ਨਾਂਹ-ਨੁਕਰ ਹੋਣ ਪਿਛੋਂ ਰਮੇਸ਼ ਨੇ ਬਹੁਤੀ ਦੇਰ ਹੋਟਲਾਂ ਦੀਆਂ ਪੱਕੀਆਂ ਖਾਣ ਤੋਂ ਇਹੀ ਬੇਹਤਰ ਸਮਝਿਆ ਕਿ ਉਹ ਵੀ 'ਘਰ ਵਾਲਾ' ਬਣ ਜਾਏ।

× ×

ਇਸ ਗੱਲ ਬਾਰੇ ਦੋ ਰਾਵਾਂ ਨਹੀਂ ਕਿ ਸ਼ਬਾਨਾ ਆਜ਼ਮੀ ਜ਼ਾਵੇਦ ਨੂੰ ਛੱਡ ਗਈ ਜਾਂ ਜਾਵੇਦ ਸ਼ਬਾਨਾ ਨੂੰ ਛੱਡ ਗਿਆ ਪਰ ਗੱਲ ਇਕੋ ਹੀ ਹੈ ਕਿ ਅੱਜਕਲ੍ਹ ਇਕ-ਦੂਜੇ ਤੋਂ ਅਲਹਿਦਾ ਜ਼ਿੰਦਗੀ ਬਤੀਤ ਕਰ ਰਹੇ ਹਨ।



ਵਿਜੇਅਤਾ ਫਿਲਮ 'ਦੀਵਾਨਾ ਤੇਰੇ ਪਿਆਰ ਕਾ' ਵਿਚ

ਪਰ ਹੁਣ ਜ਼ਾਵੇਦ ਦੇ ਗੱਲ ਵਿਚ ਵਜਿੰਦਰ ਦੀ ਪਤਨੀ ਨਿੱਕੀ ਨੇ ਆਪਣੀਆਂ ਬਾਹਾਂ ਦਾ ਹਾਰ ਪਾ ਕੇ ਜ਼ਾਵੇਦ ਨੂੰ ਕਬਜ਼ੇ ਵਿਚ ਕਰ ਲਿਆ ਹੈ। ਇਹਨਾਂ ਦੋਨਾਂ ਦੀਆਂ ਮੁਲਾਕਾਤਾਂ ਆਮ ਕਰਕੇ ਹੋਟਲ ਹਾਲੀਡੇ ਇਨ ਵਿਚ ਹੁੰਦੀਆਂ ਹਨ ਤੇ ਬੰਬਈ ਦਾ ਹਰ ਜਣਾ-ਖਣਾ ਇਸ ਗੱਲ ਨੂੰ ਜਾਣਦਾ ਹੈ।

ਘਰ ਦਾ ਜੋਗੀ ਜੋਗੜਾ



ਰਾਮ ਸਿੰਘ ਢਿੱਲੋਂ (ਗੋਰਾਇਆ), ਸਰੀ, ਬੀ. ਸੀ.

ਜੋਗੀ ਬਣਨਾਂ ਇਕ ਸਾਧੂ-ਮਤ ਹੈ ਜਿਸਦੀਆਂ ਅਮੂਮਨ ਤਿੰਨ ਸਟੇਜਾਂ ਗਿਣਦੇ ਹਨ। ਪਹਿਲੀ, ਜੋਗੀ ਦਾ ਨਵਾਂ ਚੇਲਾ **ਜੋਗੜਾ**, ਦੂਜੀ **ਜੋਗੀ** ਤੇ ਤੀਜੀ, ਰਿਧੀ ਪ੍ਰਾਪਤ ਕਰ **ਸਿੱਧ** ਬਣ ਜਾਂਦਾ ਹੈ। ਘਰ ਵਾਲੇ ਜੋਗ-ਪ੍ਰਾਪਤ ਕੀਤੇ ਆਪਣੇ ਆਪਣੇ ਬੰਦੇ ਨੂੰ ਇਕ ਸਟੇਜ ਹੇਠਾਂ ਗੋਇਆ ਜੋਗੜਾ ਹੀ ਸਮਝਿਆ ਕਰਦੇ ਹਨ ਤੇ ਇਸਦੇ ਉਲਟ, ਬਾਹਰਲੇ ਕਿਸੇ ਜੋਗੀ ਨੂੰ ਇਕ ਸਟੇਜ ਉਪਰ, ਸਿੱਧ ਸਮਝਿਆ ਕਰਦੇ ਹਨ। ਅਖਾਣ ਇਸ ਪ੍ਰਕਾਰ ਹੈ, "ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।" ਬਿਲਕੁਲ ਉਸੇ ਤਰ੍ਹਾਂ ਜਿਵੇਂ, "ਬਾਹਰ ਬੀਵੀ ਪੰਜ ਹਜ਼ਾਰੀ ਤੇ ਘਰ ਵਿਚ ਬੀਵੀ ਅੱਲਾ ਮਾਰੀ।"

ਮੇਰੇ ਇਕ ਡਾਕਟਰ ਦੋਸਤ, ਪਟਿਆਲੇ ਤੋਂ ਰੀਟਾਇਰ ਹੋ, ਇਕ ਪੇਂਡੂ ਕੁਆਪ੍ਰੇਟਿਵ ਸਬਸਿਡਾਈਜ਼ਡ ਡਿਸਪੈਂਨਸਰੀ ਦੇ ਇਨਚਾਰਜ ਆ ਲਗੇ। ਓਹ ਆਪਣੀ ਤਨਖਾਹ ਹਰ ਮਹੀਨੇ, ਜਿਸ ਬੈਂਕ ਦਾ ਮੈਂ ਇਨਚਾਰਜ ਸਾਂ, ਓਥੋਂ ਲੈਣ ਆਉਂਦੇ ਕਰਕੇ, ਮੇਰੇ ਚੰਗੇ ਮਿੱਤਰ ਬਣ ਗਏ ਤੇ ਸੁਭਾਉ ਦੇ ਵੀ ਓਹ ਬੜੇ ਮਿਠੇ ਤੇ ਮਿਲਾਪੜੇ ਸਨ। ਓਹ ਕਿਸੇ ਵੇਲੇ ਦੀਵਾਨ ਦੈਯਾ ਕਿਸ਼ਨ ਕੌਲ, ਜਿਹੜਾ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਦਾ ਬੜਾ ਖਾੜਕੂ ਵਜ਼ੀਰ ਸੀ, ਦੇ ਪਰਸਨਲ ਡਾਕਟਰ ਰਹਿ ਚੁਕੇ ਸਨ। ਓਹ ਦੱਸਦੇ ਹਨ, "ਕੌਲ ਸਾਹਿਬ ਦੀ ਮਹੱਲ ਵਰਗੀ ਕੋਠੀ ਦੇ ਮਹਿਮਾਨ-ਖਾਨੇ ਵਿਚ ਮੈਂ ਕੌਲ ਸਾਹਿਬ ਨਾਲ ਉਨ੍ਹਾਂ ਦੀ ਸੇਹਤ ਬਾਰੇ ਪੁਛ-ਗਿਛ ਕਰ ਰਿਹਾ ਸਾਂ। ਉਨ੍ਹਾਂ ਦੀ ਬੀਵੀ, ਉਸ ਦੀਵਾਨਖਾਨੇ ਹਾਲ ਵਿਚ, ਇਕ ਬੂਹੇ ਦਾਖਲ ਹੋ, ਸਾੜ੍ਹੀ ਵਿਚ ਮਲਬੂਸ, ਬਿਜਲੀ ਵਾਂਗ, ਸਾਡੀ ਵਲ ਡਾਂਟ-ਨਜ਼ਰ ਝਾਕ ਟਪ ਟਪ ਕਰਦੀ ਸਾਹਮਣੇ ਦਰਵਾਜ਼ੇ, ਬੰਬਈ ਦੀ ਮਸ਼ਹੂਰ ਐਕਟਰੈਸ ਵਾਂਗ ਲੰਘ ਗਈ। ਕੌਲ ਸਾ: ਕਹਿੰਦੇ, "ਡਾਕਟਰ ਸਾ: ਤੁਹਾਨੂੰ ਤੇ ਪਤਾ, ਰਿਆਸਤ ਦੇ ਅਹਿਲਕਾਰ ਤੇ ਪਰਜਾ, ਮੈਥੋਂ ਕਿਵੇਂ ਥਰ ਥਰ ਕੰਬਦੀ-ਡਰਦੀ ਮੈਥੋਂ ਭੈ-ਭੀਤ ਹੈ? ਮੈਂ ਬਾਹਰ ਦੌਰ ਤੇ ਜਾਵਾਂ ਤੇ ਮਹਿਕਮਾ ਮਾਲ, ਪੁਲਸ ਤੇ ਫੌਜ ਤੇ ਸਾਰੇ ਰਿਆਸਤੀ ਕਰਮਚਾਰੀਆਂ ਤੇ ਮੇਰਾ ਆਦਰ-ਮਾਣ ਕਰਨਾ ਹੀ ਹੈ, ਦਰਖਤ ਵੀ, ਜਿਵੇਂ ਹਥ-ਜੋੜੀ ਚੁਪ ਚਾਪ ਖਲੋਤੇ ਮੇਰੇ ਹੁਕਮ ਦੀ ਉਡੀਕ ਕਰਦੇ ਮੈਨੂੰ ਜਾਪਿਆ ਕਰਦੇ ਹਨ। ਕਚਿਹਰੀ-ਦਰਬਾਰ ਜਾਵਾਂ ਭਾਵੇਂ ਕੁਝ ਕੁ ਕੇਸ ਐਥੇ ਕੋਠੀ ਸੱਦ ਸੁਣਵਾਈ ਕਰਾਂ, ਹਰ ਲੱਗਾ-ਬੱਧਾ ਮੇਰੀ ਅਰਦਲ ਵਿਚ, ਸਨਾਟਾ ਛਾਏ ਵਾਂਗ ਮੇਰੇ ਹੁਕਮ ਦੀ ਉਡੀਕ ਕਰਦਾ ਹੈ। ਮੈਂ ਆਪਣੀ ਕੋਠੀ ਦੇ ਬਾਗ ਵਿਚ ਟਹਿਲਣ ਨਿਕਲਦਾ ਹਾਂ ਤਾਂ ਜਦ ਮੈਂ ਮਖਮਲੀ ਘਾਹ ਉਪਰ ਤੁਰਦਾ ਹਾਂ ਤਾਂ ਮੈਂ ਮਹਿਸੂਸ ਕਰਦਾਂ, ਕਿ ਸੋਹਣਾ ਬੇਜ਼ਬਾਨ ਘਾਹ, ਮੈਨੂੰ ਮਿਲਕੇ, ਜਿਵੇਂ ਮਾਣ ਤੇ ਫਖਰ ਅਨਭਵ ਕਰਦਾ ਹੈ, ਕਿ ਕੌਲ ਸਾਹਿਬ ਦੀ ਚਰਨ ਛੋਹ ਸਾਨੂੰ ਪ੍ਰਾਪਤ ਹੋਈ, ਖੁਸ਼ ਜਾਪਦਾ ਹੈ। ਬਾਗ ਦੇ ਸੋਹਣੇ ਫੁਲ ਮੈਨੂੰ ਦੇਖ ਜਿਵੇਂ ਖਿੜ ਖਿੜ ਹੱਸਦੇ, ਹਵਾ ਦੇ ਝੌਂਕਿਆਂ ਨੂੰ ਵਾਜਾਂ ਮਾਰ ਆਪਣੀ ਮਦਦ ਲਈ ਬੁਲਾਂਦੇ ਹੋਣ ਤੇ ਓਹ ਆਪਣੇ ਮੁਖੜੇ ਦੀਆਂ ਵੜਾਛਾਂ ਤਕ ਮੂੰਹ ਅਡ, ਆਪਣੇ ਅੰਦਰ ਸਾਂਭ ਕੇ ਰਖਿਆ ਸਾਰਾ ਖੁਸ਼ਬੋ ਖਜ਼ਾਨਾ, ਉਸ ਹਵਾ ਦੁਵਾਰਾ ਮੇਰੇ ਵਲ ਘੱਲਦੇ, ਮੈਂ ਅਨਭੁਵ ਕਰਦਾ ਹਾਂ। ਮੈਂ ਆਪਣੇ ਉਸ ਪਿਆਰੇ ਪਾਅ ਤੇ ਖੂਬਸੂਰਤ ਮਾਣ-ਮੱਤੇ ਫੁੱਲਾਂ ਨੂੰ, ਜਿਹੜੇ ਮੇਰੇ ਅੰਦਰਲੇ ਹਾਵਾਂ-ਭਾਵਾਂ ਨਾਲ ਹਮਦਰਦੀ ਪ੍ਰਗਟ ਕਰਦੇ, ਆਪਣੀ ਮਨ-ਬਿਰਤੀ ਇਕਾਗਰ ਕਰ, ਮੇਰਾ ਦੁਖ-ਚਿਠਾ, ਬੜਾ ਲੰਮਾ ਲੰਮਾ, ਢਿੱਲਾ ਢਿੱਲਾ ਮੂੰਹ ਕਰ, ਜਿਵੇਂ ਸੱਚੀਂ ਮੁਚੀਂ ਓਹ ਮੇਰੇ ਦੁਖ ਵਿਚ ਭਾਈਵਾਲ ਹੋਣ, ਸੁਣਦੇ ਹਨ।" ਓਹ ਮੈਨੂੰ ਦੱਸਦੇ ਸੰਗਦੇ ਨਹੀਂ ਕਿ "ਕੌਲ ਸਾਹਿਬ! ਓਹ ਰਾਣੀ ਸਾਹਿਬਾ, ਤੇ ਜਦ ਕਦੀ ਸਾਡੇ ਕੋਲ ਵੀ ਆਉਂਦੀ ਹੈ, ਓਹਦੇ ਮੱਥੇ ਦੀ ਤਿਊੜੀ ਤੇ ਓਹਦੇ ਅੰਦਰਲੀ ਹਵਾੜ ਸਾਡਾ ਸਾਹ ਘੁਟਣ ਲਗ ਪੈਂਦੀ ਹੈ ਤੇ ਓਹ ਸਾਡਾ ਕਾਫੀਆ ਤੰਗ ਕਰ ਦਿੰਦੀ ਹੈ। ਏਥੇ ਹੀ ਬੱਸ ਨਹੀਂ, ਕੌਲ ਸਾ: ਓਹ ਸਾਨੂੰ ਕਈਆਂ ਨੂੰ ਤੇ ਤੋੜ ਮਰੋੜ ਸਾਡਾ ਕਤਲ ਕਰਦੀ ਹੀ ਹੈ ਓਹ ਤੇ ਅਨੇਕ ਸਾਡੇ ਅਣਜੰਮੇ-ਬੱਚੇ ਗੁਨਚਿਆਂ ਦੇ ਕਤਲ ਕਰਨੋਂ ਵੀ ਗੁਰੇਜ਼ ਨਹੀਂ ਕਰਦੀ ਤੇ ਸਾਨੂੰ ਜੀਉਂਦਿਆਂ ਨੂੰ ਮਾਰਨ ਲਈ ਓਹ ਸਾਡੇ ਅਣਜੰਮੇ ਬੱਚਿਆਂ ਦੀਆਂ ਮਲੂਕ ਜੇਹੀਆਂ ਜਿੰਦੜੀਆਂ ਨੂੰ ਆਪਣੇ ਪੈਰਾਂ ਹੇਠ ਲਤਾੜਦੀ ਵੀ ਸ਼ਰਮ ਨਹੀਂ ਕਰਦੀ। ਮਾਫ ਕਰਨ ਕੌਲ ਸਾ: ਅਸੀਂ ਤੇ ਆਪਣਾ ਇਹ ਘਲੂਘਾਰਾ ਮਰਡਰ-ਕੇਸ ਆਪਦੀ ਕਚਿਹਰੀ ਪੇਸ਼ ਕਰਨਾ ਸੀ, ਪਰ ਜਦ ਅਸੀਂ ਦੇਖ ਰਹੇ ਹਾਂ, ਕਿ ਓਹ ਬੇਦਿਲਾ ਖੂਨੀ ਚੰਗੇਜ਼ ਕਾਤਿਲ ਤੇ ਤੁਹਾਡੇ ਤੇ ਵੀ ਭਾਰੂ ਹੈ, ਤਾਂ ਅਸੀਂ ਆਪਣੀ ਸੋਚਣੀ ਹੀ ਬਦਲ ਲਈ ਹੈ ਤੇ ਬੇਹਰੇ ਤਸੱਲੀ, ਤਵਾਰੀਖੀ ਕਾਤਿਲ ਮੀਰ-ਮੰਨੂੰ ਦੀ ਦਾਤਰੀ ਵਾਂਗ ਅਸੀਂ ਤੇ ਜਨਮ ਹੀ ਉਸ ਰਾਣੀ ਸਾਹਿਬਾ ਦੇ ਕਤਲ ਹੋਣ ਲਈ ਲੈਂਦੇ ਹਾਂ, ਸੋ ਰੱਬ ਓਹਨੂੰ ਸੁਮੱਤ ਬਖਸ਼ੇ, ਦੀ ਅਰਦਾਸ ਤੋਂ ਬਗੈਰ, ਅਸੀਂ ਆਪਦੀ ਹੋਰ ਕੀ ਮਦਦ ਕਰ ਸਕਦੇ ਹਾਂ?" ਕੌਲ ਸਾਹਿਬ ਕਹਿੰਦੇ, "ਡਾਕਟਰ ਸਾ: ਤੁਹਾਨੂੰ ਪਤਾ ਰਿਆਸਤ ਵਿਚ ਮੇਰੀ ਕੀ ਪੁਜ਼ੀਸ਼ਨ ਹੈ। ਮੈਂ ਚਾਹਾਂ ਤੇ ਇਸ ਛੋਟੀ ਜਿਹੀ ਜ਼ਨਾਨੀ ਨੂੰ, ਟਿਕਾਣੇ ਲਗਾ, ਇਹਦੀ ਧੂੰ ਵੀ ਨਾ ਨਿਕਲਣ ਦੇਵਾਂ, ਪਰ ਨਹੀਂ ਮੇਰਾ ਕੰਮ ਰਿਆਸਤ ਵਿਚ ਹੋਏ ਅਨੇਕ ਜ਼ੁਲਮ ਤੇ ਤਸ਼ੱਦਦਾਂ ਤੋਂ ਸਰਕਾਰ ਦੀ ਰਾਖੀ ਕਰ ਇਹਦੀ ਪਿਠ-ਪੂਰਨਾ ਹੈ, ਆਪ ਕਾਤਲ ਬਣਨਾ ਨਹੀਂ, ਸੋ ਜਦ ਪਰਜਾ ਅਨੇਕ ਦੁਖ, ਜ਼ੁਲਮ ਤੇ ਅਨਿਆਂ ਆਪਣੀਆਂ ਛਾਤੀਆਂ ਵਿਚ ਲਕੋਈ-ਸਾਂਭੀ, ਜੀਵਨ ਬਤੀਤ ਕਰ ਰਹੀ ਹੈ ਤਾਂ ਮੈਂ ਉਸ ਦੁਖ ਦਾ ਹਿਸਾ ਕਿਉਂ ਨਾ ਵੰਡਾਵਾਂ? ਤੇ ਨਾਨਕ ਦੁਖੀਆਂ ਸਭ ਸੰਸਾਰ ਫੇਰ ਕਿਵੇਂ ਹੋਇਆ? ਮੈਂ ਆਪਣੇ ਦੁਖ ਦੀ ਭੜਾਸ ਕੱਢ ਇਹਨੂੰ ਜ਼ਰਾ ਹੌਲਾ ਕੀਤਾ ਹੈ, ਕਿਉਂ ਜੋ ਮੈਨੂੰ ਪਤਾ ਇਹਦਾ ਇਲਾਜ ਆਪਦੇ ਪਾਸ ਵੀ ਕੋਈ ਨਹੀਂ। ਐਹ ਜਿਹੜੀ ਦੋ ਕੁ ਗਿੱਠ ਉਚੀ ਮੇਰੀ ਵਹੁਟੀ ਹੈ ਤੇ ਜਿਹੜੀ ਪੜ੍ਹੀ ਹੋਈ ਵੀ ਕੁਝ ਨਹੀਂ, ਜਿਹੜੀ ਐਧਰੋਂ ਆਈ ਤੇ ਖੜੱਪੇ ਸੱਪ ਵਾਂਗ ਛੁਰਕ ਦੇਣੇ ਉਧਰ ਲੰਘ ਗਈ ਹੈ, ਇਹਨੂੰ ਦੇਖ ਕੇ ਤੇ ਮੇਰੇ ਅੰਦਰ ਕਾਂਬਾ ਛਿੜਨਾ ਹੀ ਹੈ, ਇਹਦਾ ਤੇ ਜਦ ਮੈਨੂੰ ਦੂਰ-ਦੁਰੇਡੇ ਦੌਰੇ ਤੇ ਵੀ ਚੇਤਾ ਆ ਜਾਂਦਾ ਹੈ, ਤਾਂ ਮੈਂ ਧੁਣਖੀ ਦੇ ਕਾਂਗ ਵਾਂਗ, ਕੋਰਾਂ ਤੇ ਆਲੇ-ਦੁਆਲੇ ਝਾਕ, ਇਹਦੀ ਵਿੜਕ ਲੈਣ ਲਈ ਕਾਹਲਾ ਪੈ ਜਾਂਦਾ ਹਾਂ

ਅਮਰੀਕਾ ਦਾ ਸੋਲ੍ਹਵਾਂ ਪ੍ਰਧਾਨ ਲਿੰਕਨ ਇਕ ਤਵਾਰੀਖੀ ਉਘੀ ਹਸਤੀ ਗਿਣਿਆ ਜਾਂਦਾ ਹੈ। ਜੇ ਕਦੀ ਆਪ ਨੂੰ ਕੈਲੇਫੋਰਨੀਆਂ ਡਿਜ਼ਨੀਲੈਂਡ ਜਾਣ ਦਾ ਮੌਕਾ ਮਿਲੇ ਤਾਂ ਆਪਣੇ ਟੂਰ ਦੇ ਖਾਤਮੇਂ ਸਮੇਂ ਤੁਸੀਂ ਓਥੇ ਇਕ ਬੜੇ ਹਾਲ ਵਿਚ, ਸਾਇੰਸੀ ਔਡੀਉਐਨੀਮੈਟ੍ਰੋਨਿਕਸ ਦਾ ਅਦਭੁਤ ਕ੍ਰਿਸ਼ਮਾਂ ਦੇਖ ਹੈਰਾਨ ਰਹਿ ਜਾਂਦੇ ਹੋ। ਮਹਾਨ ਪ੍ਰਧਾਨ ਲਿੰਕਨ ਦਾ ਬੁੱਤ, ਸਾਖਸ਼ਾਤ ਓਹਦਾ ਹੀ ਕੱਦ ਕਾਠ ਤੇ ਚੇਹਨ-ਚੱਕਰ ਆਪਣੀ ਕੁਰਸੀ ਤੋਂ ਉਠ ਆਮ ਜਨਤਾ ਨੂੰ ਸੰਬੋਧਨ ਕਰਨ ਲਈ, ਕਦਮ ਪੁੱਟ ਅਗਾਂਹ ਹੋ ਖਲੋ, ਤੇ ਹੱਥਾਂ, ਅੱਖਾਂ ਤੇ ਧੌਣ ਆਦਿ ਦੇ ਇਸ਼ਾਰਿਆਂ ਨਾਲ, ਆਪਣਾ ਤਵਾਰੀਖੀ ਭਾਸ਼ਨ ਦਿੰਦਾ ਹੈ ਤੇ ਭਾਸ਼ਨ ਖਤਮ ਹੋਣ ਤੇ, ਬਾਕਾਇਦਾ ਪਿਛਾਂਹ ਹਟ, ਮੁੜ ਆਪਣੇ ਸਿੰਘਾਸਣ ਤੇ ਸ਼ਸ਼ੋਭਤ ਹੋ ਜਾਂਦਾ ਹੈ। ਪ੍ਰਧਾਨ ਲਿੰਕਨ ਬੜੇ ਪ੍ਰਭਾਵ-ਸ਼ਾਲੀ ਅਲੰਕਾਰਕ ਸ਼ਬਦਾਂ ਵਿਚ ਆਖਦਾ ਹੈ ਕਿ, "ਸਾਡੀ ਸਵੈਤੰਤਰਾ ਤੇ ਆਜ਼ਾਦੀ ਦੇ ਬੰਨ੍ਹ ਦੀ ਰੂਪ-ਰੇਖਾ ਕਿਹੜੀ ਚੀਜ਼ ਤੇ ਅਧਾਰਤ ਹੈ? ਇਹ ਸਾਡੀਆਂ ਕਰੋਧਮਈ ਮਜ਼ਬੂਤ ਕਿਲ੍ਹਾ-ਕੰਧਾਂ ਤੇ ਨਹੀਂ, ਤੇ ਨਾ ਹੀ ਸਾਡੇ ਰਾਖੇ ਕੰਡਿਆਲੇ ਸਮੁੰਦਰੀ ਕੰਢਿਆਂ ਤੇ ਨਿਰਭਰ ਹੈ। ਇਹ ਜ਼ੁਲਮ ਦੇ ਖਿਲਾਫ ਸਾਡਾ ਵਿਸ਼ਵਾਸ਼ ਨਹੀਂ, ਸਾਡਾ ਇਹਤਕਾਦੀ (ਮਜ਼੍ਹਬੀ ਭਰੋਸਾ) ਸਵਤੰਤਰਤਾ ਦਾ ਪਿਆਰ ਹੈ ਜਿਸਦਾ ਬੀਜ ਪ੍ਰਮਾਤਮਾ ਨੇ ਸਾਡੇ ਦਿਲਾਂ ਅੰਦਰ ਬੀਜਿਆ ਹੋਇਆ ਹੈ। ਸਾਡੀ ਸੁਰੱਖਿਆ ਸਾਡੀ ਉਸ ਰੂਹ ਦੀ ਸੰਭਾਲ ਹੈ ਜਿਹਦਾ ਇਵਜ਼ਾਨਾ (ਮੁੱਲ) ਆਜ਼ਾਦੀ ਹੈ, ਜਿਹੜੀ ਧਰਤੀ ਦੇ ਹਰ ਹਿੱਸੇ ਤੇ ਹਰ ਥਾਂ ਵਸਦੀ ਮਨੁਖਤਾ ਦਾ ਜਮਾਂਦਰੂ ਹੱਕ (ਵਿਰਸਾ) ਹੈ। ਇਸ ਰੂਹ ਦਾ ਨਾਸ਼ ਹੋ ਜਾਣਾ, ਮਾਨੋ ਧੱਕੇਸ਼ਾਹੀ ਦਾ ਬੀਜ ਤੁਸੀਂ ਆਪਣੇ ਘਰ ਦੇ ਆਲੇ ਦੁਆਲੇ ਬੀਜ ਦਿਤਾ ਹੈ।" ਫੇਰ ਮਹਾਨ ਲਿੰਕਨ, ਵਕਾਲਤੀ-ਦਲੀਲ ਭਰੋਸੇ ਨਾਲ ਕਹਿੰਦਾ ਹੈ, "ਸਾਨੂੰ ਆਪਣਾ ਈਮਾਨ ਬਣਾ ਲੈਣਾ ਚਾਹੀਦਾ ਹੈ ਕਿ ਜਾਇਜ਼-ਹੱਕ, ਦ੍ਰਿੜਤਾ ਬੰਨ੍ਹਦਾ ਹੈ ਅਤੇ ਉਸੇ ਇਹਤਕਾਦ ਦੇ ਭਰੋਸੇ ਤੇ ਸਾਨੂੰ ਅੰਤ ਸਮੇਂ ਤਕ ਆਪਣੇ ਕਰਤੱਵ ਦਾ ਪਾਲਣ ਕਰਨ ਲਈ ਹੌਂਸਲਾ ਬੱਧ ਹੋਣਾ ਚਾਹੀਦਾ ਹੈ।" ਐਡਾ ਮਹਾਨ ਲਿੰਕਨ ਵੀ ਆਪਣੀ ਔਰਤ ਦੀ ਨਜ਼ਰ ਗਿਣਤੀ ਵਿਚ ਇਕ ਸਾਧਾਰਨ ਖਸਮ ਤੋਂ ਵੀ ਹੇਠਾਂ ਸੀ ਕਿਉਂ ਜੋ ਓਹ ਸ੍ਰੀ ਮਤੀ ਓਹਨੂੰ ਅੱਧਾ-ਕਮਲਾ ਹੀ ਸਮਝਿਆ ਕਰਦੀ ਸੀ।

ਪਹਿਲੀਆਂ ਵਿਚ ਕੈਨੇਡਾ ਵਿਖੇ ਇਕ ਬੜੇ ਪੜ੍ਹੇ ਲਿਖੇ ਮਹਾਨ ਸੰਤ ਜੀ ਆਏ ਤੇ ਉਨ੍ਹਾਂ ਦੇ ਸ੍ਰੀਮਤੀ ਤੇ ਬੱਚਾ ਉਨ੍ਹਾਂ ਦੇ ਨਾਲ ਹੀ ਸਨ। ਸਾਡੇ ਬਜ਼ੁਰਗ ਵੀਰਾਂ ਦੇ ਦਿਲਾਂ ਵਿਚ ਸੰਤਾਂ ਦਾ ਬੜਾ ਆਦਰ-ਮਾਣ ਸੀ ਤੇ ਓਹ ਓਹਨੂੰ ਆਪਣਾ ਇਕ ਮਹਿਬੂਬ ਆਗੂ ਨੇਤਾ ਸਮਝਦੇ ਸਨ। ਉਨ੍ਹਾਂ ਦੀ ਸ੍ਰੀਮਤੀ ਜੀ, ਜਿਹੜੀ ਅੰਤ ਸਮੇਂ ਕੋਠਿਓਂ ਡਿਗ, ਚੂਲਾ ਉਤਰਨ ਕਰਕੇ, ਬੜੀ ਤੰਗੀ ਦੀ ਦਸ਼ਾ, ਬਿਰਧ-ਅਵਸਥਾ ਰੱਬ ਨੂੰ ਪਿਆਰੀ ਹੋਈ, ਦੀ ਨਜ਼ਰੇ ਵੀ, ਸੰਤ ਜੀ ਇਕ ਥੋਥੇ ਜਹੇ ਪਤੀ ਹੀ ਸਨ ਤੇ ਆਮ ਕਬੀਲਦਾਰੀ ਜ਼ਿੰਦਗੀ ਵਿਚ, ਓਹ ਸੰਤਾਂ ਨੂੰ ਆਪਣੀ ਉਂਗਲੀ ਦੇ ਇਸ਼ਾਰੇ ਤੁਰਨ ਲਈ ਹੀ ਮਜ਼ਬੂਰਦੀ ਰਹੀ।

ਇਕ ਸਵਾਮੀ ਜੀ ਆਰਾਮ ਨਾਲ ਗਰਮ ਗਰਮ ਫੁਲਕਾ ਲਹਿੰਦਾ, ਪ੍ਰਸ਼ਾਦ ਛਕਣ ਲਈ ਬੈਠੇ ਤੇ ਪਹਿਲੀ ਗਰਾਹੀ ਪਾ ਕਹਿੰਦੇ, "ਦਾਲ ਬੜੀ ਪਤਲੀ ਆ," ਤਾਂ ਕਾਬਜ਼ ਸ੍ਰੀਮਤੀ ਨੇ, "ਹੈਂ ਕੀ ਆਖਿਆ, ਦਾਲ ਪਤਲੀ ਆ?" ਫੂਕਾਂ ਮਾਰਨ ਵਾਲਾ ਲੋਹੇ ਦਾ ਭੂਕਨਾ, ਚੁਲ੍ਹੇ ਮੂਹਰੋਂ ਚੁਕ, ਸਰਦਾਰ ਜੀ ਵਲ ਉਠਾਇਆ ਤਾਂ ਰੋਟੀ ਵਿਚੇ ਛੱਡ, ਸਰਦਾਰ ਜੀ ਝਟ ਛਾਲ ਮਾਰ ਕੋਠੇ ਤੇ ਜਾ ਚੜ੍ਹੇ। ਹੇਠਾਂ ਸਰਦਾਰੀ ਬਦਸੂਤਰ ਭੂਕਨਾ ਫੜੀ ਲੈਸ ਖਲੋਤੀ ਤੇ ਉਪਰ ਸਵਾਮੀ ਜੀ, ਲੰਬੂੜੀ-ਖਰਗੋਸ਼ ਵਾਂਗ ਅੱਖਾਂ 'ਚ ਅੱਖਾਂ ਗੱਡੀ, ਅਗਲੇ ਪੈਂਤੜੇ ਦੀ ਬੜੀ ਹੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ, ਕਿ ਸ਼ੈਤਲਬਾਜ਼ ਸਰਦਾਰ ਜੀ ਬੋਲੇ, "ਭੋਲੂ ਦੇ ਬੀ ਜੀ! ਤੁਸੀਂ ਤੇ ਐਵੇਂ ਗਰਮ ਹੋ ਗਏ, ਸਾਰੀ ਗੱਲ ਤੇ ਮੇਰੀ ਤੁਸੀਂ ਸੁਣੀ ਹੀ ਨਹੀਂ, "ਦਾਲ ਪਤਲੀ ਜ਼ਰੂਰ ਹੈ ਪਰ ਗਊ ਦੀ ਸੌਂਹ, ਸਵਾਦ ਏਨੀ ਹੈ ਕਿ ਮੂੰਹੋਂ ਨਹੀਂ ਲਹਿੰਦੀ" ਸ਼ਾਂਤੀ ਵਰਤਣ ਤੇ ਦੋਵੇਂ "ਐਜ਼ ਯੂ ਵਰ" ਹੋ ਗਏ।

ਇਕ ਸਰਦਾਰ ਜੀ ਆਪਣੇ ਕਾਰੋਬਾਰੀ ਪੁਜ਼ੀਸ਼ਨ ਇਲਾਕੇ ਵਿਚਲੀ ਆਪਣੀ ਜਾਣ-ਪਛਾਣ ਲੋਕਾਂ ਦੇ ਕੰਮ ਆਉਣ ਦੀ ਆਪਣੀ ਸਦਭਾਵਨਾ ਆਪਣੀ ਸੋਹਣੀ ਕਸਰਤੀ ਸੇਹਤ ਲਤੀਫੇ ਆਦਿ ਸੁਨਣ ਸੁਣਾਉਣ ਦੇ ਆਪਣੇ ਹੱਸਮੁਖ ਦਿਖ ਕਾਰਨ ਬੜੇ ਹਰਮਨ ਪਿਆਰੇ ਸਨ। ਮਿਤਰ ਘੇਰੇ ਵਿਚ ਵੀ ਤੇ ਘਰ ਵੀ, ਹਰ ਵੇਲੇ ਖੁਸ਼ੀ ਦਾ ਖੇੜਾ ਬਣਿਆ ਤੇ ਹਾਸੇ ਮਖੌਲ ਦਾ ਪਿੜ ਬੱਝਾ ਹੀ ਰਹਿੰਦਾ ਸੀ। ਉਹਨੂੰ ਕਿਸੇ ਤੇ ਰੋਹਬ ਪਾ ਕੰਮ ਲੈਣ ਜਾਂ ਅਧੀਨ ਕਰਨ ਦੀ ਲੋੜ ਨਹੀਂ ਸੀ ਪੈਂਦੀ, ਓਹਦੀ ਘਰ ਬਾਹਰ ਹਰ ਕਿਸੇ ਦੇ ਕੰਮ ਆ ਸਕਣ ਦੀ ਤੀਬਰ ਇੱਛਾ ਆਪਣੇ ਆਪ ਹੀ ਓਹਦਾ ਗੁਰੂ ਚੇਲੇ ਵਾਲਾ ਪਿਆਰ ਭਰੋਸਾ ਬਣਾਈ ਰਖਦੀ ਸੀ ਤੇ ਰੋਹਬ ਸ਼ਬਦ ਤੇ ਸ਼ਾਇਦ ਓਹਦੇ ਚਿਤ-ਚੇਤੇ ਵੀ ਨਹੀਂ ਸੀ। ਓਹਨੇ ਆਪਣਾ ਸਾਰਾ ਆਰ-ਪਰਵਾਰ ਐਸ ਬਹਿਸ਼ਤੀ ਦੇਸ਼ ਲੈ ਆਂਦਾ ਜਿਥੇ ਸਾਰੇ ਅਨੰਦ ਮਾਣ ਰਹੇ ਹਨ। ਬਾਵਜੂਦ ਏਸ ਗੱਲ ਦੇ ਕਿ ਓਹ ਵਿਚਾਰਾ ਕਿਸੇ ਸਿਰ ਭਾਰ ਨਹੀਂ (ਓਹ ਆਪਣੀ ਮੇਹਨਤ ਮਜ਼ਦੂਰੀ ਆਪ ਕਰ ਲੈਂਦਾ ਹੈ) ਓਹਦੇ ਬੱਚੇ, ਓਹਦੀ ਔਰਤ (ਸ਼ਾਇਦ ਬਦਲੀ ਸਭਿਅਤਾ ਕਾਰਨ) ਬਦੋ ਬਦੀ ਓਹਦੇ ਖੁਸ਼ੀ-ਖੇੜੇ ਦਾ ਗਲ ਘੁਟਣ ਤੇ ਤੁਲੇ ਹੋਏ ਹਨ, ਪੈਰ ਪੈਰ ਤੇ ਓਹਨੂੰ ਮਜ਼ਬੂਰ ਕਰ ਰਹੇ ਹਨ, ਓਹ ਆਪਣੀ 50-55 ਸਾਲਾਂ ਦੀ ਖੁਸ਼-ਖੇੜੇ ਤੇ ਅਧਾਰਤ, ਆਪਣੀ ਆਦਤ ਬਦਲ ਉਨ੍ਹਾਂ ਦੀ ਮੋਨ-ਬਰਤ ਘੁਗੂ ਬਿਰਤੀ ਮਗਰ ਲੱਗੇ (ਕਿਉਂ ਜੋ ਬਥੇਰਾ ਚਿਰ ਓਹ ਓਹਦੇ ਮਗਰ ਲਗੇ ਰਹੇ)। ਮਿਤਰ ਦੋਸਤ ਸਮਝਦੇ ਸਨ ਕਿ ਸਰਦਾਰ ਸਚਮੁਚ ਸਵਰਗੀ ਜ਼ਿੰਦਗੀ ਦਾ ਸਵਾਦ ਮਾਣ ਰਿਹਾ ਹੈ, ਪਰ ਓਹ ਵਿਚਾਰਾ ਅੰਦਰ ਹੀ ਅੰਦਰ ਕੁਬਿਧੀ ਤੇ ਕੁਥਾਂ ਫਾਥਾ ਮਹਿਸੂਸ ਕਰਦਾ ਵੀ ਏਸ ਨਵੇਂ ਭੰਵਰ ਚੋਂ ਨਿਕਲ ਨਜਾਤ ਹਾਸਲ ਕਰਨ ਦੀਆਂ ਸੋਚੀਂ ਛੁੱਡਾ, ਮੈਨੂੰ ਕਹਿੰਦਾ, "ਕਿਨੇ ਮੇਰੀ ਸਹਾਇਤਾ ਕਰਨੀ ਆਂ? ਗਿੱਦੜ ਦੇ ਪਰਵਾਨੇ ਲੱਭੇ ਵਾਂਗ, ਅਨਪੜ੍ਹਾਂ ਦੇ ਵੱਸ ਪਿਆ ਹੋਇਆ - ਦੇਖੋ! ਸ਼ਾਇਦ ਕੋਈ ਵਿਧ ਨਿਕਲ ਹੀ ਆਵੇ।"

(ਬਾਕੀ ਪੰਨਾ 21 ਤੇ)

......ਮੀਆਂ

ਕਿਧਰ ਗਿਆ ਪੰਜਾਬ ਦਾ ਉਹ ਨਕਸ਼ਾ,
ਕਿਧਰ ਗਈ ਜਮਰੌਦ ਦੀ ਸ਼ਰਕ ਮੀਆਂ।
ਗੰਨੇ ਵਾਂਗ ਤਰੋੜਿਆ ਲੱਕ ਸਾਡਾ,
ਬੇੜਾ ਹੋਇਆ ਅੰਗਰੇਜ਼ ਦਾ ਗ਼ਰਕ ਮੀਆਂ।
ਫੇਰ ਕਾਲੇ ਅੰਗਰੇਜ਼ ਦੀ ਆਈ ਵਾਰੀ।
ਨਹੀਂ ਛੱਡਿਆ ਇਹਨਾਂ ਵੀ ਫ਼ਰਕ ਮੀਆਂ।
ਪਹਿਲਾਂ ਦੂਜਿਆਂ ਤੇ ਰੁਹਬ ਛਾਂਟਦੇ ਨੇ,
ਅੱਖਾਂ ਕਢੋ ਤੇ ਜਾਂਦੇਂ ਨੇ ਯਰਕ ਮੀਆਂ।
ਹਿੰਦੂ ਸਿਖਾਂ ਦਾ ਸੁਰਗ ਪੰਜਾਬ ਹੈ ਸੀ,
ਰਖ ਦਿਤਾ ਬਣਾ ਕੇ ਨਰਕ ਮੀਆਂ।
ਜਦੋਂ ਗਲ ਕਿਨਾਰੇ ਤੇ ਆਣ ਲਗਦੀ,
ਓਦੋਂ ਵੱਖੀ 'ਚ ਮਾਰਦੇ ਅਰਕ ਮੀਆਂ।
ਕੁਤਾ ਹਡੀ ਨੂੰ ਜਿਸ ਤਰ੍ਹਾਂ ਛਡਦਾ ਨਹੀਂ,
ਓਵੇਂ ਹੁੰਦਾ ਸਿਆਸਤ ਦਾ ਠਰਕ ਮੀਆਂ।
'ਤਾਬੇਦਾਰ' ਕੀ ਖੱਟਿਆ ਸ਼ਾਇਰ ਬਣ ਕੇ,
ਚੰਗਾ ਰਹਿਣਾ ਸੀ ਕਿਤੇ ਕਲਰਕ ਮੀਆਂ।

— ਤਾਬੇਦਾਰ


ਸਰਦੀਆਂ ਵਿਚ ਅਕਸਰ ਪੈਰਾਂ ਦੀਆਂ ਉਂਗਲੀਆਂ ਸੁਜ ਜਾਂਦੀਆਂ ਹਨ। ਸਰ੍ਹੋਂ ਦੇ ਤੇਲ ਵਿਚ ਥੋੜ੍ਹਾ ਜਿਹਾ ਨਮਕ ਪਾ ਕੇ ਗਰਮ ਕਰੋ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਉਂਗਲੀਆਂ ਉਤੇ ਤੇਲ ਦੀ ਮਾਲਸ਼ ਕਰੋ ਅਤੇ ਫਿਰ ਜੁਰਾਬਾਂ ਪਾ ਲਵੋ। ਸੋਜ਼ਸ਼ ਦੂਰ ਹੋ ਜਾਵੇਗੀ।


ਲੋਇਲ ਫਰਨੀਚਰ ਤੇ


ਜਨਵਰੀ ਦੀ ਕਲੀਅਰੈਂਸ ਸੇਲ ਦਾ

-ਆਖਰੀ ਹਫਤਾ-

1983 ਦੇ ਸਾਰੇ ਸਟਾਕ ਤੇ ਕੀਮਤਾਂ 'ਚ 15% ਤੋਂ 50% ਤੱਕ ਕਟੌਤੀ









ਆਪਣੇ ਘਰਾਂ ਨੂੰ ਨਵੇਂ ਫਰਨੀਚਰ ਨਾਲ ਸਜਾਉਣ ਦਾ ਸੁਨਹਿਰੀ ਮੌਕਾ

ਲੋਇਲ ਫਰਨੀਚਰ ਤੇ **ਜਨਵਰੀ ਕਲੀਅਰੈਂਸ ਸੇਲ** ਆਖਰੀ ਹਫਤੇ 'ਚ ਹੈ। ਇਹ ਧਮਾਕੇਦਾਰ ਸੇਲ 31 ਜਨਵਰੀ ਤੱਕ ਚਲੇਗੀ। ਸੋ, ਮੌਕੇ ਦਾ ਫਾਇਦਾ ਉਠਾਉਣ ਲਈ ਲੋਇਲ ਫਰਨੀਚਰ ਤੇ ਜ਼ਰੂਰ ਆਓ।

ਲੋਇਲ ਫਰਨੀਚਰ :— ਵੈਨਕੂਵਰ 'ਚ ਭਾਰਤੀ ਕਮਿਊਨਿਟੀ ਦਾ ਸਭ ਤੋਂ ਪੁਰਾਣਾ ਤੇ ਇਕੋ ਇਕ ਫਰਨੀਚਰ ਸਟੋਰ, ਜੋ ਵਧੀਆ ਕੁਆਲਿਟੀ ਦਾ ਫਰਨੀਚਰ ਘੱਟ ਕੀਮਤਾਂ ਤੇ ਵੇਚਣ ਲਈ ਸਾਰੀ ਬੀ. ਸੀ. 'ਚ ਮਸ਼ਹੂਰ ਹੈ

LF

LOYAL FURNITURE LTD

Ph.: 879-8319 2707 Main St., Vancouver, B.C. **Ph.: 879-4813**